ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

7-13 ਅਕਤੂਬਰ 2026

ਸਾਲ 17ਵਾਂ - ਅੰਕ 41

email : info@sadelok.com

510-706-1300

## ਅਮਰਜੀਤ ਚਾਵਲਾ ਮਾਮਲੇ ਵਿੱਚ ਵੱਡੀ ਕਾਰਵਾਈ, ਮਾਨ ਸਰਕਾਰ ਵੱਲੋਂ ਉੱਚ ਪੱਧਰੀ SIT ਦਾ ਗਠਨ

### ਸਿੱਖ ਜਥੇਬੰਦੀਆਂ ਨਾਲ ਮੁਲਾਕਾਤ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਲਿਆ ਫੈਸਲਾ, ਫਰੀਦਕੋਟ ਦੇ SSP ਗੁਰਬੰਸ ਸਿੰਘ ਬੈਂਸ ਹੋਣਗੇ ਜਾਂਚ ਟੀਮ ਦੇ ਮੁਖੀ



ਅਮਰਜੀਤ ਸਿੰਘ ਚਾਵਲਾ



ਐਸਐਸਪੀ ਫਰੀਦਕੋਟ ਗੁਰਬੰਸ ਬੈਂਸ ਹੋਣਗੇ ਐਸਆਈਟੀ ਦੇ ਪ੍ਰਮੁੱਖ



ਐਸਐਸਪੀ ਵਿਜੀਲੈਂਸ ਸਿਮਰਨਜੀਤ ਲਾਂਗ ਹੋਣਗੇ ਮੈਂਬਰ



ਡੀਐਸਪੀ ਕਰਨ ਸੰਧੂ ਹੋਣਗੇ ਮੈਂਬਰ

(ਦੇਖੋ ਸਫ਼ਾ 44 'ਤੇ)

## ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਸਾਂਝ ਦਾ ਨਵਾਂ ਦੌਰ: ਕੀ ਢਹਿ-ਢੇਰੀ ਹੋਵੇਗੀ ਸਰਹੱਦ ਦੀ ਕੰਧ ?

### ਸ. ਰਮੇਸ਼ ਸਿੰਘ ਅਰੋੜਾ ਦੀ ਤਕਰੀਰ ਨੇ ਸਰਹੱਦਾਂ ਦੇ ਆਰ-ਪਾਰ ਪੰਜਾਬੀ ਸਾਂਝ ਅਤੇ ਸਦਭਾਵਨਾ ਦੀ ਜਗਾਈ ਨਵੀਂ ਜੋਤ

**'ਰਾਇਲ ਸਕੂਨ' ਫਰੀਮੌਂਟ ਵਿਖੇ 1947 ਦੀਆਂ ਖ਼ੂਨੀ ਲਕੀਰਾਂ ਮਿਟਣ ਵੱਲ: ਦੋਹਾਂ ਪੰਜਾਬਾਂ ਦੇ ਇਤਿਹਾਸਕ ਮਿਲਾਪ ਦਾ ਹੋਇਆ ਮੁੱਢਲਾ ਆਗਾਜ਼ !**



ਫ਼ਰੀਮਾਂਟ (ਕੈਲੀਫ਼ੋਰਨੀਆ), (ਸਾਡੇ ਲੋਕ) : 'ਰਾਇਲ ਸਕੂਨ' (Royal Sakoon) ਵਿਖੇ ਉੱਘੀਆਂ ਪੰਥਕ, ਸਿਆਸੀ ਅਤੇ ਸਮਾਜਿਕ ਸ਼ਖ਼ਸੀਅਤਾਂ ਦੇ ਭਰਵੇਂ ਇਕੱਠ ਦੌਰਾਨ ਪਾਕਿਸਤਾਨ ਪੰਜਾਬ ਦੇ ਪਹਿਲੇ ਸਿੱਖ ਕੈਬਨਿਟ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਦਾ ਇਤਿਹਾਸਕ ਸੰਬੋਧਨ ਪੂਰਬੀ ਅਤੇ ਪੱਛਮੀ ਜਰਮਨੀ ਵਿਚਾਲੇ ਖੜ੍ਹੀ 'ਬਰਲਿਨ ਦੀ ਕੰਧ' ਢਹਿ-ਢੇਰੀ ਹੋਣ ਵਰਗਾ ਅਹਿਸਾਸ ਕਰਵਾ ਗਿਆ। ਉਨ੍ਹਾਂ ਦੇ ਵਿਚਾਰਾਂ ਤੋਂ ਸਾਫ਼ ਝਲਕ ਰਿਹਾ ਸੀ ਕਿ 1947 ਦੀ ਖ਼ੂਨੀ ਵੰਡ ਦੀਆਂ ਦਿਲ-ਚੀਰਵੀਆਂ ਲਕੀਰਾਂ ਮਿਟਾ ਕੇ, ਹੁਣ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚਾਲੇ ਸੱਭਿਆਚਾਰਕ ਤੇ ਪੰਥਕ ਸਾਂਝ ਦੇ ਨਵੇਂ ਸੁਨਹਿਰੀ ਦੌਰ ਦਾ ਵੇਲਾ ਆ ਗਿਆ ਹੈ।

ਫਰੀਮੌਂਟ ਸ਼ਹਿਰ ਦੇ ਰੌਇਲ ਸਕੂਨ ਬੈਂਕੁਇਟ ਹਾਲ (Royale Sakoon Banquet Hall) ਵਿਖੇ ਪਾਕਿਸਤਾਨੀ ਪੰਜਾਬ ਦੇ ਘੱਟ-ਗਿਣਤੀ ਮਾਮਲਿਆਂ ਦੇ ਕੈਬਨਿਟ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC) ਦੇ ਪ੍ਰਧਾਨ ਸਰਦਾਰ ਰਮੇਸ਼ ਸਿੰਘ ਅਰੋੜਾ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ 'ਮੀਟ ਐਂਡ ਗਰੀਟ' (Meet &

(ਦੇਖੋ ਸਫ਼ਾ 32-33 'ਤੇ)



ਕੌਮ ਦੇ ਹੀਰੇ
ਭਾਈ ਸੁਖਦੇਵ ਸਿਘ ਸੁੱਖਾ
ਭਾਈ ਹਰਜਿੰਦਰ ਸਿਘ ਜਿੰਦਾ
ਦੀ ਮਹਾਨ ਸ਼ਹਾਦਤ ਨੂੰ
ਕੋਟਾਨਿ-ਕੋਟਿ ਪ੍ਰਣਾਮ

(ਦੇਖੋ ਸਫ਼ਾ 38-39 'ਤੇ)

## ਦੁਬਈ ਦੇ ਕ੍ਰਾਊਨ ਪ੍ਰਿੰਸ ਹਮਦਾਨ ਬਿਨ ਮੁਹੰਮਦ ਅਲ ਮਕਤੂਮ ਨੇ ਭਾਰਤੀ ਪਾਇਲਟ ਸਮਿਤ ਮਛਾਰ ਨਾਲ ਕੀਤੀ ਮੁਲਾਕਾਤ

### ਕਿਹਾ ਕੈਪਟਨ ਸਮਿਤ 'ਅਸਲ ਹੀਰੋ' ਪੂਰੀਆਂ ਦੁਨੀਆ ਨੂੰ ਉਨ੍ਹਾਂ 'ਤੇ ਮਾਣ



**ਪ੍ਰਧਾਨ ਮੰਤਰੀ ਮੋਦੀ ਨੇ ਵੀਡੀਓ ਕਾਲ ਰਾਹੀਂ ਕੈਪਟਨ ਸਮਿਤ ਨਾਲ ਕੀਤੀ ਗੱਲਬਾਤ, ਕਿਹਾ ਪੂਰਾ ਦੇਸ਼ ਤੁਹਾਡੇ ਲਈ ਕਰ ਰਿਹੈ ਦੁਆਵਾਂ**

**ਨੇਤਨਯਾਹੂ ਨੇ ਭਾਰਤੀ ਪਾਇਲਟ ਨਾਲ ਕੀਤੀ ਗੱਲਬਾਤ, ਬਹਾਦਰੀ ਦੀ ਕੀਤੀ ਸ਼ਲਾਘਾ**

ਅਬੂ ਧਾਬੀ (ਯੂ.ਏ.ਈ.), ਦੁਬਈ ਦੇ ਕ੍ਰਾਊਨ ਪ੍ਰਿੰਸ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਉਪ ਪ੍ਰਧਾਨ ਮੰਤਰੀ ਸ਼ੇਖ਼ ਹਮਦਾਨ ਬਿਨ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਨੇ ਅਬੂ ਧਾਬੀ ਵਿਖੇ ਭਾਰਤੀ ਪਾਇਲਟ ਕੈਪਟਨ ਸਮਿਤ ਮਛਾਰ (Captain Smit Machchhar) ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਕੈਪਟਨ ਸਮਿਤ ਨੇ ਹਵਾ ਵਿੱਚ ਉਡਾਣ

(ਬਾਕੀ ਸਫ਼ਾ 18 'ਤੇ)

## ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਭਾਈ ਲਾਲੋ ਦੇ ਵਾਰਿਸਾਂ ਵਲੋਂ ਸਿੱਖਿਆ ਹੱਕਾਂ ਦਾ ਮਹਾਂ-ਸੰਗਰਾਮ

### ਤਾਮਿਲਨਾਡੂ 'ਚ 2300 ਕਿਲੋਮੀਟਰ ਲੰਮੀ ਇਤਿਹਾਸਕ 'ਸਿੱਖਿਆ ਬਚਾਓ ਸਾਈਕਲ ਰੈਲੀ' ਆਰੰਭ; ਸੰਗਤਾਂ ਨੂੰ ਦਸਵੰਧ ਅਤੇ ਸੇਵਾ ਦੀ ਜ਼ੋਰਦਾਰ ਅਪੀਲ



ਕੰਨਿਆਕੁਮਾਰੀ/ਚੇਨਈ, (ਸਾਡੇ ਲੋਕ) : ਤਾਮਿਲਨਾਡੂ ਦੀ ਧਰਤੀ 'ਤੇ ਸਮਾਜਿਕ ਬਰਾਬਰੀ, ਵਿਗਿਆਨਕ ਸੋਚ ਅਤੇ ਵਿਦਿਆਰਥੀਆਂ ਦੇ ਭਵਿੱਖ ਦੀ ਰਾਖੀ ਲਈ ਇੱਕ ਇਤਿਹਾਸਕ ਲੋਕ-ਲਹਿਰ ਦਾ ਆਗਾਜ਼ ਹੋਇਆ ਹੈ। ਤਾਮਿਲ ਸਿੱਖ ਸੰਗਤ ਵੱਲੋਂ 'ਤਾਮਿਲ ਸਿੱਖ ਕਲਚਰਲ ਬ੍ਰਦਰਹੁੱਡ ਐਂਡ ਐਜੂਕੇਸ਼ਨਲ ਫ਼ਾਊਂਡੇਸ਼ਨ' ਦੀ ਅਗਵਾਈ ਹੇਠ ਲਗਭਗ 2,300 ਕਿਲੋਮੀਟਰ ਲੰਮੀ ਰਾਜ-ਪੱਧਰੀ 'ਸਿੱਖਿਆ ਬਚਾਓ ਸਾਈਕਲ ਰੈਲੀ'

(ਦੇਖੋ ਸਫ਼ਾ 35 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
TSP ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE (925) 537-2732

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ — Political Asylum
Deportation of Defense — BIA Appeal
9 Circuit Court — Federal Court
ਗਰੀਨਕਾਰਡ — ਸਿਟੀਜਨਸ਼ਿਪ
Green Card — Citizenship
ਡਾਈਵੋਰਸ — ਸਿਵਲ ਐਂਡ ਕਰੀਮੀਨਲ ਕੇਸ
Divorce — Civil and Criminal Cases
Family Petition Immigration
Travel document — Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਜੀ-20 ਵਪਾਰ ਮੰਤਰੀਆਂ ਦੀ ਬੈਠਕ ਦੌਰਾਨ ਭਾਰਤ-ਫ਼ਰਾਂਸ ਦੁਵੱਲੀ ਵਾਰਤਾ

## ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਮਿਲਵਾਕੀ ਵਿਖੇ ਨਿਕੋਲਸ ਫ਼ੋਰੀਸੀਅਰ ਨਾਲ ਕੀਤੀ ਅਹਿਮ ਮੁਲਾਕਾਤ







ਮਿਲਵਾਕੀ (ਅਮਰੀਕਾ), (ਏ.ਐੱਨ.ਆਈ.): ਅਮਰੀਕਾ ਦੇ ਵਿਸਕਾਨਸਿਨ ਸੂਬੇ ਦੇ ਸ਼ਹਿਰ ਮਿਲਵਾਕੀ ਵਿਖੇ ਜੀ-20 (G20) ਵਪਾਰ ਮੰਤਰੀਆਂ ਦੀ ਉੱਚ-ਪੱਧਰੀ ਕਾਨਫ਼ਰੰਸ ਦੌਰਾਨ ਭਾਰਤ ਦੇ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਫ਼ਰਾਂਸ ਦੇ ਵਿਦੇਸ਼ੀ ਵਪਾਰ ਅਤੇ ਆਰਥਿਕ ਖਿੱਚ ਮਾਮਲਿਆਂ ਦੇ ਮੰਤਰੀ ਡੈਲੀਗੇਟ ਨਿਕੋਲਸ ਫ਼ੋਰੀਸੀਅਰ (Nicolas Forissier) ਨਾਲ ਇੱਕ ਅਹਿਮ ਦੁਵੱਲੀ ਮੀਟਿੰਗ ਕੀਤੀ। ਵੀਰਵਾਰ ਨੂੰ ਹੋਈ ਇਸ ਬੈਠਕ ਦੌਰਾਨ ਦੋਵਾਂ ਦੇਸ਼ਾਂ ਦੇ ਵਫ਼ਦਾਂ ਨੇ ਆਪਸੀ ਵਪਾਰਕ ਭਾਈਵਾਲੀ ਨੂੰ ਹੁਲਾਰਾ ਦੇਣ, ਨਿਵੇਸ਼ ਦੇ ਨਵੇਂ ਮੌਕੇ ਤਲਾਸ਼ਣ, ਗਲੋਬਲ ਸਪਲਾਈ ਚੇਨ ਨੂੰ ਮਜ਼ਬੂਤ ਬਣਾਉਣ ਅਤੇ ਭਾਰਤ-ਯੂਰਪੀ ਸੰਘ (EU) ਮੁਕਤ ਵਪਾਰ ਸਮਝੌਤੇ (FTA) ਨਾਲ ਜੁੜੇ ਅਹਿਮ ਪਹਿਲੂਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ। ਕੇਂਦਰੀ ਮੰਤਰੀ ਗੋਇਲ ਨੇ ਗਲੋਬਲ ਆਰਥਿਕ ਮੰਚ 'ਤੇ ਭਾਰਤ ਦੇ ਵਧ ਰਹੇ ਪ੍ਰਭਾਵ ਅਤੇ ਫ਼ਰਾਂਸ ਨਾਲ ਰਣਨੀਤਕ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ।

# ਅਦਾਲਤ ਵਲੋਂ ਪ੍ਰਵਾਸੀਆਂ 'ਤੇ 18 ਲੱਖ ਡਾਲਰ ਤੱਕ ਜੁਰਮਾਨੇ ਦੀ ਨੀਤੀ 'ਤੇ ਰੋਕ

ਨਿਊਯਾਰਕ : ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਨੂੰ ਸੰਘੀ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਬੋਸਟਨ ਦੇ ਸੰਘੀ ਜੱਜ ਜਾਰਜ ਓ'ਟੂਲ ਨੇ ਉਸ ਨੀਤੀ 'ਤੇ ਰੋਕ ਲਗਾ ਦਿੱਤੀ ਹੈ, ਜਿਸ ਤਹਿਤ ਅੰਤਿਮ ਦੇਸ਼ ਨਿਕਲੇ ਦੇ ਹੁਕਮ ਮਿਲਣ ਦੇ ਬਾਵਜੂਦ ਅਮਰੀਕਾ ਨਾ ਛੱਡਣ ਵਾਲੇ ਪ੍ਰਵਾਸੀਆਂ 'ਤੇ ਪ੍ਰਤੀ ਦਿਨ 998 ਡਾਲਰ ਅਤੇ ਕੁੱਲ 18 ਲੱਖ ਡਾਲਰ ਤੱਕ ਜੁਰਮਾਨਾ ਲਗਾਇਆ ਜਾ ਰਿਹਾ ਸੀ। ਇਹ ਮਾਮਲਾ ਉਨ੍ਹਾਂ ਹਜ਼ਾਰਾਂ ਪ੍ਰਵਾਸੀਆਂ ਨਾਲ ਜੁੜਿਆ ਹੈ, ਜਿਨ੍ਹਾਂ ਨੂੰ ਗ੍ਰਹਿ ਸੁਰੱਖਿਆ ਵਿਭਾਗ ਵਲੋਂ ਭਾਰੀ ਜੁਰਮਾਨਿਆਂ ਦੇ ਨੋਟਿਸ ਭੇਜੇ ਗਏ ਸਨ। ਪ੍ਰਭਾਵਿਤ ਪ੍ਰਵਾਸੀਆਂ ਵਿਚੋਂ ਦੋ ਨੇ ਇਸ ਨੀਤੀ ਖ਼ਿਲਾਫ਼ ਸਮੂਹਿਕ ਮੁਕੱਦਮਾ ਦਾਇਰ ਕੀਤਾ ਸੀ। ਇਮੀਗ੍ਰੈਂਟ ਲੀਗਲ ਰਿਸੋਰਸ ਸੈਂਟਰ ਵੀ ਇਸ ਕਾਨੂੰਨੀ ਚੁਣੌਤੀ ਵਿਚ ਸ਼ਾਮਿਲ ਸੀ। ਅਦਾਲਤ ਨੇ ਕਿਹਾ ਕਿ ਸਰਕਾਰ ਨੇ ਜੁਰਮਾਨੇ ਲਗਾਉਣ ਲਈ ਜੋ ਤਰੀਕਾ ਅਪਣਾਇਆ, ਉਹ ਕਾਨੂੰਨੀ ਪ੍ਰਕਿਰਿਆ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦਾ। ਕਈ ਮਾਮਲਿਆਂ ਵਿਚ ਇਕੋ ਜਿਹੇ ਤਿਆਰ ਕੀਤੇ ਫਾਰਮਾਂ ਰਾਹੀਂ ਜੁਰਮਾਨੇ ਜਾਰੀ ਕੀਤੇ ਗਏ ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਕਿਸੇ ਵਿਅਕਤੀ ਨੇ ਜਾਣਬੁੱਝ ਕੇ ਜਾਂ ਆਪਣੀ ਮਰਜ਼ੀ ਨਾਲ ਦੇਸ਼ ਛੱਡਣ ਦੇ ਹੁਕਮ ਦੀ ਪਾਲਣਾ ਕਿਉਂ ਨਹੀਂ ਕੀਤੀ। ਜੱਜ ਨੇ ਕਿਹਾ ਕਿ ਇੰਨੇ ਵੱਡੇ ਜੁਰਮਾਨਿਆਂ ਦੀ ਵਸੂਲੀ ਪਹਿਲਾਂ ਹੀ ਆਰਥਿਕ ਤੰਗੀ ਵਿਚ ਰਹਿ ਰਹੇ ਲੋਕਾਂ ਨੂੰ ਗੰਭੀਰ ਵਿੱਤੀ ਸੰਕਟ ਵਿਚ ਧੱਕ ਸਕਦੀ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਕਾਂਗਰਸ ਨੇ 1996 ਦੇ ਇਮੀਗ੍ਰੇਸ਼ਨ ਕਾਨੂੰਨ ਤਹਿਤ ਅਜਿਹੇ ਸਿਵਲ ਜੁਰਮਾਨਿਆਂ ਦੀ ਵਿਵਸਥਾ ਕੀਤੀ ਸੀ। ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਇਨ੍ਹਾਂ ਜੁਰਮਾਨਿਆਂ ਦੀ ਵਰਤੋਂ ਸ਼ੁਰੂ ਹੋਈ ਅਤੇ ਦੂਜੇ ਕਾਰਜਕਾਲ ਵਿਚ ਪ੍ਰਸ਼ਾਸਨ ਨੇ ਇਸ ਕਾਰਵਾਈ ਨੂੰ ਹੋਰ ਤੇਜ਼ ਕਰ ਦਿੱਤਾ। ਪਿਛਲੇ ਸਾਲ ਤੋਂ ਅੰਤਿਮ ਡਿਪੋਰਟੇਸ਼ਨ ਹੁਕਮ ਤੋਂ ਬਾਅਦ ਅਮਰੀਕਾ ਨਾ ਛੱਡਣ ਵਾਲਿਆਂ 'ਤੇ 998 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਲਗਾਇਆ ਗਿਆ। ਇਹ ਰਕਮ ਪਿਛਲੇ ਪੰਜ ਸਾਲਾਂ ਤੱਕ ਲਈ ਵੀ ਜੋੜੀ ਜਾ ਸਕਦੀ ਸੀ, ਜਿਸ ਕਾਰਨ ਕੁਝ ਮਾਮਲਿਆਂ ਵਿਚ ਜੁਰਮਾਨਾ 18 ਲੱਖ ਡਾਲਰ ਤੱਕ ਪਹੁੰਚ ਸਕਦਾ ਸੀ। ਗ੍ਰਹਿ ਸੁਰੱਖਿਆ ਵਿਭਾਗ ਦੇ ਪਹਿਲਾਂ ਜਾਰੀ ਅੰਕੜਿਆਂ ਮੁਤਾਬਕ ਜੁਲਾਈ ਤੱਕ 1 ਲੱਖ 3 ਹਜ਼ਾਰ ਤੋਂ ਵੱਧ ਜੁਰਮਾਨੇ ਜਾਰੀ ਕੀਤੇ ਜਾ ਚੁੱਕੇ ਸਨ, ਜਿਨ੍ਹਾਂ ਦੀ ਕੁੱਲ ਰਕਮ ਕਰੀਬ 84 ਅਰਬ ਡਾਲਰ ਬਣਦੀ ਸੀ। ਵਿਵਾਦ ਦਾ ਇਕ ਹੋਰ ਮੁੱਖ ਕਾਰਨ ਜੁਰਮਾਨੇ ਲਗਾਉਣ ਦੀ ਪ੍ਰਕਿਰਿਆ ਵਿਚ ਕੀਤੇ ਗਏ ਬਦਲਾਅ ਸਨ। ਸਰਕਾਰ ਨੇ 30 ਦਿਨਾਂ ਦੇ ਨੋਟਿਸ ਦੀ ਵਿਵਸਥਾ ਹਟਾ ਦਿੱਤੀ ਸੀ ਅਤੇ ਜੁਰਮਾਨੇ ਨੂੰ ਚੁਣੌਤੀ ਦੇਣ ਦੀ ਪ੍ਰਕਿਰਿਆ ਵੀ ਛੋਟੀ ਕਰ ਦਿੱਤੀ ਸੀ। ਅਦਾਲਤ ਮੁਤਾਬਕ ਇਹ ਬਦਲਾਅ ਕਰਨ ਤੋਂ ਪਹਿਲਾਂ ਜਨਤਾ ਨੂੰ ਆਪਣੀ ਰਾਏ ਦੇਣ ਦਾ ਲੋੜੀਂਦਾ ਮੌਕਾ ਨਹੀਂ ਦਿੱਤਾ ਗਿਆ।

# ਅਮਰੀਕਾ 'ਚ 40 ਜਣਿਆਂ ਦੀ ਨਾਗਰਿਕਤਾ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ

## ਕੈਲੀਫੋਰਨੀਆ ਵਾਸੀ ਭਾਰਤੀ ਮੂਲ ਦਾ ਸ਼ਖ਼ਸ ਵੀ ਕਾਨੂੰਨੀ ਕਾਰਵਾਈ ਦੇ ਘੇਰੇ 'ਚ

ਵਾਸ਼ਿੰਗਟਨ : ਅਮਰੀਕਾ ਨੇ ਆਧੁਨਿਕ ਇਤਿਹਾਸ ਵਿੱਚ ਨਾਗਰਿਕਤਾ ਰੱਦ ਕਰਨ ਦੀ ਸਭ ਤੋਂ ਵੱਡੀ ਪ੍ਰਕਿਰਿਆ ਸ਼ੁਰੂ ਕੀਤੀ ਹੈ, ਜਿਸ ਤਹਿਤ ਉਸ ਨੇ ਭਾਰਤੀ ਮੂਲ ਦੇ ਵਿਅਕਤੀ ਸਮੇਤ 40 ਜਣਿਆਂ ਦੀ ਅਮਰੀਕੀ ਨਾਗਰਿਕਤਾ ਰੱਦ ਕਰਨ ਲਈ ਵੱਖ-ਵੱਖ ਅਦਾਲਤਾਂ ਵਿੱਚ ਕਾਰਵਾਈ ਅੱਗੇ ਵਧਾਈ ਹੈ।



ਜਿਨ੍ਹਾਂ ਲੋਕਾਂ ਦੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ, ਉਨ੍ਹਾਂ ਵਿੱਚ ਪਾਕਿਸਤਾਨ, ਮੈਕਸਿਕੋ, ਕੰਬੋਡੀਆ, ਨੇਪਾਲ ਤੇ ਅਫ਼ਗਾਨਿਸਤਾਨ ਦੇ ਲੋਕ ਸ਼ਾਮਲ ਹਨ। ਨਿਆਂ ਵਿਭਾਗ ਨੇ ਦੱਸਿਆ ਕਿ ਇਨ੍ਹਾਂ 40 ਲੋਕਾਂ ਖ਼ ?ਲਾਫ਼ ਅਮਰੀਕਾ ਦੀਆਂ ਕਈ ਅਦਾਲਤਾਂ ਵਿੱਚ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ। ਇਨ੍ਹਾਂ ਉਤੇ ਵਿਦੇਸ਼ੀ ਸਰਕਾਰ ਦੇ ਏਜੰਟ ਦੇ ਰੂਪ ਵਿੱਚ ਕੰਮ ਕਰਨ, ਗ਼ੈਰ-ਇਰਾਦਤਨ ਕਤਲ ਤੇ ਦਿਵਿਆਂਗ ਵਿਅਕਤੀ ਨਾਲ ਜਿਨਸੀ ਅਪਰਾਧ ਸਣੇ ਕਈ ਗੰਭੀਰ ਅਪਰਾਧਾਂ ਦੇ ਦੋਸ਼ ਹਨ। ਕੈਲੀਫੋਰਨੀਆ ਦੇ ਬਲਵਿੰਦਰ ਸਿੰਘ ਦੀ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ। ਉਸ 'ਤੇ ਫ਼ਰਜ਼ੀ ਪਛਾਣ ਦਾ ਇਸਤੇਮਾਲ ਕਰ ਕੇ ਅਮਰੀਕਾ ਵਿੱਚ ਦਾਖ਼ਲ ਹੋਣ ਤੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਦਾ ਦੋਸ਼ ਹੈ। ਇਮੀਗ੍ਰੇਸ਼ਨ ਤੇ ਨਾਗਰਿਕਤਾ ਕਾਨੂੰਨ ਤਹਿਤ ਜੇ ਕਿਸੇ ਵਿਅਕਤੀ ਨੇ ਅਮਰੀਕੀ ਨਾਗਰਿਕਤਾ ਗ਼ੈਰ-ਕਾਨੂੰਨੀ ਤਰੀਕੇ ਨਾਲ ਹਾਸਲ ਕੀਤੀ ਹੋਵੇ ਜਾਂ ਕਿਸੇ ਅਹਿਮ ਤੱਥ ਨੂੰ ਲੁਕੋ ਕੇ ਜਾਂ ਜਾਣਬੁੱਝ ਕੇ ਗ਼ਲਤ ਜਾਣਕਾਰੀ ਦੇ ਕੇ ਨਾਗਰਿਕਤਾ ਹਾਸਲ ਕੀਤੀ ਹੋਵੇ ਤਾਂ ਉਸ ਦੀ ਨਾਗਰਿਕਤਾ ਰੱਦ ਕੀਤੀ ਜਾ ਸਕਦੀ ਹੈ। ਅਮਰੀਕੀ ਨਿਆਂ ਵਿਭਾਗ ਮੁਤਾਬਕ ਬਲਵਿੰਦਰ ਸਿੰਘ ਨੇ 1992 ਵਿੱਚ ਇਸੇ ਨਾਂ ਤੇ ਪਛਾਣ ਨਾਲ ਇਮੀਗ੍ਰੇਸ਼ਨ ਲਈ ਅਰਜ਼ੀ ਦਿੱਤੀ ਸੀ। ਸਾਲ 2003 ਵਿੱਚ ਉਸ ਨੇ ਦੂਜੀ ਪਛਾਣ ਤਹਿਤ ਸਥਾਈ ਵਸਨੀਕ ਦਾ ਦਰਜਾ ਹਾਸਲ ਕਰਨ ਲਈ ਅਰਜ਼ੀ ਦਿੱਤੀ ਤੇ ਉਸ ਨੂੰ ਇਹ ਦਰਜਾ ਮਿਲ ਗਿਆ। ਸਾਲ 2009 ਵਿੱਚ ਬਲਵਿੰਦਰ ਸਿੰਘ ਨੇ ਆਪਣੀ ਦੂਜੀ ਪਛਾਣ ਤਹਿਤ ਅਮਰੀਕੀ ਨਾਗਰਿਕਤਾ ਵੀ ਹਾਸਲ ਕੀਤੀ। ਉਂਗਲੀਆਂ ਦੇ ਨਿਸ਼ਾਨ ਤੋਂ ਪਤਾ ਲੱਗਾ ਕਿ ਦੋਵੇਂ ਅਰਜ਼ੀਆਂ ਉਸੇ ਨੇ ਦਿੱਤੀਆਂ ਸਨ। ਅਮਰੀਕੀ ਵਿਭਾਗ ਚੀਨ ਵਿੱਚ ਜਨਮੇ ਜਿੰਚਾਓ ਵੇਈ ਦੀ ਨਾਗਰਿਕਤਾ ਰੱਦ ਕਰਨ ਦੀ ਮੰਗ ਵੀ ਕਰ ਰਿਹਾ ਹੈ।

# ਮਮਤਾ ਕਾਫਲੇ ਭੱਟ ਮਾਮਲੇ 'ਚ ਨਰੇਸ਼ ਭੱਟ ਦਾ ਕਤਲ ਮੁਕੱਦਮਾ ਸ਼ੁਰੂ

ਨਿਊਯਾਰਕ : ਵਰਜੀਨੀਆ ਦੇ ਚਰਚਿਤ ਮਮਤਾ ਕਾਫਲੇ ਭੱਟ ਮਾਮਲੇ ਵਿਚ ਉਸ ਦੇ ਪਤੀ ਨਰੇਸ਼ ਭੱਟ ਖ਼ਿਲਾਫ਼ ਮੁਕੱਦਮਾ ਸ਼ੁਰੂ ਹੋ ਗਿਆ ਹੈ। ਪ੍ਰਿੰਸ ਵਿਲੀਅਮ ਕਾਊਂਟੀ ਸਰਕਟ ਅਦਾਲਤ ਵਿਚ ਨਰੇਸ਼ ਨੇ ਪਹਿਲਾ ਦਰਜ਼ਾ ਕਤਲ, ਲਾਸ਼ ਲੁਕਾਉਣ ਅਤੇ ਲਾਸ਼ ਨਾਲ ਛੇੜਛਾੜ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਖ਼ੁਦ ਨੂੰ ਬੇਕਸੂਰ ਦੱਸਿਆ। ਜੱਜ ਕਿੰਬਰਲੀ ਏ. ਇਰਵਿੰਗ ਦੀ ਅਗਵਾਈ ਹੇਠ ਜਿਊਰੀ ਦੀ ਚੋਣ ਵੀ ਸ਼ੁਰੂ ਹੋ ਗਈ ਹੈ। 28 ਸਾਲਾ ਮਮਤਾ, ਜੋ ਮਨਾਸਸ ਪਾਰਕ ਵਿਚ ਨਰਸ ਸੀ, 2024 ਵਿਚ ਲਾਪਤਾ ਹੋ ਗਈ ਸੀ। ਉਸ ਦੀ ਲਾਸ਼ ਅਜੇ ਤੱਕ ਨਹੀਂ ਮਿਲੀ। ਸਰਕਾਰੀ ਵਕੀਲਾਂ ਦਾ ਦੋਸ਼ ਹੈ ਕਿ ਨਰੇਸ਼ ਨੇ ਮਮਤਾ ਦੀ ਹੱਤਿਆ ਤੋਂ ਬਾਅਦ ਉਸ ਦੀ ਲਾਸ਼ ਦੇ ਟੁਕੜੇ ਕਰਕੇ ਕੂੜੇ ਦੇ ਬੈਗਾਂ ਵਿਚ ਵੱਖ-ਵੱਖ ਥਾਵਾਂ 'ਤੇ ਸੁੱਟ ਦਿੱਤੇ। ਨਰੇਸ਼ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ। ਜਾਂਚ ਦੌਰਾਨ ਘਰ ਵਿਚੋਂ ਮਿਲੀ ਪਾਵਰ ਆਰੀ ਉਤੇ ਮਨੁੱਖੀ ਵਾਲ ਅਤੇ ਫਾਈਬਰ ਮਿਲਣ ਦੀ ਗੱਲ ਸਾਹਮਣੇ ਆਈ ਹੈ। ਮੁਕੱਦਮੇ ਵਿਚ ਡੀ. ਐਨ. ਏ. ਸਬੂਤ, ਘਰ ਵਿਚ ਪਾਣੀ ਦੀ ਅਸਧਾਰਨ ਵਰਤੋਂ, ਨਿਗਰਾਨੀ ਕੈਮਰਿਆਂ ਦੀਆਂ ਤਸਵੀਰਾਂ ਅਤੇ ਸੂਹੀਆ ਕੁੱਤੇ ਨਾਲ ਕੀਤੀ ਗਈ ਜਾਂਚ ਨਾਲ ਸੰਬੰਧਿਤ ਗਵਾਹੀਆਂ ਪੇਸ਼ ਕੀਤੀਆਂ ਜਾਣਗੀਆਂ। ਪਹਿਲੇ ਦਿਨ ਮਮਤਾ ਦੀ ਮਾਂ ਗੀਤਾ ਕਾਫਲੇ ਅਤੇ ਭਰਾ ਮਹੇਸ਼ ਕਾਫਲੇ ਵੀ ਅਦਾਲਤ ਵਿਚ ਮੌਜੂਦ ਰਹੇ। ਨਰੇਸ਼ ਨੇ ਜੱਜ ਉਤੇ ਪੱਖਪਾਤ ਦਾ ਦੋਸ਼ ਲਗਾਉਂਦਿਆਂ ਉਨ੍ਹਾਂ ਨੂੰ ਕੇਸ ਤੋਂ ਹਟਣ ਦੀ ਮੰਗ ਕੀਤੀ ਪਰ ਜੱਜ ਨੇ ਇਹ ਮੰਗ ਰੱਦ ਕਰ ਦਿੱਤੀ। ਬਚਾਅ ਪੱਖ ਵਲੋਂ ਮੁਕੱਦਮਾ ਮੁਲਤਵੀ ਕਰਨ ਦੀ ਮੰਗ ਵੀ ਮਨਜ਼ੂਰ ਨਹੀਂ ਕੀਤੀ ਗਈ। ਮਮਤਾ ਦੀ ਲਾਸ਼ ਨਾ ਮਿਲਣ ਕਾਰਨ ਇਸ ਕੇਸ ਵਿਚ ਫੋਰੈਂਸਿਕ, ਡਿਜ਼ੀਟਲ ਅਤੇ ਹੋਰ ਸਬੂਤ ਅਹਿਮ ਰਹਿਣਗੇ। ਮੁਕੱਦਮਾ ਕਈ ਹਫ਼ਤੇ ਚੱਲਣ ਦੀ ਸੰਭਾਵਨਾ ਹੈ।



ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਅਮਰੀਕਾ 'ਚ ਮੌਤ ਦੇ ਦੋ ਟੀਕੇ ਲਗਾਉਣ ਤੋਂ ਬਾਅਦ ਵੀ ਬਚੀ ਔਰਤ ਦੀ ਜਾਨ

## ਕ੍ਰਿਸਟਾ ਗੇਲ ਪਾਈਕ ਦੀ ਧੜਕਣ ਚਲਦੀ ਰਹੀ, ਟਲੀ ਮੌਤ ਦੀ ਸਜ਼ਾ

ਟੇਨੇਸੀ : ਅਮਰੀਕਾ ਵਿੱਚ ਮੌਤ ਦੀ ਸਜ਼ਾ ਪਾਉਣ ਵਾਲੀ ਇੱਕ ਔਰਤ ਕੈਦੀ ਨੂੰ ਬੁੱਧਵਾਰ ਨੂੰ ਮੌਤ ਦੇ 2 ਇੰਜੈਕਸ਼ਨ ਦਿੱਤੇ ਗਏ ਪਰ ਇਸ ਤੋਂ ਬਾਅਦ ਵੀ ਉਸ ਦੀ ਜਾਨ ਨਹੀਂ ਗਈ। ਉਸ ਦੀ ਧੜਕਣ ਚੱਲਦੀ ਰਹੀ ਅਤੇ ਉਹ ਨੀਂਦ ਵਿੱਚ ਘਰਾੜੇ ਲੈ ਰਹੀ ਸੀ। ਮਾਮਲਾ ਅਮਰੀਕਾ ਦੇ ਟੈਨੇਸੀ ਰਾਜ ਦਾ ਹੈ। ਕ੍ਰਿਸਟਾ ਗੇਲ ਪਾਈਕ ਨਾਂ ਦੀ ਔਰਤ 1995 ਵਿੱਚ ਕਤਲ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੀ ਗਈ ਸੀ। ਉਸ ਨੂੰ ਇੱਕ ਸਾਲ ਬਾਅਦ ਮੌਤ ਦੀ ਸਜ਼ਾ ਸੁਣਾਈ ਗਈ ਸੀ। ਹਾਲਾਂਕਿ ਹੁਣ ਉਸ ਦੀ ਸਜ਼ਾ ਟਾਲ ਦਿੱਤੀ ਗਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਸ ਤੋਂ ਪਹਿਲਾਂ ਅਮਰੀਕਾ ਵਿੱਚ ਹੁਣ ਤੱਕ ਸਿਰਫ਼ 7 ਅਜਿਹੇ ਮਾਮਲੇ ਆਏ ਸਨ ਜਿਨ੍ਹਾਂ ਵਿੱਚ ਮੌਤ ਦਾ ਇੰਜੈਕਸ਼ਨ ਦੇਣ ਤੋਂ ਬਾਅਦ ਵੀ ਦੋਸ਼ੀ ਦੀ ਜਾਨ ਬਚ ਗਈ ਸੀ।

ਇਨ੍ਹਾਂ ਲੋਕਾਂ ਨੂੰ ਨਾੜ ਵਿੱਚ ਘਾਤਕ ਇੰਜੈਕਸ਼ਨ ਦੇਣ ਵਿੱਚ ਦਿੱਕਤ ਹੋਈ। ਮੈਡੀਕਲ ਟੀਮ ਦੀ ਇਸ ਗੜਬੜੀ ਕਾਰਨ ਉਨ੍ਹਾਂ ਦੀ ਮੌਤ ਨਹੀਂ ਹੋ ਸਕੀ। ਇਸ ਵਾਰ ਮਾਮਲਾ ਵੱਖਰਾ ਸੀ। ਜ਼ਹਿਰ ਸਰੀਰ ਵਿੱਚ ਪਹੁੰਚਣ ਤੋਂ ਬਾਅਦ ਕਿਸੇ ਵਿਅਕਤੀ ਦੇ ਜਿਉਂਦਾ ਰਹਿਣ ਦਾ ਇਹ ਪਹਿਲਾ ਮਾਮਲਾ ਹੈ। ਰਾਜ ਦੇ ਨਿਯਮਾਂ ਮੁਤਾਬਕ, ਪਹਿਲੇ ਇੰਜੈਕਸ਼ਨ ਤੋਂ ਬਾਅਦ ਜੇਕਰ ਕੈਦੀ ਦੀ ਮੌਤ ਨਹੀਂ ਹੁੰਦੀ ਤਾਂ ਦੂਜਾ ਇੰਜੈਕਸ਼ਨ ਦਿੱਤਾ ਜਾਂਦਾ ਹੈ। ਪਰ ਦੂਜੇ ਇੰਜੈਕਸ਼ਨ ਤੋਂ ਬਾਅਦ ਵੀ ਵਿਅਕਤੀ ਜਿਉਂਦਾ ਰਹੇ ਤਾਂ ਕੀ ਕਰਨਾ ਹੈ, ਇਸ ਬਾਰੇ ਨਿਯਮਾਂ ਵਿੱਚ ਸਾਫ਼ ਜਾਣਕਾਰੀ ਨਹੀਂ ਹੈ।




ਕ੍ਰਿਸਟਾ ਪਾਈਕ ਨੂੰ 1995 ਵਿੱਚ ਆਪਣੀ 19 ਸਾਲਾ ਸਹਿਪਾਠੀ ਕੋਲੀਨ ਸਲੇਮਰ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਜਨਵਰੀ 1995 ਵਿੱਚ ਪਾਈਕ, ਉਨ੍ਹਾਂ ਦੇ ਉਸ ਸਮੇਂ ਦੇ ਬੁਆਏਫਰੈਂਡ ਤਾਦਾਰਿਲਸ਼ਿਪ ਅਤੇ ਇੱਕ ਦੋਸਤ ਨੇ ਸਲੇਮਰ ਨੂੰ ਟੈਨੇਸੀ ਯੂਨੀਵਰਸਿਟੀ ਦੇ ਕੈਂਪਸ ਨੇੜੇ ਜੰਗਲ ਵਿੱਚ ਬੁਲਾਇਆ ਸੀ। ਅਦਾਲਤ ਵਿੱਚ ਸਾਹਮਣੇ ਆਇਆ ਕਿ ਉੱਥੇ ਤਿੰਨਾਂ ਨੇ ਸਲੇਮਰ ਦੀ ਕੁੱਟਮਾਰ ਕੀਤੀ ਅਤੇ ਤਿੱਖੀ ਚੀਜ਼ ਨਾਲ ਹਮਲਾ ਕੀਤਾ। ਅਪਰਾਧ ਦੇ ਸਮੇਂ ਪਾਈਕ 18 ਸਾਲ ਦੀ ਸੀ। ਉੱਥੇ ਹੀ ਉਨ੍ਹਾਂ ਦੇ ਬੁਆਏਫਰੈਂਡਸ਼ਿਪ ਦੀ ਉਮਰ 17 ਸਾਲ ਸੀ। ਸ਼ਿਪ ਨੇ ਬਾਅਦ ਵਿੱਚ ਮਾਮਲੇ ਵਿੱਚ ਗਵਾਹੀ ਦਿੱਤੀ। ਨਾਬਾਲਗ ਹੋਣ ਕਾਰਨ ਉਸ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

# ਅਮਰੀਕਾ ਨੇ ਈਰਾਨ ਦੇ 2 ਡਿਪਲੋਮੈਟਾਂ ਨੂੰ ਕੱਢਿਆ

ਵਾਸ਼ਿੰਗਟਨ : ਅਮਰੀਕਾ ਨੇ ਈਰਾਨ ਦੇ 2 ਡਿਪਲੋਮੈਟਾਂ ਨੂੰ ਦੇਸ਼ ਤੋਂ ਬਾਹਰ ਕੱਢ ਦਿੱਤਾ ਹੈ। ਦੋਵੇਂ ਸੰਯੁਕਤ ਰਾਸ਼ਟਰ (ਯੂ. ਐੱਨ.) ਮਹਾਸਭਾ ਵਿਚ ਸ਼ਾਮਲ ਹੋਣ ਲਈ ਨਿਊਯਾਰਕ ਪਹੁੰਚੇ ਸਨ ਪਰ ਮਹਾਸਭਾ ਖ਼ਤਮ ਹੋਣ ਤੋਂ ਬਾਅਦ ਵੀ ਉੱਥੇ ਹੀ ਰੁਕੇ ਰਹੇ। ਅਮਰੀਕੀ ਵਿਦੇਸ਼ ਵਿਭਾਗ ਨੇ ਸੋਮਵਾਰ ਨੂੰ ਨਿਊਯਾਰਕ ਸਥਿਤ ਈਰਾਨੀ ਮਿਸ਼ਨ ਨੂੰ ਹੁਕਮ ਦਿੱਤਾ ਸੀ ਕਿ ਯੂ.ਐੱਨ. ਮਹਾਸਭਾ ਵਿਚ ਸ਼ਾਮਲ ਹੋਣ ਆਏ ਉਸ ਦੇ ਵਫ਼ਦ ਦੇ ਸਾਰੇ ਮੈਂਬਰ ਅਮਰੀਕਾ ਤੋਂ ਰਵਾਨਾ ਹੋ ਜਾਣ।

ਜ਼ਿਆਦਾਤਰ ਨੁਮਾਇੰਦੇ ਚਲੇ ਗਏ ਪਰ 2 ਡਿਪਲੋਮੈਟ ਨਿਊਯਾਰਕ ਵਿਚ ਹੀ ਰੁਕੇ ਰਹੇ। ਸ਼ੁੱਕਰਵਾਰ ਨੂੰ ਅਮਰੀਕੀ ਅਧਿਕਾਰੀਆਂ ਨੇ ਈਰਾਨੀ ਮਿਸ਼ਨ ਨੂੰ ਦੱਸਿਆ ਕਿ ਉਨ੍ਹਾਂ ਨੂੰ ਦੋਵਾਂ



ਦੇ ਹੁਣ ਵੀ ਨਿਊਯਾਰਕ ਵਿਚ ਮੌਜੂਦ ਹੋਣ ਦੀ ਜਾਣਕਾਰੀ ਹੈ। ਇਸ ਤੋਂ ਬਾਅਦ ਈਰਾਨ ਨੂੰ ਦੁਬਾਰਾ ਸੰਦੇਸ਼ ਭੇਜ ਕੇ ਦੋਵਾਂ ਡਿਪਲੋਮੈਟਾ ਨੂੰ ਤੁਰੰਤ ਅਮਰੀਕਾ ਛੱਡਣ ਲਈ ਕਿਹਾ ਗਿਆ। ਇਸ ਤੋਂ ਬਾਅਦ ਇਕ ਡਿਪਲੋਮੈਟ ਸ਼ੁੱਕਰਵਾਰ ਰਾਤ ਅਤੇ ਦੂਜਾ ਸ਼ਨੀਵਾਰ ਸਵੇਰੇ ਨਿਊਯਾਰਕ ਤੋਂ ਰਵਾਨਾ ਹੋ ਗਿਆ।

# ਹੁਣ ਈਰਾਨ ਨਹੀਂ ਬਣਾਏਗਾ ਪਰਮਾਣੂ ਹਥਿਆਰ : ਟਰੰਪ ਦਾ ਦਾਅਵਾ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਨੇ ਪ੍ਰਮਾਣੂ ਹਥਿਆਰ ਵਿਕਸਤ ਕਰਨ ਦਾ ਵਿਚਾਰ ਲਗਭਗ ਛੱਡ ਦਿੱਤਾ ਹੈ। ਟਰੰਪ ਨੇ ਇਹ ਵੀ ਕਿਹਾ ਕਿ ਕੱਚੇ ਤੇਲ ਦੀਆਂ ਕੀਮਤਾਂ ਇਸ ਸਮੇਂ ਘਟ ਰਹੀਆਂ ਹਨ, ਜੋ ਕਿ 28 ਫਰਵਰੀ ਨੂੰ ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਸਾਂਝੇ ਹਮਲੇ ਤੋਂ ਬਾਅਦ ਲਗਾਤਾਰ ਵਧ ਰਹੀਆਂ ਸਨ। ਓਹੀਓ ਵਿੱਚ ਇੱਕ ਰੈਲੀ ਲਈ ਵ ?ਹਾਈਟ ਹਾਊਸ ਛੱਡਣ ਤੋਂ ਪਹਿਲਾਂ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, 'ਤੇਲ ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਤੇਲ ਇਸ ਸਮੇਂ ਸਸਤਾ ਹੈ, ਅਤੇ ਬਾਈਡੇਨ ਪ੍ਰਸ਼ਾਸਨ ਦੇ ਸਮੇਂ ਨਾਲੋਂ ਬਹੁਤ ਘੱਟ ਹੈ। ਉਨ੍ਹਾਂ ਨੇ ਈਰਾਨ ਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਣ ਲਈ ਕੁਝ ਨਹੀਂ ਕੀਤਾ ਸੀ।' ਉਨ੍ਹਾਂ ਅੱਗੇ ਕਿਹਾ, 'ਅਤੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਈਰਾਨ ਨੇ ਪ੍ਰਮਾਣੂ ਹਥਿਆਰ ਵਿਕਸਤ ਕਰਨ ਦੇ ਵਿਚਾਰ ਨੂੰ ਲਗਭਗ ਛੱਡ ਦਿੱਤਾ ਹੈ।'



ਈਰਾਨ ਨੇ ਅਮਰੀਕਾ ਅਤੇ ਇਜ਼ਰਾਈਲ ਦੇ ਦੋਸ਼ਾਂ ਨੂੰ ਲਗਾਤਾਰ ਰੱਦ ਕੀਤਾ ਹੈ ਕਿ ਉਹ ਪ੍ਰਮਾਣੂ ਹਥਿਆਰ ਵਿਕਸਤ ਕਰ ਰਿਹਾ ਹੈ, ਹਾਲਾਂਕਿ ਅਮਰੀਕਾ ਅਤੇ ਇਜ਼ਰਾਈਲ ਨੇ ਇਸਨੂੰ ਅੱਠ ਮਹੀਨੇ ਪਹਿਲਾਂ ਸ਼ੁਰੂ ਹੋਈ ਜੰਗ ਦਾ ਇੱਕ ਵੱਡਾ ਕਾਰਨ ਦੱਸਿਆ। ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਪਿਛਲੇ ਮਹੀਨੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਦੁਹਰਾਇਆ ਸੀ ਕਿ ਉਨ੍ਹਾਂ ਦਾ ਦੇਸ਼ ਪ੍ਰਮਾਣੂ ਹਥਿਆਰਾਂ ਦਾ ਪਿੱਛਾ ਨਹੀਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਈਰਾਨ ਧਾਰਮਿਕ ਪਾਬੰਦੀਆਂ ਕਾਰਨ ਪ੍ਰਮਾਣੂ ਹਥਿਆਰਾਂ ਦਾ ਪਿੱਛਾ ਨਹੀਂ ਕਰ ਰਿਹਾ ਹੈ। ਉਹ ਅੰਤਰਰਾਸ਼ਟਰੀ ਨਿਗਰਾਨੀ ਹੇਠ ਆਪਣੇ ਅਮੀਰ ਯੂਰੇਨੀਅਮ ਉਤਪਾਦਨ ਨੂੰ ਘਟਾਉਣ ਲਈ ਵੀ ਸਹਿਮਤ ਹੋਏ, ਬਸ਼ਰਤੇ ਕਿ ਅਮਰੀਕਾ ਈਰਾਨ ਵਿਰੁੱਧ ਆਰਥਿਕ ਪਾਬੰਦੀਆਂ ਹਟਾ ਦੇਵੇ।

# ਅਮਰੀਕੀ ਦਬਾਅ ਅੱਗੇ ਝੁਕੇ G7 ਦੇਸ਼, ਐਮਰਜੈਂਸੀ ਰਿਜ਼ਰਵ 'ਚੋਂ ਜਾਰੀ ਹੋਵੇਗਾ 10 ਕਰੋੜ ਬੈਰਲ ਤੇਲ ਤੇ ਡੀਜ਼ਲ

ਵਾਸ਼ਿੰਗਟਨ : ਤੇਲ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੂੰ ਕਾਬੂ ਕਰਨ ਲਈ G7 ਦੇਸ਼ਾਂ ਨੇ ਇੱਕ ਵੱਡਾ ਸਮਝੌਤਾ ਕੀਤਾ ਹੈ। G7 ਦੇਸ਼ ਆਪਣੇ ਐਮਰਜੈਂਸੀ ਭੰਡਾਰ (ਐਮਰਜੈਂਸੀ ਰਿਜ਼ਰਵ) ਵਿੱਚੋਂ 10 ਕਰੋੜ (100 ਮਿਲੀਅਨ) ਬੈਰਲ ਕੱਚਾ ਤੇਲ ਅਤੇ ਡੀਜ਼ਲ ਬਾਜ਼ਾਰ ਵਿੱਚ ਜਾਰੀ ਕਰਨ ਲਈ ਸਹਿਮਤ ਹੋ ਗਏ ਹਨ। ਇਸ ਦੇ ਨਾਲ ਹੀ ਸਾਰੇ ਮੈਂਬਰ ਦੇਸ਼ਾਂ ਨੇ ਭਰੋਸਾ ਦਿਵਾਇਆ ਹੈ ਕਿ ਉਹ ਊਰਜਾ ਦੇ ਨਿਰਯਾਤ 'ਤੇ ਕੋਈ ਵੀ ਰੋਕ ਨਹੀਂ ਲਗਾਉਣਗੇ।

ਇਹ ਫੈਸਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰੀ ਦਬਾਅ ਤੋਂ ਬਾਅਦ ਲਿਆ ਗਿਆ ਹੈ। ਨਵੰਬਰ ਵਿੱਚ ਹੋਣ ਵਾਲੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਟਰੰਪ ਪ੍ਰਸ਼ਾਸਨ ਬਾਲਣ ਦੀਆਂ ਵਧਦੀਆਂ ਕੀਮਤਾਂ ਨੂੰ ਘਟਾਉਣਾ ਚਾਹੁੰਦਾ ਹੈ। ਅਮਰੀਕਾ ਨੇ ਯੂਰਪੀਅਨ ਯੂਨੀਅਨ (EU) 'ਤੇ ਆਪਣੇ ਐਮਰਜੈਂਸੀ ਡੀਜ਼ਲ ਭੰਡਾਰ ਖੋਲ੍ਹਣ ਲਈ ਦਬਾਅ ਪਾਇਆ ਸੀ ਅਤੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਅਮਰੀਕਾ ਡੀਜ਼ਲ ਨਿਰਯਾਤ 'ਤੇ ਰੋਕ ਲਗਾ ਸਕਦਾ ਹੈ। ਯੂਰਪ ਅਮਰੀਕੀ ਡੀਜ਼ਲ 'ਤੇ ਕਾਫ਼ੀ ਨਿਰਭਰ ਹੈ,




ਇਸ ਲਈ ਜੇਕਰ ਸਪਲਾਈ ਰੁਕਦੀ ਤਾਂ ਯੂਰਪੀਅਨ ਯੂਨੀਅਨ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪੈ ਸਕਦਾ ਸੀ।

**IEA ਦੀ ਭੂਮਿਕਾ ਤੇ ਪਿਛਲਾ ਸਮਝੌਤਾ**

G7 ਦੇਸ਼ਾਂ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਅੰਤਰਰਾਸ਼ਟਰੀ ਊਰਜਾ ਏਜੰਸੀ (IEA) ਰਾਹੀਂ 10 ਕਰੋੜ ਬੈਰਲ ਤੇਲ ਦਾ ਤਾਲਮੇਲ ਨਾਲ ਨਿਕਾਸ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਮਾਰਚ ਵਿੱਚ ਈਰਾਨ ਜੰਗ ਤੋਂ ਬਾਅਦ IEA ਦੀ ਅਗਵਾਈ ਹੇਠ 40 ਕਰੋੜ ਬੈਰਲ ਤੇਲ ਜਾਰੀ ਕਰਨ ਦਾ ਇਤਿਹਾਸਕ ਸਮਝੌਤਾ ਹੋਇਆ ਸੀ। IEA ਦੇ ਕਾਰਜਕਾਰੀ ਨਿਰਦੇਸ਼ਕ ਫਾਤਿਹ ਬਿਰੋਲ ਅਨੁਸਾਰ, ਮੈਂਬਰ ਦੇਸ਼ ਮਾਰਚ ਵਾਲੇ ਸਮਝੌਤੇ ਦਾ ਲਗਭਗ ਦੋ-ਤਿਹਾਈ ਹਿੱਸਾ ਜਾਰੀ ਕਰ ਚੁੱਕੇ ਹਨ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਇਸ ਨਵੇਂ 10 ਕਰੋੜ ਬੈਰਲ ਦੇ ਸਮਝੌਤੇ ਵਿੱਚੋਂ ਕਿੰਨਾ ਹਿੱਸਾ ਮਾਰਚ ਵਾਲੇ ਬਚੇ ਹੋਏ ਕੋਟੇ ਵਿੱਚੋਂ ਆਵੇਗਾ।

# ਹਮਾਸ ਲਈ ਫੰਡ ਇਕੱਠੇ ਕਰਨ ਦੇ ਦੋਸ਼, ਅਮਰੀਕਾ ਤੇ ਫਰਾਂਸ ਵਿਚ 6 ਗ੍ਰਿਫ਼ਤਾਰ

ਨਿਊਯਾਰਕ : ਹਮਾਸ ਲਈ ਪੈਸਾ ਇਕੱਠਾ ਕਰਨ ਅਤੇ ਪਹੁੰਚਾਉਣ ਦੇ ਦੋਸ਼ਾਂ ਹੇਠ ਇਕ ਅੰਤਰਰਾਸ਼ਟਰੀ ਨੈੱਟਵਰਕ ਖ਼ਿਲਾਫ਼ ਅਮਰੀਕਾ ਅਤੇ ਫਰਾਂਸ ਵਿਚ ਸਾਂਝੀ ਕਾਰਵਾਈ ਕੀਤੀ ਗਈ ਹੈ। ਅਮਰੀਕਾ ਵਿਚ ਓਮਰ ਅਧਾਮੀ, ਅਬਦੈਲ ਅਧਾਮੀ ਅਤੇ ਰਾਏਦ ਯੂਸਫ਼ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਦਕਿ ਫਰਾਂਸ ਵਿਚ ਤਿੰਨ ਹੋਰ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਗਾਜ਼ਾ ਦੇ 45 ਸਾਲਾ ਸਲੀਮ ਅਲਜ਼ਾਕ ਖ਼ ?ਲਾਫ਼ ਵੀ ਅਮਰੀਕਾ ਵਿਚ ਦੋਸ਼ ਤੈਅ ਕੀਤੇ ਗਏ ਹਨ।ਅਮਰੀਕੀ ਨਿਆਂ ਵਿਭਾਗ ਮੁਤਾਬਕ ਅਲਜ਼ਾਕ ਨੇ 2020 ਤੋਂ ਸੋਸ਼ਲ ਮੀਡੀਆ ਰਾਹੀਂ ਗਾਜ਼ਾ ਦੇ ਲੋਕਾਂ ਲਈ ਮਨੁੱਖੀ ਸਹਾਇਤਾ ਦੇ ਨਾਂਅ 'ਤੇ ਚੰਦਾ ਇਕੱਠਾ ਕੀਤਾ। ਸਰਕਾਰੀ ਵਕੀਲਾਂ ਦਾ ਦੋਸ਼ ਹੈ ਕਿ ਇਸ ਤਰੀਕੇ ਨਾਲ 17 ਲੱਖ ਡਾਲਰ ਤੋਂ ਵੱਧ ਇਕੱਠੇ ਕੀਤੇ ਗਏ ਅਤੇ ਇਸ ਰਕਮ ਦਾ ਹਿੱਸਾ ਹਮਾਸ ਲਈ ਵਰਤਿਆ ਗਿਆ। ਅਮਰੀਕਾ ਨੇ ਹਮਾਸ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਵਜੋਂ ਦਰਜ ਕੀਤਾ ਹੋਇਆ ਹੈ।ਅਧਿਕਾਰੀਆਂ ਦਾ ਦਾਅਵਾ ਹੈ ਕਿ ਲੂਜ਼ੀਆਨਾ ਦੇ 35 ਸਾਲਾ ਅਬਦੈਲ ਅਧਾਮੀ ਨੇ ਲਗਭਗ 94,000 ਡਾਲਰ ਅਤੇ 33 ਸਾਲਾ ਓਮਰ ਅਧਾਮੀ ਨੇ ਕਰੀਬ 11,000 ਡਾਲਰ ਇਸ ਨੈੱਟਵਰਕ ਨੂੰ ਦਿੱਤੇ। ਫਲੋਰੀਡਾ ਦੇ 56 ਸਾਲਾ ਰਾਏਦ ਯੂਸਫ਼ 'ਤੇ ਵੀ ਲਗਭਗ 50,000 ਹਜ਼ਾਰ ਡਾਲਰ ਦੇਣ ਦਾ ਦੋਸ਼ ਹੈ। ਜਾਂਚ ਮੁਤਾਬਕ ਪੈਸੇ ਭੇਜਣ ਲਈ ਵਾਇਰ ਟਰਾਂਸਫਰ ਅਤੇ ਵਿਚੋਲਿਆਂ ਸਮੇਤ ਵੱਖ-ਵੱਖ ਤਰੀਕੇ ਵਰਤੇ ਗਏ। ਨਿਆਂ ਵਿਭਾਗ ਦਾ ਕਹਿਣਾ ਹੈ ਕਿ ਅਲਜ਼ਾਕ ਹਮਾਸ ਦੇ ਹਥਿਆਰਬੰਦ ਵਿੰਗ ਅਲ-ਕੱਸਾਮ ਬ੍ਰਿਗੇਡਜ਼ ਨਾਲ ਜੁੜਿਆ ਹੋਇਆ ਹੈ। ਉਸ ਖ਼ਿਲਾਫ਼ ਹਮਾਸ ਨੂੰ ਮਦਦ ਦੇਣ ਦੀ ਸਾਜ਼ਿਸ਼, ਮਨੀ ਲਾਂਡਰਿੰਗ ਅਤੇ ਹੋਰ ਫੈਡਰਲ ਕਾਨੂੰਨਾਂ ਦੀ ਉਲੰਘਣਾ ਨਾਲ ਸਬੰਧਤ ਦੋਸ਼ ਲਗਾਏ ਗਏ ਹਨ। ਇਨ੍ਹਾਂ ਵਿੱਚੋਂ ਕਈ ਦੋਸ਼ਾਂ ਲਈ ਵੱਧ ਤੋਂ ਵੱਧ 20 ਸਾਲ ਦੀ ਕੈਦ ਹੋ ਸਕਦੀ ਹੈ। ਇਸੇ ਜਾਂਚ ਤਹਿਤ ਫਰਾਂਸ ਵਿੱਚ ਫੌਜ਼ੀ ਬਰੀਕਾ, ਅਮੇਲ ਓਆਲਿਦ ਅਤੇ ਨੋਰਦੀਨ ਬਰੀਕਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਮਰੀਕੀ ਅਧਿਕਾਰੀਆਂ ਮੁਤਾਬਕ ਇਹ ਕਾਰਵਾਈ ਕਈ ਦੇਸ਼ਾਂ ਤੱਕ ਫੈਲੇ ਕਥਿਤ ਫੰਡਿੰਗ ਨੈੱਟਵਰਕ ਦੀ ਜਾਂਚ ਦਾ ਨਤੀਜਾ ਹੈ। ਅਮਰੀਕਾ ਵਿਚ ਲਗਾਏ ਗਏ ਦੋਸ਼ ਫਿਲਹਾਲ ਇਲਜ਼ਾਮ ਹਨ ਅਤੇ ਅਦਾਲਤ ਵਿਚ ਦੋਸ਼ ਸਾਬਤ ਹੋਣ ਤੱਕ ਮੁਲਜ਼ਮਾਂ ਨੂੰ ਬੇਕਸੂਰ ਮੰਨਿਆ ਜਾਵੇਗਾ।

# ਫਰਿਜ਼ਨੋ ਵਿਖੇ 'ਵਿਸਪਰ ਆਫ ਸੋਲ' ਵੱਲੋਂ ਕਰਵਾਈ ਕਰਿਉਕੇ ਨਾਈਟ ਨੇ ਸੰਗੀਤ ਨਾਲ ਕੀਲੇ ਸਰੋਤੇ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਰੋਜ਼ਾਨਾ ਜ਼ਿੰਦਗੀ ਦੇ ਰੁਝੇਵਿਆਂ ਭਰੇ ਪਲਾਂ ਨੂੰ ਸਕੂਨ ਵਿੱਚ ਬਦਲਣ ਲਈ "ਵਿਸਪਰ ਆਫ ਸੋਲ" ਦੇ ਬੈਨਰ ਹੇਠ ਡਾ. ਰੁਬੀਨਾ ਗਿੱਲ ਅਤੇ ਡਾ. ਹਰਮੇਸ ਕੁਮਾਰ ਵੱਲੋਂ ਫਰਿਜ਼ਨੋ ਵਿਖੇ ਕਰਿਉਕੇ ਨਾਈਟ ਕਰਵਾਈ ਗਈ। ਜਿੱਥੇ ਰੂਹ ਦੀ ਖ਼ੁਰਾਕ ਪਰਿਵਾਰਿਕ, ਸੱਭਿਆਚਾਰਕ ਅਤੇ ਅਨੰਦਮਈ ਸੰਗੀਤ ਰਾਹੀਂ ਬਹੁਤ ਸਾਰੇ ਨਾਮਵਰ ਕਲਾਕਾਰਾਂ ਨੇ ਆਪਣੀ ਗਾਇਕੀ ਰਾਹੀਂ ਹਾਜ਼ਰ ਸਰੋਤਿਆਂ ਨੂੰ ਕਈ ਘੰਟੇ ਤੱਕ ਆਪਣੇ ਨਾਲ ਜੋੜ ਕੇ ਰੱਖਿਆ। ਇਹ ਇਕ ਅਜਿਹੀ ਕਰਿਉਕੇ ਨਾਈਟ ਸੀ ਜਿਸ ਵਿੱਚ ਸਰਹੱਦਾਂ ਤੋਂ ਦੂਰ ਚੜਦੇ ਅਤੇ ਲਹਿੰਦੇ ਪੰਜਾਬ ਦੇ ਗਾਇਕ ਕਲਾਕਾਰਾਂ ਨੇ ਇਕੱਠੇ ਆਪਣੇ ਫ਼ਨ ਦਾ ਖੁੱਲ ਕੇ ਇਜ਼ਹਾਰ ਕੀਤਾ। ਪ੍ਰੋਗਰਾਮ ਦੌਰਾਨ ਮੁੱਖ ਪ੍ਰਬੰਧਕਾਂ ਵਿੱਚੋਂ ਡਾ. ਹਰਮੇਸ ਕੁਮਾਰ ਅਤੇ ਡਾ. ਰੁਬੀਨਾ ਗਿੱਲ ਨੇ ਵੀ ਬਹੁਤ ਸਾਰੇ ਗੀਤ ਗਾ ਹਾਜਰੀਨ ਦੀ ਮਾਨਸਿਕ ਤ੍ਰਿਪਤੀ ਕੀਤੀ। ਕਈ ਘੰਟੇ ਚੱਲੀ ਇਸ ਸੰਗੀਤਕ ਮਹਿਫ਼ਲ ਵਿੱਚ ਹਿੰਦੀ ਅਤੇ ਪੰਜਾਬੀ ਗਾਇਕੀ ਦਾ ਅਜਿਹਾ ਦੌਰ ਚੱਲਿਆ ਜਿਸ ਵਿੱਚ



ਸਥਾਨਿਕ ਪੰਜਾਬੀ ਦੇ ਨਾਮਵਰ ਗਾਇਕ ਅਵਤਾਰ ਗਰੇਵਾਲ, ਬਾਈ ਸੁਰਜੀਤ (ਮਾਛੀਵਾੜਾ), ਕਮਲਜੀਤ ਬੈਨੀਪਾਲ ਅਤੇ ਹੋਰਨਾਂ ਨੇ ਵੀ ਮਹੌਲ ਨੂੰ ਉੱਚੀ ਸੁਰ ਦਿੰਦੇ ਹੋਏ ਰੰਗੀਨ ਬਣਾ ਦਿੱਤਾ। ਜਦ ਕਿ ਬਾਕੀ ਖਾਸ ਕਰਿਉਕੀ ਕਲਾਕਾਰਾਂ ਵਿੱਚ ਦੇਵੰਗ ਪਰਜਾਪਤੀ, ਕ੍ਰਿਤਿਆਕੇ ਝਾਅ, ਜਤਿੰਦਰ ਸਿੰਘ, ਵੀਨਾ ਸਿੰਘ, ਮਲਿਕ ਸੈਕਰਾਮੈਂਟੋ, ਸੁਰੇਸ਼ ਨਾਇਰ ਆਦਿਕ। ਇਸ ਪ੍ਰੋਗਰਾਮ ਦੇ ਪਲਾਂ ਨੂੰ ਯਾਦਗਾਰੀ ਬਣਾਉਣ ਲਈ ਅਖਬਾਰ ਸੰਚਾਲਕ ਅਤੇ ਜਰਨਲਿਸਟ ਪ੍ਰੇਮ ਚੁੰਬਰ ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਜਦ ਸਮੇਂ ਨੀ ਨਜ਼ਾਕਤ ਨੂੰ ਸਮਝਦੇ ਹੋਏ ਸਟੇਜ ਸੰਚਾਲਨ ਦੀ ਭੂਮਿਕਾ ਜਤਿੰਦਰ ਸਿੰਘ ਅਤੇ ਡਾ. ਰੁਬੀਨਾ ਗਿੱਲ ਨੇ ਨਿਭਾਈ। ਪ੍ਰਬੰਧਕਾਂ ਵੱਲੋਂ ਸਮੂੰਹ ਹਾਜ਼ਰੀਨ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਦਾ ਅੰਤ ਮਹਿਫਲ ਨੂੰ ਯਾਦਗਾਰੀ ਬਣਾਉਦੇ ਹੋਏ ਸ਼ਾਨਦਾਰ ਖਾਣੇ ਨਾਲ ਹੋਇਆ।


ਸਾਡੇ ਨਾਲ ਜੁੜੋ ! 'ਇਨਸਾਫ਼ ਦੇ ਸਿੱਕੇ'
ਪ੍ਰਦਰਸ਼ਨੀ ਅਤੇ ਭਵਿੱਖ ਲਈ ਸਿੱਖਿਆਵਾਂ ਦੀ ਵਿਸ਼ੇਸ਼ ਪੇਸ਼ਕਾਰੀ
10 ਅਕਤੂਬਰ 2026 - ਦੁਪਹਿਰ 3.00 ਵਜੇ ਲਾਥਰੋਪ ਕੈਲੀਫੋਰਨੀਆ
ਕੇਸਰ ਸਿੰਘ ਗ਼ਦਰ ਮੈਮੋਰੀਅਲ ਟਰੱਸਟ
ਇਕ ਵਿਸ਼ੇਸ਼ ਗੱਲਬਾਤ ਦੀ ਮੇਜ਼ਬਾਨੀ ਕਰ ਰਿਹਾ ਹੈ
ਸਿੱਖ ਰਾਜ
ਮੁੱਖ ਬੁਲਾਰੇ
ਅੰਜੁਮ ਜਾਵੇਦ
ਪੁਰਾਤੱਤਵ ਵਿਗਿਆਨੀ ਅਤੇ ਸਾਬਕਾ ਕਿਊਰੇਟਰ,
ਲਾਹੌਰ ਕਿਲ੍ਹਾ ਸਿੱਖ ਹੈਰੀਟੇਜ ਮਿਊਜ਼ੀਅਮ
ਸ਼ਨਿਚਰਵਾਰ : 10 ਅਕਤੂਬਰ, 2026
ਦੁਪਹਿਰ : 3.00 - ਸ਼ਾਮ 5.00 ਵਜੇ
17908 Murphy Pkwy,
Lathrop, CA 95330
ਚਾਹ ਅਤੇ ਸਨੈਕਸ ਵਰਤਾਏ ਜਾਣਗੇ
ਇਤਿਹਾਸਕ ਸਿੱਖ ਸਿੱਕਿਆਂ ਦੀ ਪ੍ਰਦਰਸ਼ਨੀ
ਵਧੇਰੇ ਜਾਣਕਾਰੀ ਲਈ : (209) 321-0337

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਟਾਕਾਨੀਨੀ ਗੁਰਦੁਆਰਾ ਸਾਹਿਬ 'ਚ ਹੋਏ ਨਤਮਸਤਕ, ਭਾਰਤੀ ਭਾਈਚਾਰੇ ਨਾਲ ਕੀਤੀ ਮੁਲਾਕਾਤ








ਨਿਊਜ਼ੀਲੈਂਡ : ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਹਾਲ ਹੀ ਵਿਚ ਟਾਕਾਨੀਨੀ ਗੁਰਦੁਆਰਾ ਸਾਹਿਬ ਵਿਚ ਨਤਮਸਤਕ ਹੋਏ, ਜਿੱਥੇ ਉਨ੍ਹਾਂ ਨੇ ਭਾਰਤੀ ਭਾਈਚਾਰੇ ਲਈ ਆਯੋਜਿਤ ਇੱਕ ਧਾਰਮਿਕ ਅਤੇ ਭਾਈਚਾਰਕ ਸਮਾਗਮ ਵਿਚ ਸ਼ਿਰਕਤ ਕੀਤੀ। ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਵੀ ਕੀਤੀ। ਇਸ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨੇ ਮੌਜੂਦਾ ਨਿਊਜ਼ੀਲੈਂਡ ਸਰਕਾਰ ਦੁਆਰਾ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਭਾਈਚਾਰੇ ਨਾਲ ਵਿਸਥਾਰ ਵਿੱਚ ਗੱਲ ਕੀਤੀ। ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਆਪਣੇ ਫੇਸਬੁੱਕ ਪੇਜ 'ਤੇ ਇਸ਼ ਸਮਾਗਮ ਸਬੰਧੀ ਤਸਵੀਰਾਂ ਵੀ ਸ਼ੇਅਰ ਕੀਤੀਆਂ ਹਨ।

ਇਸ ਸਮਾਗਮ ਦੌਰਾਨ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਨਾਲ ਨਿਊਜ਼ੀਲੈਂਡ ਵਿੱਚ ਆਪਣੇ ਅਨੁਭਵ, ਸਥਾਨਕ ਸਥਿਤੀਆਂ ਅਤੇ ਸਰਕਾਰ ਤੋਂ ਉਮੀਦਾਂ ਸਾਂਝੀਆਂ ਕੀਤੀਆਂ। ਪ੍ਰਧਾਨ ਮੰਤਰੀ ਲਕਸਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੁੱਖ ਧਿਆਨ ਦੇਸ਼ ਦਾ ਵਿਕਾਸ, ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਆਮ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਨੇ ਸੜਕਾਂ, ਪੁਲਾਂ, ਆਵਾਜਾਈ ਅਤੇ ਹੋਰ ਬੁਨਿਆਦੀ ਢਾਂਚੇ ਦੇ ਵਿਸਥਾਰ ਨੂੰ ਭਵਿੱਖ ਲਈ ਮਹੱਤਵਪੂਰਨ ਦੱਸਿਆ। ਪ੍ਰਧਾਨ ਮੰਤਰੀ ਨੇ ਸੰਕੇਤ ਦਿੱਤਾ ਕਿ ਜੇਕਰ ਉਨ੍ਹਾਂ ਦੀ ਸਰਕਾਰ ਦੁਬਾਰਾ ਚੁਣੀ ਜਾਂਦੀ ਹੈ, ਤਾਂ ਵਿਕਾਸ ਪ੍ਰੋਜੈਕਟਾਂ ਨੂੰ ਵੱਡੇ ਪੱਧਰ 'ਤੇ ਅੱਗੇ ਵਧਾਇਆ ਜਾਵੇਗਾ। ਨਵੀਆਂ ਸੜਕਾਂ ਬਣਾਉਣ, ਪੁਲਾਂ ਦਾ ਵਿਸਥਾਰ ਕਰਨ ਅਤੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਖਾਸ ਜ਼ੋਰ ਦਿੱਤਾ ਗਿਆ। ਉਨ੍ਹਾਂ ਦਾ ਸੰਦੇਸ਼ ਸਪੱਸ਼ਟ ਸੀ: ਨਿਊਜ਼ੀਲੈਂਡ ਦੀ ਆਰਥਿਕ ਤਰੱਕੀ ਲਈ ਮਜ਼ਬੂਤ ਬੁਨਿਆਦੀ ਢਾਂਚਾ ਜ਼ਰੂਰੀ ਹੈ ਅਤੇ ਸਰਕਾਰ ਭਵਿੱਖ ਵਿੱਚ ਇਸ ਖੇਤਰ ਵਿੱਚ ਭਾਰੀ ਨਿਵੇਸ਼ ਜਾਰੀ ਰੱਖਣ ਦਾ ਇਰਾਦਾ ਰੱਖਦੀ ਹੈ।

ਇਸ ਸਮਾਗਮ ਵਿੱਚ ਪ੍ਰਧਾਨ ਮੰਤਰੀ ਨੇ ਨਾ ਸਿਰਫ਼ ਭਵਿੱਖ ਦੀਆਂ ਯੋਜਨਾਵਾਂ 'ਤੇ ਚਰਚਾ ਕੀਤੀ, ਸਗੋਂ ਉਨ੍ਹਾਂ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਕੀਤੇ ਗਏ ਵਿਕਾਸ ਕਾਰਜਾਂ ਅਤੇ ਬੁਨਿਆਦੀ ਢਾਂਚੇ ਦੀਆਂ ਪਹਿਲਕਦਮੀਆਂ 'ਤੇ ਵੀ ਚਾਨਣਾ ਪਾਇਆ। ਨਿਊਜ਼ੀਲੈਂਡ ਸਰਕਾਰ ਦੇ ਅਧਿਕਾਰਤ ਬਿਆਨਾਂ ਅਨੁਸਾਰ ਸਰਕਾਰ ਨੇ ਲੰਬੇ ਸਮੇਂ ਦੀ ਰਾਸ਼ਟਰੀ ਬੁਨਿਆਦੀ ਢਾਂਚਾ ਯੋਜਨਾ, ਬਿਹਤਰ ਸੰਪਤੀ ਪ੍ਰਬੰਧਨ, ਬਿਹਤਰ ਬੁਨਿਆਦੀ ਢਾਂਚਾ ਫੰਡਿੰਗ ਅਤੇ ਵਿੱਤ, ਅਤੇ ਵੱਡੇ ਆਵਾਜਾਈ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਵਰਗੇ ਖੇਤਰਾਂ ਨੂੰ ਤਰਜੀਹ ਦਿੱਤੀ ਹੈ। ਸਰਕਾਰ ਦਾ ਕਹਿਣਾ ਹੈ ਕਿ 2026 ਦੇ ਅੰਤ ਤੱਕ, ਕੇਂਦਰੀ ਸਰਕਾਰ ਦੇ ਪੱਧਰ 'ਤੇ NZ$20 ਬਿਲੀਅਨ ਤੋਂ ਵੱਧ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ 'ਤੇ ਨਿਰਮਾਣ ਸ਼ੁਰੂ ਹੋ ਜਾਵੇਗਾ। ਸਰਕਾਰ ਨੇ ਇਹ ਵੀ ਕਿਹਾ ਹੈ ਕਿ ਉਹ ਰਾਸ਼ਟਰੀ ਮਹੱਤਵ ਵਾਲੀਆਂ ਸੜਕਾਂ ਬਣਾਉਣ ਅਤੇ ਆਵਾਜਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕਈ ਯੋਜਨਾਵਾਂ ਨੂੰ ਅੱਗੇ ਵਧਾਏਗੀ।



ਪ੍ਰਧਾਨ ਮੰਤਰੀ ਦੀ ਭਾਰਤੀ ਭਾਈਚਾਰੇ ਤੱਕ ਪਹੁੰਚ ਨੂੰ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਨਿਊਜ਼ੀਲੈਂਡ ਅਤੇ ਭਾਰਤੀ ਸਰਕਾਰਾਂ ਦੇ ਸਾਂਝੇ ਬਿਆਨਾਂ ਵਿੱਚ ਭਾਰਤੀ ਭਾਈਚਾਰੇ ਨੂੰ ਨਿਊਜ਼ੀਲੈਂਡ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਦੱਸਿਆ ਗਿਆ ਹੈ। ਦੋਵਾਂ ਦੇਸ਼ਾਂ ਨੇ ਹਾਲ ਹੀ ਵਿੱਚ ਆਪਣੇ ਸਬੰਧਾਂ ਨੂੰ ਇੱਕ ਰਣਨੀਤਕ ਭਾਈਵਾਲੀ ਤੱਕ ਉੱਚਾ ਚੁੱਕਿਆ ਹੈ। ਇਸ ਸੰਦਰਭ ਵਿੱਚ, ਧਾਰਮਿਕ ਅਤੇ ਭਾਈਚਾਰਕ ਸਮਾਗਮਾਂ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਪ੍ਰਧਾਨ ਮੰਤਰੀ ਦੀ ਸਿੱਧੀ ਗੱਲਬਾਤ ਵੀ ਦੋਵਾਂ ਦੇਸ਼ਾਂ ਵਿਚਕਾਰ ਵਧ ਰਹੇ ਸਮਾਜਿਕ ਸਬੰਧਾਂ ਨੂੰ ਦਰਸਾਉਂਦੀ ਹੈ।

ਨਿਊਜ਼ੀਲੈਂਡ ਵਿੱਚ ਚੋਣ ਮਾਹੌਲ ਤੇਜ਼ ਹੋ ਗਿਆ ਹੈ। 1 ਅਕਤੂਬਰ, 2026 ਨੂੰ ਸੰਸਦ ਭੰਗ ਕਰ ਦਿੱਤੀ ਗਈ ਸੀ ਅਤੇ ਆਮ ਚੋਣਾਂ 7 ਨਵੰਬਰ, 2026 ਨੂੰ ਹੋਣੀਆਂ ਹਨ। ਇਸ ਸਮੇਂ ਪ੍ਰਧਾਨ ਮੰਤਰੀ ਵੱਲੋਂ ਸਰਕਾਰ ਦੇ ਵਿਕਾਸ ਕਾਰਜਾਂ ਅਤੇ ਭਵਿੱਖ ਦੇ ਬੁਨਿਆਦੀ ਢਾਂਚੇ ਦੇ ਨਿਵੇਸ਼ਾਂ ਨੂੰ ਉਜਾਗਰ ਕਰਨਾ ਰਾਜਨੀਤਿਕ ਤੌਰ 'ਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ। ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨਾਲ ਸ਼ੁਭਮ ਸ਼ਰਮਾ ਦੀ ਗੱਲਬਾਤ ਵੀ ਭਾਰਤੀ ਭਾਈਚਾਰੇ ਨਾਲ ਇਸ ਗੱਲਬਾਤ ਦਾ ਇੱਕ ਮੁੱਖ ਵਿਸ਼ਾ ਸੀ। ਇਸ ਪੂਰੇ ਸਮਾਗਮ ਨੇ ਇਸ ਨੂੰ ਨਿਊਜ਼ੀਲੈਂਡ ਵਿੱਚ ਭਾਰਤੀ ਭਾਈਚਾਰੇ ਲਈ ਇੱਕ ਯਾਦਗਾਰੀ ਮੁਲਾਕਾਤ ਬਣਾ ਦਿੱਤਾ।

## ਪੰਜਾਬ ਦੇ ਮੁੰਡੇ ਨੇ ਕੈਨੇਡਾ 'ਚ ਗੱਡੇ ਝੰਡੇ, ਹਰਜੋਤ ਸਿੰਘ ਵਿਰਕ ਬਣਿਆ ਏਅਰ ਫੋਰਸ ਦਾ ਅਫ਼ਸਰ

ਜਗਰਾਓਂ (ਮਾਲਵਾ) : ਹਲਕਾ ਜਗਰਾਓਂ ਦੇ ਪਿੰਡ ਡਾਂਗੀਆਂ ਦੇ ਨੌਜਵਾਨ ਹਰਜੋਤ ਸਿੰਘ ਵਿਰਕ ਨੇ ਆਪਣੀ ਮਿਹਨਤ, ਲਗਨ ਅਤੇ ਕਾਬਲੀਅਤ ਦੇ ਬਲਬੂਤੇ ਕੈਨੇਡਾ ਏਅਰ ਫੋਰਸ ਵਿਚ ਅਫ਼ਸਰ ਵਜੋਂ ਚੁਣੇ ਜਾਣ ਦਾ ਮਾਣ ਹਾਸਲ ਕੀਤਾ ਹੈ। ਦੱਸ ਦੇਈਏ ਕਿ ਹਰਜੋਤ ਸਿੰਘ ਦੀ ਇਸ ਪ੍ਰਾਪਤੀ ਨਾਲ ਜਿਥੇ ਪਰਿਵਾਰ ਵਿਚ ਖ਼ੁਸ਼ੀ ਦੀ ਲਹਿਰ ਹੈ, ਉਥੇ ਹੀ ਪਿੰਡ ਡਾਂਗੀਆਂ ਤੇ ਸਮੁੱਚੇ ਇਲਾਕੇ ਵਿਚ ਵੀ ਇਸ ਕਾਮਯਾਬੀ ਨੂੰ ਮਾਣ ਨਾਲ ਦੇਖਿਆ ਜਾ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਨੌਜਵਾਨ ਹਰਜੋਤ ਸਿੰਘ ਦੀ ਇਹ



ਉਪਲਬਧੀ ਇਸ ਲਈ ਵੀ ਵਿਸ਼ੇਸ਼ ਹੈ, ਕਿਉਂਕਿ ਉਨ੍ਹਾਂ ਦੇ ਪਰਿਵਾਰ ਦੀਆਂ ਪਿਛਲੀਆਂ ਪੀੜ੍ਹੀਆਂ ਦਾ ਫ਼ੌਜ ਨਾਲ ਡੂੰਘਾ ਨਾਤਾ ਰਿਹਾ ਹੈ। ਉਨ੍ਹਾਂ ਦੇ ਪਿਤਾ ਅਤੇ ਦੋਵੇਂ ਤਾਇਆ ਭਾਰਤੀ ਫ਼ੌਜ ਵਿਚ ਸੇਵਾ ਨਿਭਾਅ ਚੁੱਕੇ ਹਨ। ਇਸ ਤਰ੍ਹਾਂ ਫ਼ੌਜੀ ਅਨੁਸ਼ਾਸਨ ਅਤੇ ਸੇਵਾ ਦੀ ਭਾਵਨਾ ਨਾਲ ਜੁੜੀ ਪਰਿਵਾਰਕ ਵਿਰਾਸਤ ਨੂੰ ਹਰਜੋਤ ਸਿੰਘ ਨੇ ਕੈਨੇਡਾ ਵਿਚ ਅੱਗੇ ਵਧਾਉਂਦਿਆਂ ਏਅਰ ਫੋਰਸ ਵਿਚ ਅਫ਼ਸਰ ਵਜੋਂ ਆਪਣੀ ਪਛਾਣ ਬਣਾਈ ਹੈ।

## ਨਿਊਯਾਰਕ-ਕੈਨੇਡਾ ਸਰਹੱਦ 'ਤੇ ਟਰੱਕ 'ਚੋਂ 60 ਲੱਖ ਡਾਲਰ ਦੀ ਕੋਕੀਨ ਬਰਾਮਦ

ਨਿਊਯਾਰਕ : ਅਮਰੀਕਾ ਤੋਂ ਕੈਨੇਡਾ ਵੱਲ ਜਾ ਰਹੇ ਇਕ ਖਾਲੀ ਸੈਮੀ-ਟ੍ਰੇਲਰ ਦੀ ਜਾਂਚ ਦੌਰਾਨ ਸਰਹੱਦੀ ਅਧਿਕਾਰੀਆਂ ਨੇ ਕਰੀਬ 450 ਪੌਂਡ ਕੋਕੀਨ ਬਰਾਮਦ ਕੀਤੀ ਹੈ। ਨਸ਼ੀਲੇ ਪਦਾਰਥ ਦੀ ਅੰਦਾਜ਼ਨ ਕੀਮਤ 60 ਲੱਖ ਡਾਲਰ ਦੱਸੀ ਗਈ ਹੈ। ਕੋਕੀਨ ਨੂੰ ਟ੍ਰੇਲਰ ਦੇ ਫਰਸ਼ ਹੇਠਾਂ ਬਣਾਈ ਗਈ ਗੁਪਤ ਥਾਂ 'ਚ ਲੁਕਾਇਆ ਗਿਆ ਸੀ। ਇਹ ਮਾਮਲਾ ਨਿਊਯਾਰਕ ਦੇ ਬਫੇਲੋ ਨੇੜੇ ਲਿਊਇਸਟਨ ਬ੍ਰਿਜ ਸਰਹੱਦੀ ਲਾਂਘੇ 'ਤੇ



ਸਾਹਮਣੇ ਆਇਆ। ਟਰੱਕ ਨੂੰ ਕੈਨੇਡੀਅਨ ਨੌਜਵਾਨ ਚਲਾ ਰਿਹਾ ਸੀ। ਆਮ ਜਾਂਚ ਦੌਰਾਨ ਅਧਿਕਾਰੀਆਂ ਨੇ ਟ੍ਰੇਲਰ ਦੇ ਫਰਸ਼ ਹੇਠਾਂ ਲੁਕਾਏ 174 ਪੈਕਟ ਬਰਾਮਦ ਕੀਤੇ। ਜਾਂਚ ਵਿਚ ਇਨ੍ਹਾਂ ਪੈਕਟਾਂ 'ਚ ਕੋਕੀਨ ਹੋਣ ਦੀ ਪੁਸ਼ਟੀ ਹੋਈ। ਮਾਮਲਾ ਅੱਗੇ ਦੀ ਜਾਂਚ ਲਈ ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨਜ਼ ਦੇ ਬਫੇਲੋ ਦਫ਼ਤਰ ਨੂੰ ਸੌਂਪ ਦਿੱਤਾ ਗਿਆ ਹੈ।

## ਅਮਰੀਕਾ 'ਚ ਮਹਿਲਾ ਆਗੂਆਂ ਲਈ AI-ਅਧਾਰਿਤ ਪਲੇਟਫਾਰਮ ਲਾਂਚ

ਨਿਊਯਾਰਕ : ਮਹਿਲਾ ਆਗੂਆਂ ਦੇ ਇੱਕ ਗਲੋਬਲ ਨੈੱਟਵਰਕ ਨੇ ਇੱਕ AI-ਅਧਾਰਿਤ ਪਲੇਟਫਾਰਮ ਲਾਂਚ ਕੀਤਾ ਹੈ ਜੋ ਤਕਨਾਲੋਜੀ ਰਾਹੀਂ ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਵਿੱਚ ਸੰਪਰਕ ਅਤੇ ਮੌਕਿਆਂ ਨੂੰ ਵਧਾਉਣ ਲਈ ਕੰਮ ਕਰੇਗਾ। ਨੈੱਟਵਰਕਿੰਗ ਪਲੇਟਫਾਰਮ, ਵੂਮੈਨ ਇੰਸਪਾਇਰਿੰਗ ਨੈੱਟਵਰਕ (WIN) ਨੇ ਗਲੋਬਲ ਮਹਿਲਾ ਆਗੂਆਂ ਲਈ ਆਪਣਾ AI-ਅਧਾਰਿਤ ਪਲੇਟਫਾਰਮ, "WIN Connect" ਲਾਂਚ ਕੀਤਾ। ਇਹ ਪਲੇਟਫਾਰਮ ਪਿਛਲੇ ਮਹੀਨੇ ਇੱਥੇ ਹੁਕਮ ਰਾਜ ਲੀਗੇਸੀ ਦੀ ਵਿਕਾਸ ਮੁਖੀ ਅਤੇ ਉਬੇਰਟਾਸ ਵਰਲਡ ਦੀ ਚੇਅਰਪਰਸਨ ਰਾਜਕੁਮਾਰੀ ਜਾਹਨਵੀ ਕੁਮਾਰੀ ਮੇਵਾੜ ਅਤੇ ਨਿਊਯਾਰਕ ਦੇ ਮੇਅਰ ਦਫ਼ਤਰ ਵਿਖੇ ਘੱਟ ਗਿਣਤੀ ਅਤੇ ਔਰਤਾਂ ਦੀ ਮਲਕੀਅਤ ਵਾਲੇ ਕਾਰੋਬਾਰੀ ਉੱਦਮਾਂ (M/WBE) ਲਈ ਡਿਪਟੀ ਚੀਫ਼ ਬਿਜ਼ਨਸ ਡਾਇਵਰਸਿਟੀ ਅਫ਼ਸਰ ਦਿਲੀਪ ਚੌਹਾਨ ਦੁਆਰਾ ਲਾਂਚ ਕੀਤਾ ਗਿਆ ਸੀ। WIN ਦੁਆਰਾ ਜਾਰੀ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਵੂਮੈਨ ਇੰਸਪਾਇਰਿੰਗ ਨੈੱਟਵਰਕ ਨੇ ਪਿਛਲੇ ਮਹੀਨੇ 'ਹੈਸ਼ਟੈਗ WIN ਲਾਊਂਜ' ਵਿਖੇ ਪ੍ਰਮੁੱਖ ਕਾਰੋਬਾਰੀ ਆਗੂਆਂ, ਨਿਵੇਸ਼ਕਾਂ, ਨੀਤੀ ਨਿਰਮਾਤਾਵਾਂ ਅਤੇ ਵਿਗਿਆਨੀਆਂ ਨੂੰ ਇਕੱਠਾ ਕੀਤਾ ਸੀ।

ਇਹ ਸਮਾਗਮ ਪਿਛਲੇ ਮਹੀਨੇ ਨਿਊਯਾਰਕ ਜਲਵਾਯੂ ਹਫ਼ਤੇ ਦੌਰਾਨ ਆਯੋਜਿਤ ਕੀਤਾ ਗਿਆ ਸੀ, ਜੋ ਕਿ ਸੰਯੁਕਤ ਰਾਸ਼ਟਰ ਮਹਾਸਭਾ ਦੀ ਹਫ਼ਤੇ ਭਰ ਚੱਲਣ ਵਾਲੀ ਉੱਚ-ਪੱਧਰੀ ਮੀਟਿੰਗ ਦੇ ਨਾਲ ਮੇਲ ਖਾਂਦਾ ਸੀ। ਪਲੇਟਫਾਰਮ ਨੇ ਕਿਹਾ ਕਿ "WIN Connect" 50 ਦੇਸ਼ਾਂ ਵਿੱਚ 10,000 ਤੋਂ ਵੱਧ ਮੈਂਬਰਾਂ ਵਾਲੇ ⇒9◎




ਦੇ ਨੈੱਟਵਰਕ ਦੀ ਪੂਰੀ ਸਮਰੱਥਾ ਨੂੰ ਵਰਤਣ ਲਈ ਤਿਆਰ ਕੀਤਾ ਗਿਆ ਹੈ। ਇਹ ਦੁਨੀਆ ਭਰ ਦੀਆਂ ਮਹਿਲਾ ਆਗੂਆਂ ਨੂੰ ਸਹੀ ਲੋਕਾਂ ਅਤੇ ਪੈਮਾਨੇ 'ਤੇ ਮੌਕਿਆਂ ਨਾਲ ਜੋੜਦਾ ਹੈ। ਇਸ ਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਹਨ "WIN ਕੰਪਾਸ," ਜੋ ਮੈਂਬਰ ਨੈੱਟਵਰਕ ਦੇ ਅੰਦਰ AI-ਅਧਾਰਤ ਖੋਜ ਦੀ ਸਹੂਲਤ ਦਿੰਦਾ ਹੈ; "WIN ਸਰਕਲ," ਜੋ ਭਰੋਸੇਮੰਦ ਆਗੂਆਂ ਦੇ ਆਪਣੇ ਭਾਈਚਾਰੇ ਨੂੰ ਇਕੱਠਾ ਕਰਦਾ ਹੈ; "WIN Opportunity," ਜੋ ਕਾਰੋਬਾਰੀ ਜ਼ਰੂਰਤਾਂ ਦੀ ਪਛਾਣ ਕਰਨ ਤੋਂ ਲੈ ਕੇ ਇੱਕ ਪ੍ਰਸਤਾਵ ਤਿਆਰ ਕਰਨ ਤੋਂ ਲੈ ਕੇ ਇੱਕ AI-ਸੰਚਾਲਿਤ ਦਰਬਾਨ ਦੁਆਰਾ ਸਹੀ ਵਿਅਕਤੀ ਨੂੰ ਪੇਸ਼ ਕਰਨ ਤੱਕ ਪੂਰੀ ਪ੍ਰਕਿਰਿਆ ਨੂੰ ਸਵੈਚਾਲਿਤ ਕਰਦਾ ਹੈ; ਅਤੇ "WIN Impact," ਜਿੱਥੇ ਸੰਗਠਨ ਪਰਿਵਾਰਕ ਦਫਤਰਾਂ, ਫਾਊਂਡੇਸ਼ਨਾਂ ਅਤੇ ਨੇਤਾਵਾਂ ਨੂੰ ਆਪਣਾ ਕੰਮ ਦਿਖਾ ਸਕਦੇ ਹਨ।

ਚੌਹਾਨ ਨੇ ਕਿਹਾ, 'ਰਿਸ਼ਤੇ ਪੂੰਜੀ ਹਨ। ਗਿਆਨ ਪੂੰਜੀ ਹੈ। ਨੈੱਟਵਰਕ ਪੂੰਜੀ ਹਨ।' ਉਨ੍ਹਾਂ ਨੇ ਕਿਹਾ ਕਿ ਕਈ ਵਾਰ ਸਹੀ ਨਿਵੇਸ਼ਕ, ਗਾਹਕ, ਕਾਰੋਬਾਰੀ ਭਾਈਵਾਲ, ਸਰਕਾਰੀ ਏਜੰਸੀ, ਜਾਂ ਸਲਾਹਕਾਰ ਨਾਲ ਇੱਕ ਜਾਣ-ਪਛਾਣ ਕਾਰੋਬਾਰ ਦੇ ਰਾਹ ਨੂੰ ਬਦਲ ਸਕਦੀ ਹੈ। ਐਆਈ ਜ਼ਰੀਏ ਮਹਿਲਾ ਆਗੂਆਂ ਨੂੰ 'ਸਹੀ ਲੋਕਾਂ ਅਤੇ ਸਹੀ ਸਮੇਂ 'ਤੇ ਸਹੀ ਮੌਕਿਆਂ' ਨਾਲ ਜੋੜਨ ਵਾਲੇ ਇਸ ਐਪ ਦਾ ਸਵਾਗਤ ਕਰਦਿਆਂ ਚੌਹਾਨ ਨੇ ਕਿਹਾ, 'ਮੇਰਾ ਮੰਨਣਾ ਹੈ ਕਿ ਤਕਨਾਲੋਜੀ ਨੂੰ ਸਬੰਧਾਂ ਦੀ ਥਾਂ ਨਹੀਂ ਲੈਣੀ ਚਾਹੀਦੀ। ਤਕਨਾਲੋਜੀ ਨੂੰ ਸਬੰਧਾਂ ਨੂੰ ਮਜ਼ਬੂਤ ਅਤੇ ਵਿਸਤਾਰ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ।' ਵੂਮੈਨ ਇੰਸਪਾਇਰਿੰਗ ਨੈੱਟਵਰਕ ਦੀ ਸੰਸਥਾਪਕ ਅਤੇ ਕਿਊਰੇਟਰ, ਸਟੂਤੀ ਜਾਲਾਨ ਨੇ WIN ਕਨੈਕਟ ਨੂੰ ਸੰਗਠਨ ਲਈ 'ਕੁਦਰਤੀ ਅਗਲਾ ਕਦਮ' ਕਿਹਾ।

# ਚੋਣ ਕਮਿਸ਼ਨ ਵਲੋਂ ਚੋਣਾਂ ਲਈ ਤਿਆਰੀ ਆਰੰਭ

ਦੇਸ਼ ਵਿਚ ਅਗਲੇ ਸਾਲ ਦੇ ਆਰੰਭ ਵਿਚ 5 ਰਾਜਾਂ ਦੀਆਂ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸਿਆਸੀ ਸਰਗਰਮੀਆਂ ਕਾਫੀ ਤੇਜ਼ ਹੋ ਗਈਆਂ ਹਨ। ਵੱਖ-ਵੱਖ ਰਾਜਨੀਤਕ ਪਾਰਟੀਆਂ ਵਲੋਂ ਆਪੋ-ਆਪਣੀ ਰਣਨੀਤੀ ਬਣਾਈ ਜਾ ਰਹੀ ਹੈ ਅਤੇ ਉਨ੍ਹਾਂ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਲੈ ਕੇ ਉਨ੍ਹਾਂ ਨੇ ਚੋਣ ਮੈਦਾਨ ਵਿਚ ਉਤਰਨਾ ਹੈ। ਸਿਆਸੀ ਪਾਰਟੀਆਂ ਵਲੋਂ ਆਪਣੇ ਉਮੀਦਵਾਰਾਂ ਦੀ ਚੋਣ ਕਰਨ ਦੇ ਨਾਲ-ਨਾਲ ਸਿਆਸੀ ਗੱਠਜੋੜਾਂ ਬਾਰੇ ਵੀ ਚਰਚਾ ਕੀਤੀ ਜਾ ਰਹੀ ਹੈ। ਉਨ੍ਹਾਂ ਵਲੋਂ ਆਪਣੇ ਜਥੇਬੰਦਕ ਢਾਂਚਿਆਂ ਨੂੰ ਵੀ ਮਜ਼ਬੂਤ ਤੇ ਗਤੀਸ਼ੀਲ ਬਣਾਇਆ ਜਾ ਰਿਹਾ ਹੈ। ਅਗਲੇ ਸਾਲ ਦੇ ਆਰੰਭ ਵਿਚ ਜਿਨ੍ਹਾਂ ਪੰਜ ਰਾਜਾਂ ਵਿਚ ਚੋਣਾਂ ਹੋਣੀਆਂ ਹਨ, ਉਨ੍ਹਾਂ ਵਿਚ ਉੱਤਰ ਪ੍ਰਦੇਸ਼, ਉੱਤਰਾਖੰਡ, ਪੰਜਾਬ, ਮਨੀਪੁਰ ਅਤੇ ਗੋਆ ਆਦਿ ਸ਼ਾਮਿਲ ਹਨ। ਉੱਤਰ ਪ੍ਰਦੇਸ਼ ਦੀ ਵਿਧਾਨ ਸਭਾ ਦਾ ਕਾਰਜਕਾਲ 22 ਮਈ, 2027 ਨੂੰ ਖ਼ਤਮ ਹੋਣ ਵਾਲਾ ਹੈ, ਜਦੋਂ ਕਿ ਪੰਜਾਬ, ਮਨੀਪੁਰ, ਗੋਆ ਅਤੇ ਉੱਤਰਾਖੰਡ ਦੀਆਂ ਵਿਧਾਨ ਸਭਾਵਾਂ ਦਾ ਕਾਰਜਕਾਲ ਮਾਰਚ ਵਿਚ ਖ਼ਤਮ ਹੋਵੇਗਾ। ਇਨ੍ਹਾਂ ਰਾਜਾਂ ਵਿਚ ਇਕੱਠਿਆਂ ਹੀ ਚੋਣਾਂ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ।

ਇਸੇ ਦੌਰਾਨ ਚੋਣ ਕਮਿਸ਼ਨ ਨੇ ਵੀ ਉਪਰੋਕਤ ਰਾਜਾਂ ਵਿਚ ਚੋਣਾਂ ਕਰਵਾਉਣ ਲਈ ਆਪਣੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਚੋਣ ਕਮਿਸ਼ਨ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਸ ਦੀਆਂ ਟੀਮਾਂ ਉਪ ਚੋਣ ਕਮਿਸ਼ਨਰਾਂ ਦੀ ਅਗਵਾਈ ਵਿਚ ਚੋਣਾਂ ਵਾਲੇ ਰਾਜਾਂ ਦਾ ਦੌਰਾ ਕਰਨਗੀਆਂ। ਇਨ੍ਹਾਂ ਦੌਰਿਆਂ ਦੀ ਸ਼ੁਰੂਆਤ ਅਕਤੂਬਰ ਮਹੀਨੇ ਵਿਚ ਗੋਆ ਤੋਂ ਹੋਵੇਗੀ। ਇਸ ਤੋਂ ਬਾਅਦ ਚੋਣ ਕਮਿਸ਼ਨ ਦੀ ਟੀਮ ਉੱਤਰਾਖੰਡ ਪਹੁੰਚੇਗੀ ਅਤੇ ਅਕਤੂਬਰ ਦੇ ਤੀਜੇ ਹਫ਼ਤੇ ਪੰਜਾਬ ਦਾ ਦੌਰਾ ਕਰੇਗੀ। ਚੋਣ ਕਮਿਸ਼ਨ ਦਾ ਇਹ ਆਮ ਅਭਿਆਸ ਹੈ ਕਿ ਚੋਣਾਂ ਦੀਆਂ ਮਿਤੀਆਂ ਦਾ ਐਲਾਨ ਕਰਨ ਤੋਂ ਪਹਿਲਾਂ ਉਹ ਚੋਣਾਂ ਵਾਲੇ ਰਾਜਾਂ ਵਿਚ ਆਪਣੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਾ ਹੈ। ਇਨ੍ਹਾਂ ਤਿਆਰੀਆਂ ਵਿਚ ਜਿਥੇ ਵੱਖ-ਵੱਖ ਪੱਧਰ 'ਤੇ ਪ੍ਰਸ਼ਾਸਨਿਕ ਤਾਇਨਾਤੀਆਂ ਨੂੰ ਦੇਖਿਆ ਜਾਂਦਾ ਹੈ, ਉਥੇ ਚੋਣ ਕਮਿਸ਼ਨ ਦੇ ਤਕਨੀਕੀ ਅਧਿਕਾਰੀ ਵੋਟਿੰਗ ਮਸ਼ੀਨਾਂ (ਵੀ.ਵੀ.ਐਮਜ਼) ਦਾ ਵੀ ਮੁਆਇਨਾ ਕਰਦੇ ਹਨ।

ਬਿਨਾਂ ਸ਼ੱਕ 5 ਰਾਜਾਂ ਦੀਆਂ ਹੋਣ ਵਾਲੀਆਂ ਇਹ ਚੋਣਾਂ ਸਿਆਸੀ ਤੌਰ 'ਤੇ ਵੱਡੀ ਅਹਿਮੀਅਤ ਰੱਖਦੀਆਂ ਹਨ। ਇਨ੍ਹਾਂ ਨਾਲ ਸਿਆਸੀ ਪਾਰਟੀਆਂ ਨੂੰ 2029 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਸੰਦਰਭ ਵਿਚ ਦੇਸ਼ ਦੇ ਸਿਆਸੀ ਮਾਹੌਲ ਨੂੰ ਸਮਝਣ ਵਿਚ ਮਦਦ ਮਿਲੇਗੀ। ਖ਼ਾਸ ਕਰਕੇ ਦੇਸ਼ ਦੇ ਵੱਡੇ ਰਾਜ ਉੱਤਰ ਪ੍ਰਦੇਸ਼ ਦੀਆਂ ਚੋਣਾਂ ਸੱਤਾਧਾਰੀ ਭਾਜਪਾ, ਸਮਾਜਵਾਦੀ ਪਾਰਟੀ ਅਤੇ ਕਾਂਗਰਸ ਲਈ ਵਿਸ਼ੇਸ਼ ਅਹਿਮੀਅਤ ਰੱਖਦੀਆਂ ਹਨ। ਦੂਜੇ ਪਾਸੇ ਇਹ ਚੋਣਾਂ ਚੋਣ ਕਮਿਸ਼ਨ ਲਈ ਵੀ ਇਕ ਵੱਡੇ ਇਮਤਿਹਾਨ ਦੀ ਤਰ੍ਹਾਂ ਹੋਣਗੀਆਂ। ਕਿਉਂਕਿ ਪਿਛਲੇ ਸਮਿਆਂ ਵਿਚ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਸੰਬੰਧੀ ਕਈ ਵਿਵਾਦ ਪੈਦਾ ਹੋਏ ਸਨ। ਖ਼ਾਸ ਕਰਕੇ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਸੰਬੰਧੀ ਮੁੱਦਿਆਂ ਬਾਰੇ ਅਜੇ ਵੀ ਦੇਸ਼ ਵਿਚ ਭਖਵੀਂ ਚਰਚਾ ਹੋ ਰਹੀ ਹੈ। ਚੋਣ ਕਮਿਸ਼ਨ ਨੂੰ ਇਸ ਸੰਬੰਧੀ ਜਿਥੇ ਸੁਪਰੀਮ ਕੋਰਟ ਵਿਚ ਜਵਾਬ ਦੇਣੇ ਪੈ ਰਹੇ ਹਨ, ਉੱਥੇ ਵਿਰੋਧੀ ਸਿਆਸੀ ਪਾਰਟੀਆਂ ਵਲੋਂ ਵੀ ਉਸ ਦੀ ਭੂਮਿਕਾ ਨੂੰ ਲੈ ਕੇ ਲਗਾਤਾਰ ਸੁਆਲ ਉਠਾਏ ਜਾ ਰਹੇ ਹਨ। ਭਾਰਤ ਵਰਗੇ ਜਮਹੂਰੀ ਦੇਸ਼ ਵਿਚ ਚੋਣਾਂ ਅਤੇ ਵੋਟਰਾਂ ਦੇ ਅਧਿਕਾਰਾਂ ਦੀ ਕੀ ਅਹਿਮੀਅਤ ਹੈ, ਇਸ ਦਾ ਅੰਦਾਜ਼ਾ ਸੁਪਰੀਮ ਕੋਰਟ ਦੇ ਜੱਜ ਉਜਲ ਭੂਈਆਂ ਵਲੋਂ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਤੇ ਗਏ ਤਾਜ਼ਾ ਬਿਆਨ ਤੋਂ ਵੀ ਲਗਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਭਾਰਤੀ ਸੰਵਿਧਾਨ ਵਿਚ 2 ਤਰ੍ਹਾਂ ਦੇ ਨਾਗਰਿਕ ਨਹੀਂ ਹੋ ਸਕਦੇ ਹਨ, ਭਾਵ ਇਕ ਵੋਟ ਅਧਿਕਾਰ ਵਾਲੇ ਅਤੇ ਇਕ ਵੋਟ ਅਧਿਕਾਰ ਤੋਂ ਬਿਨਾਂ। ਉਨ੍ਹਾਂ ਨੇ ਕਿਹਾ ਕਿ ਜੇਕਰ ਵੋਟਰ ਸੂਚੀਆਂ ਤਿਆਰ ਕਰਨ ਸਮੇਂ ਹਰ ਯੋਗ ਨਾਗਰਿਕ ਦਾ ਵੋਟ ਅਧਿਕਾਰ ਸੁਰੱਖਿਅਤ ਨਹੀਂ ਰਹਿੰਦਾ ਤਾਂ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਨੂੰ ਕਿਸੇ ਵੀ ਤਰ੍ਹਾਂ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਚੱਲ ਰਹੇ ਇਸ ਸਾਰੇ ਘਟਨਾਕ੍ਰਮ ਦੇ ਸੰਦਰਭ ਵਿਚ ਚੋਣ ਕਮਿਸ਼ਨ ਦੀ ਇਹ ਵੱਡੀ ਜ਼ਿੰਮੇਵਾਰੀ ਹੈ ਕਿ ਵਿਧਾਨ ਸਭਾਵਾਂ ਦੀਆਂ ਆਗਾਮੀ ਚੋਣਾਂ ਵਿਚ ਕਿਸੇ ਵੀ ਤਰ੍ਹਾਂ ਦੀਆਂ ਊਣਤਾਈਆਂ ਨਾ ਰਹਿਣ ਅਤੇ ਖ਼ਾਸ ਕਰਕੇ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਤੋਂ ਬਾਅਦ ਜੇ ਕਿਸੇ ਵੀ ਕਾਰਨ ਕੁੱਝ ਵੋਟਰਾਂ ਦੇ ਨਾਂਅ ਵੋਟਰ ਸੂਚੀਆਂ ਵਿਚ ਸ਼ਾਮਿਲ ਨਹੀਂ ਹੋ ਸਕੇ ਤਾਂ ਉਨ੍ਹਾਂ ਦੇ ਨਾਂਅ ਮੁੜ ਤੋਂ ਵੋਟਰ ਸੂਚੀਆਂ ਵਿਚ ਸ਼ਾਮਿਲ ਕਰਨ ਲਈ ਚੋਣ ਕਮਿਸ਼ਨ ਨੂੰ ਚੋਣਾਂ ਦਾ ਐਲਾਨ ਕਰਨ ਤੋਂ ਪਹਿਲਾਂ ਪਹਿਲਾਂ ਉਚੇਚੇ ਯਤਨ ਕਰਨੇ ਚਾਹੀਦੇ ਹਨ, ਜਿਸ ਤਰ੍ਹਾਂ ਕਿ ਪਿਛਲੇ ਦਿਨੀਂ ਉਸ ਵਲੋਂ ਐਲਾਨ ਵੀ ਕੀਤਾ ਗਿਆ ਸੀ। ਸਾਨੂੰ ਪੂਰੀ ਆਸ ਹੈ ਕਿ 5 ਰਾਜਾਂ ਦੀਆਂ ਚੋਣਾਂ ਆਜ਼ਾਦ ਤੇ ਨਿਰਪੱਖ ਹੋਣਗੀਆਂ ਅਤੇ ਸਾਰੇ ਯੋਗ ਵੋਟਰਾਂ ਨੂੰ ਉਨ੍ਹਾਂ ਵਿਚ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਨ ਦਾ ਹੱਕ ਮਿਲੇਗਾ।

# ਆਖ਼ਰ ਫ਼ੈਸਲਾ ਕਿਸ ਨੇ ਲਿਆ ?

ਪਿਛਲੇ ਕਈ ਮਹੀਨਿਆਂ ਤੋਂ ਵੋਟਰ ਸੂਚੀਆਂ ਦੀ 'ਵਿਸ਼ੇਸ਼ ਵਿਆਪਕ ਸੁਧਾਈ' (ਐੱਸ ਆਈ ਆਰ) ਆਮ ਵੋਟਰ ਲਈ ਅਜ਼ਮਾਇਸ਼ ਬਣ ਗਈ ਹੈ। ਬੀਤੇ ਸੋਮਵਾਰ ਨੂੰ ਭਾਰਤੀ ਚੋਣ ਕਮਿਸ਼ਨ ਦੇ ਆਪਣੇ ਫ਼ੈਸਲੇ ਲੈਣ ਦੇ ਤਰੀਕੇ ਵੀ ਸੁਪਰੀਮ ਕੋਰਟ ਦੀ ਨਜ਼ਰ ਹੇਠ ਆ ਗਏ। ਅਦਾਲਤ ਇਨ੍ਹਾਂ ਖ਼ਬਰਾਂ ਦੇ ਮੱਦੇਨਜ਼ਰ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ ਕਿ ਚੋਣ ਕਮਿਸ਼ਨਰਾਂ (ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ) ਨੇ ਕਮਿਸ਼ਨ ਦੇ ਨਾਂ 'ਤੇ ਲਏ ਗਏ ਫ਼ੈਸਲਿਆਂ ਜਾਂ ਕਾਰਵਾਈਆਂ 'ਤੇ ਘੱਟੋ-ਘੱਟ 14 ਵਾਰ ਆਪਣੇ ਇਤਰਾਜ਼ ਦਰਜ ਕਰਵਾਏ ਸਨ। ਸੀਨੀਅਰ ਵਕੀਲ ਵਿਕਾਸ ਸਿੰਘ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਤੁਰੰਤ ਮੁਅੱਤਲ ਕਰਨ ਦੀ ਮੰਗ ਕੀਤੀ। ਅਦਾਲਤ ਨੇ ਸਿਰਫ਼ ਇੱਕ ਧਿਰ ਦੀਆਂ ਦਲੀਲਾਂ ਅਤੇ ਅਖ਼ਬਾਰੀ ਰਿਪੋਰਟਾਂ ਦੇ ਆਧਾਰ 'ਤੇ ਅਜਿਹਾ ਹੁਕਮ ਦੇਣ ਤੋਂ ਨਾਂਹ ਕਰ ਦਿੱਤੀ।




ਬੈਂਚ ਨੇ ਇਸ ਤੋਂ ਬਾਅਦ ਜੋ ਕਿਹਾ ਉਹ ਬਹੁਤ ਜ਼ਿਆਦਾ ਅਹਿਮ ਸੀ। ਭਾਰਤ ਦੇ ਚੀਫ ਜਸਟਿਸ ਸੂਰਿਆ ਕਾਂਤ ਨੇ ਟਿੱਪਣੀ ਕੀਤੀ ਕਿ ਕਮਿਸ਼ਨ ਦੇ ਫ਼ੈਸਲੇ ਸਰਬਸੰਮਤੀ ਨਾਲ ਹੋਣੇ ਚਾਹੀਦੇ ਹਨ, ਜਿੱਥੇ ਸਰਬਸੰਮਤੀ ਨਾ ਬਣ ਸਕੇ ਉੱਥੇ ਬਹੁਮਤ ਦਾ ਫ਼ੈਸਲਾ ਲਾਗੂ ਹੋਣਾ ਚਾਹੀਦਾ ਹੈ। ਜਸਟਿਸ ਜੌਇਮਾਲਿਆ ਬਾਗਚੀ ਨੇ ਸਪੱਸ਼ਟ ਕੀਤਾ ਕਿ ਜੇਕਰ ਰਿਕਾਰਡ ਤੋਂ ਇਹ ਸਾਬਿਤ ਹੁੰਦਾ ਹੈ ਕਿ ਕੁਝ ਫ਼ੈਸਲੇ ਇਸ ਨਿਯਮ ਦੇ ਉਲਟ ਲਏ ਗਏ ਸਨ ਤਾਂ ਅਦਾਲਤ ਉਨ੍ਹਾਂ 'ਤੇ ਰੋਕ ਲਾ ਸਕਦੀ ਹੈ ਅਤੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਸਕਦੀ ਹੈ। ਹੁਣ ਅਦਾਲਤ ਵੱਲੋਂ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਕਿ ਕਿਸੇ ਵੀ ਗ਼ਲਤ ਕਾਰਵਾਈ ਬਾਰੇ ਸਾਬਿਤ ਕਰਨ ਲਈ ਸਬੰਧਿਤ ਧਿਰਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦੇਣਾ ਪਵੇਗਾ, ਪਰ ਇਸ ਵਿਵਾਦ ਦਾ ਰੂਪ ਬੁਨਿਆਦੀ ਤੌਰ 'ਤੇ ਬਦਲ ਚੁੱਕਿਆ ਹੈ। ਹੁਣ ਸਵਾਲ ਸਿਰਫ਼ ਇਹ ਨਹੀਂ ਰਿਹਾ ਕਿ ਸੁਧਾਈ ਦੀ ਪ੍ਰਕਿਰਿਆ ਪ੍ਰਸ਼ਾਸਨਿਕ ਤੌਰ 'ਤੇ ਸਹੀ ਸੀ ਜਾਂ ਨਹੀਂ। ਹੁਣ ਇਸ ਤੋਂ ਪਹਿਲਾਂ ਇੱਕ ਹੋਰ ਅਹਿਮ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੁਝ ਵਿਵਾਦਮਈ ਫ਼ੈਸਲੇ ਕੀ ਕਾਨੂੰਨੀ ਤੌਰ 'ਤੇ ਮੁੱਖ ਚੋਣ ਕਮਿਸ਼ਨਰ (ਈ ਸੀ ਆਈ) ਵੱਲੋਂ ਹੀ ਲਏ ਗਏ ਸਨ ?

ਸਾਲ 2023 ਦੇ ਕਾਨੂੰਨ ਦੀ ਧਾਰਾ 18 ਸਪੱਸ਼ਟ ਕਰਦੀ ਹੈ: ਕਮਿਸ਼ਨ ਦੇ ਕੰਮਕਾਜ ਨੂੰ ਚਲਾਉਣ ਅਤੇ ਵੰਡ ਦੀ ਪ੍ਰਕਿਰਿਆ ਸਰਬਸੰਮਤੀ ਨਾਲ ਤੈਅ ਹੋਣੀ ਚਾਹੀਦੀ ਹੈ। ਇਸ ਦਾ ਮੁੱਖ ਕੰਮਕਾਜ ਜਿੱਥੋਂ ਤੱਕ ਹੋ ਸਕੇ, ਸਾਰਿਆਂ ਦੀ ਸਹਿਮਤੀ ਨਾਲ ਹੋਣਾ ਚਾਹੀਦਾ ਹੈ ਅਤੇ ਜਦੋਂ ਕਮਿਸ਼ਨਰਾਂ ਵਿੱਚ ਮਤਭੇਦ ਹੋਵੇ ਤਾਂ ਬਹੁਮਤ ਨਾਲ ਫ਼ੈਸਲਾ ਲਿਆ ਜਾਵੇ।

ਇਹ ਸਿਧਾਂਤ 'ਚੀਫ ਇਲੈਕਸ਼ਨ ਕਮਿਸ਼ਨਰ ਐਂਡ ਅਦਰ ਇਲੈਕਸ਼ਨ ਕਮਿਸ਼ਨਰਜ਼ (ਅਪੁਆਇੰਟਮੈਂਟ, ਕੰਡੀਸ਼ਨਜ਼ ਆਫ ਸਰਵਿਸ ਐਂਡ ਟਰਮ ਆਫ ਔਫਿਸ) ਐਕਟ' ਤੋਂ ਵੀ ਪੁਰਾਣਾ ਹੈ। ਸੀ ਈ ਸੀ ਕਮਿਸ਼ਨ ਦਾ ਚੇਅਰਮੈਨ ਹੁੰਦਾ ਹੈ, ਕਮਾਂਡਰ ਨਹੀਂ। ਸੁਪਰੀਮ ਕੋਰਟ ਨੇ 'ਟੀ ਐੱਨ ਸੇਸ਼ਨ ਕੇਸ' ਵਿੱਚ ਵੀ ਇਹੋ ਗੱਲ ਆਖੀ ਸੀ। ਤਿੰਨ ਮੈਂਬਰੀ ਸੰਵਿਧਾਨਕ ਸੰਸਥਾ ਵਿੱਚੋਂ ਦੋ ਮੈਂਬਰਾਂ ਨਾਲ ਹੀ ਬਹੁਮਤ ਬਣਦਾ ਹੈ।

ਕਿਸੇ ਕਾਨੂੰਨੀ ਅਦਾਰੇ ਦੇ ਮੈਂਬਰਾਂ ਦਰਮਿਆਨ ਮਤਭੇਦ ਹੋਣਾ ਆਮ ਗੱਲ ਹੈ ਸਗੋਂ ਇਹ ਸਿਹਤਮੰਦ ਜਮਹੂਰੀਅਤ ਦੀ ਨਿਸ਼ਾਨੀ ਹੈ। ਅਸਲ ਗੱਲ ਇਹ ਹੈ ਕਿ ਉਸ ਤੋਂ ਬਾਅਦ ਕੀ ਹੁੰਦਾ ਹੈ। ਜੇ ਇੱਕ ਕਮਿਸ਼ਨਰ 'ੳ' ਸੁਝਾਅ ਦਿੰਦਾ ਹੈ ਅਤੇ ਬਾਕੀ ਦੋ ਕਮਿਸ਼ਨਰ 'ਅ' ਦਰਜ ਕਰਵਾਉਂਦੇ ਹਨ ਤਾਂ 'ੳ' ਨੂੰ 'ਭਾਰਤੀ ਚੋਣ ਕਮਿਸ਼ਨ' ਦਾ ਫ਼ੈਸਲਾ ਨਹੀਂ ਕਿਹਾ ਜਾ ਸਕਦਾ।

ਫਾਰਮ 6 ਬਾਰੇ ਸੋਚੋ। ਇਹ 'ਰਜਿਸਟ੍ਰੇਸ਼ਨ ਆਫ ਇਲੈਕਟਰਜ਼ ਰੂਲਜ਼, 1960' ਤਹਿਤ ਇੱਕ ਕਾਨੂੰਨੀ ਫਾਰਮ ਹੈ। 'ਦਿ ਇੰਡੀਅਨ ਐਕਸਪ੍ਰੈੱਸ' ਵੱਲੋਂ ਸਾਹਮਣੇ ਲਿਆਂਦੇ ਗਏ ਅੰਦਰੂਨੀ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਕਮਿਸ਼ਨਰ ਜੋਸ਼ੀ ਨੇ ਮਈ ਵਿੱਚ ਪ੍ਰਸ਼ਾਸਨਿਕ ਹੁਕਮਾਂ ਰਾਹੀਂ ਐੱਸ ਆਈ ਆਰ ਦੀਆਂ ਸ਼ਰਤਾਂ ਜੋੜਨ 'ਤੇ ਇਤਰਾਜ਼ ਪ੍ਰਗਟਾਇਆ ਸੀ। ਉਨ੍ਹਾਂ ਕਿਹਾ ਸੀ ਕਿ ਕਿਸੇ ਕਾਨੂੰਨੀ ਫਾਰਮ ਵਿੱਚ ਬਦਲਾਅ ਕਰਨ ਲਈ ਨਿਯਮਾਂ ਵਿੱਚ ਸੋਧ ਕਰਨੀ ਪੈਂਦੀ ਹੈ। ਖ਼ਬਰਾਂ ਮੁਤਾਬਿਕ ਕਮਿਸ਼ਨਰ ਸੰਧੂ ਨੇ ਵੀ ਇਸ ਨਾਲ ਸਹਿਮਤੀ ਜਤਾਈ ਸੀ। ਫਿਰ ਵੀ ਬਦਲੀ ਹੋਈ ਔਨਲਾਈਨ ਪ੍ਰਕਿਰਿਆ ਈਸੀਆਈਨੈੱਟ ਉੱਤੇ ਦਿਖਾਈ ਦੇਣ ਲੱਗੀ।

ਸੋਮਵਾਰ ਨੂੰ ਇਹ ਮਾਮਲਾ ਇੱਕ ਨਵੇਂ ਪੜਾਅ 'ਤੇ ਪਹੁੰਚ ਗਿਆ। ਜਦੋਂ ਸੋਧੇ ਹੋਏ ਫਾਰਮ 6 ਦਾ ਮੁੱਦਾ ਉੱਠਿਆ ਤਾਂ ਚੀਫ ਜਸਟਿਸ ਨੇ ਸਪੱਸ਼ਟ ਕਰ ਦਿੱਤਾ ਕਿ ਸੁਪਰੀਮ ਕੋਰਟ ਨੇ ਇਸ ਨੂੰ ਮਨਜ਼ੂਰੀ ਨਹੀਂ ਸੀ ਦਿੱਤੀ ਅਤੇ ਅਦਾਲਤ ਇਸ ਗੱਲ ਦੀ ਜਾਂਚ ਕਰੇਗੀ ਕਿ 'ਕਿਸ ਨੇ ਕੀ ਬਦਲਿਆ ਹੈ'। ਹੁਣ ਇਹੀ ਸਵਾਲ ਸਭ ਤੋਂ ਅਹਿਮ ਬਣ ਗਿਆ ਹੈ।

ਐੱਸ ਆਈ ਆਰ ਮਗਰੋਂ ਫਾਰਮ 6 ਬਾਰੇ ਉਤਸੁਕਤਾ ਹੋਰ ਵਧ ਗਈ ਹੈ। ਕਮਿਸ਼ਨ ਨੇ ਐੱਸ ਆਈ ਆਰ ਦਾ ਕੰਮ ਪੂਰਾ ਕਰ ਚੁੱਕੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਉਹ ਪੁਰਾਣੀਆਂ ਅਤੇ ਸੋਧੀਆਂ ਹੋਈਆਂ ਵੋਟਰ ਸੂਚੀਆਂ ਦੀ ਆਪਸ ਵਿੱਚ ਤੁਲਨਾ ਕਰਨ, ਉਨ੍ਹਾਂ ਯੋਗ ਵੋਟਰਾਂ ਦੀ ਪਛਾਣ ਕਰਨ ਜੋ ਸੂਚੀ ਵਿੱਚੋਂ ਗ਼ਾਇਬ ਹੋ ਗਏ ਹਨ ਅਤੇ ਉਨ੍ਹਾਂ ਨੂੰ ਮੁੜ ਵੋਟਰ ਸੂਚੀ ਵਿੱਚ ਸ਼ਾਮਿਲ ਕਰਨ ਵਿੱਚ ਮਦਦ ਕਰਨ। ਸੁਧਾਰ ਦੀ ਇਹ ਕਾਰਵਾਈ ਸਵਾਗਤਯੋਗ ਹੈ।

ਜਿਸ ਵੋਟਰ ਦਾ ਨਾਂ ਵੋਟਰ ਸੂਚੀ ਵਿੱਚ ਪਿਛਲੇ 10, 20 ਜਾਂ 30 ਸਾਲਾਂ ਤੋਂ ਦਰਜ ਸੀ, ਜੋ ਐੱਸ ਆਈ ਆਰ ਦੌਰਾਨ ਗ਼ਾਇਬ ਹੋ ਗਿਆ, ਉਸ ਨੂੰ ਉਸ ਫਾਰਮ ਦੀ ਵਰਤੋਂ ਕਰਨ ਲਈ ਕਿਉਂ ਕਿਹਾ ਜਾਵੇ ਜਿਹੜਾ 'ਨਵੇਂ' ਵੋਟਰਾਂ ਲਈ ਬਣਿਆ ਹੈ ? ਅਤੇ ਉਸ ਕੋਲੋਂ

## ਵਾਈ ਐਸ ਕੁਰੈਸ਼ੀ

ਇਹ ਝੂਠਾ ਐਲਾਨ ਕਿਉਂ ਕਰਵਾਇਆ ਜਾਵੇ ਕਿ ਉਹ ਪਹਿਲੀ ਵਾਰ ਨਾਂ ਸ਼ਾਮਿਲ ਕਰਨ ਲਈ ਅਰਜ਼ੀ ਦੇ ਰਿਹਾ ਹੈ, ਜੋ ਕਿ ਇੱਕ ਅਪਰਾਧ ਹੈ ਜਿਸ ਲਈ ਇੱਕ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ ਕਿਉਂਕਿ ਸੂਚੀ ਵਿੱਚੋਂ ਕੱਟਿਆ ਗਿਆ ਵੋਟਰ ਕੋਈ ਨਵਾਂ ਵੋਟਰ ਨਹੀਂ ਹੁੰਦਾ। ਉਸ ਨੂੰ ਪਹਿਲੀ ਵਾਰ ਰਜਿਸਟਰਡ ਹੋਣ ਦੀ ਨਹੀਂ ਸਗੋਂ ਆਪਣੀ ਵੋਟਰ ਸੂਚੀ ਬਹਾਲ ਕਰਵਾਉਣ ਦੀ ਲੋੜ ਹੈ। ਜੇ ਮੌਜੂਦਾ ਫਾਰਮ ਸਹੀ ਨਹੀਂ ਬੈਠਦੇ ਤਾਂ ਨਿਯਮਾਂ ਵਿੱਚ ਸੋਧ ਕੀਤੀ ਜਾਣੀ ਚਾਹੀਦੀ ਹੈ ਅਤੇ ਇੱਕ ਨਵਾਂ ਫਾਰਮ, ਮੰਨ ਲਓ 'ਫਾਰਮ 6ਐਕਸ' ਬਣਾਇਆ ਜਾਣਾ ਚਾਹੀਦਾ ਹੈ। ਪੱਛਮੀ ਬੰਗਾਲ ਦਾ ਮਾਮਲਾ ਤਾਂ ਹੋਰ ਵੀ ਵੱਡਾ ਸੰਸਥਾਗਤ ਸਵਾਲ ਖੜ੍ਹਾ ਕਰਦਾ ਹੈ। ਨਿਆਂਇਕ ਪ੍ਰਕਿਰਿਆ ਰਾਹੀਂ 27.16 ਲੱਖ ਵੋਟਰਾਂ ਦੇ ਨਾਂ ਕੱਟੇ ਜਾਣ ਮਗਰੋਂ 22.21 ਲੱਖ ਲੋਕਾਂ ਨੇ ਵੋਟਰ ਸੂਚੀ ਵਿੱਚ ਨਾਂ ਮੁੜ ਸ਼ਾਮਿਲ ਕਰਨ ਲਈ ਅਪੀਲਾਂ ਕੀਤੀਆਂ। ਇਸ ਤੋਂ ਇਲਾਵਾ 16.10 ਲੱਖ ਹੋਰ ਅਪੀਲਾਂ ਉਨ੍ਹਾਂ ਵੋਟਰਾਂ ਨੂੰ ਚੁਣੌਤੀ ਦੇਣ ਲਈ ਕੀਤੀਆਂ ਗਈਆਂ, ਜਿਨ੍ਹਾਂ ਦੇ ਨਾਂ ਸ਼ਾਮਿਲ ਕੀਤੇ ਗਏ ਸਨ। ਖ਼ਬਰਾਂ ਮੁਤਾਬਿਕ ਕਮਿਸ਼ਨਰ ਸੰਧੂ ਨੇ ਲਿਖਤੀ ਤੌਰ 'ਤੇ ਇਹ ਸਵਾਲ ਪੁੱਛਿਆ ਸੀ ਕਿ 'ਈ ਸੀ ਆਈ ਵੱਲੋਂ' ਇਹ ਅਪੀਲਾਂ ਦਾਇਰ ਕਰਨ ਦਾ ਅਧਿਕਾਰ ਕਿਸ ਨੂੰ ਸੀ ਅਤੇ ਕਿਸ ਨੇ ਕੀਤੀਆਂ ? ਇਸ ਗੱਲ ਦਾ ਪੂਰਾ ਜਵਾਬ ਮਿਲਣਾ ਚਾਹੀਦਾ ਹੈ।

ਇਸੇ ਤਰ੍ਹਾਂ ਗੋਆ ਵਿੱਚ ਵੀ ਇਹੋ ਕੁਝ ਹੋਇਆ, ਜਿੱਥੇ ਚੋਣ ਰਜਿਸਟ੍ਰੇਸ਼ਨ ਅਧਿਕਾਰੀਆਂ ਨੇ ਕਥਿਤ ਤੌਰ 'ਤੇ 97 ਵੋਟਰਾਂ ਨੂੰ ਮੁੜ ਵੋਟਰ ਸੂਚੀ ਵਿੱਚ ਸ਼ਾਮਿਲ ਕਰਨ ਦੇ ਯੋਗ ਪਾਇਆ, ਪਰ ਕੇਂਦਰੀ ਤੌਰ 'ਤੇ ਕੰਟਰੋਲ ਕੀਤੇ ਜਾਂਦੇ ਸੌਫਟਵੇਅਰ ਨੇ ਅੰਤਿਮ ਸੂਚੀ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਮੁੜ ਸ਼ਾਮਿਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਕੋਈ ਵੀ ਸੌਫਟਵੇਅਰ ਕਾਨੂੰਨੀ ਅਧਿਕਾਰੀਆਂ ਤੋਂ ਉੱਪਰ ਨਹੀਂ ਹੋ ਸਕਦਾ। ਈਸੀਆਈਨੈੱਟ ਚੋਣ ਪ੍ਰਸ਼ਾਸਨ ਦਾ ਮਹਿਜ਼ ਇੱਕ ਸੰਦ ਹੈ, ਇਹ ਕੋਈ ਵੱਖਰੀ ਚੋਣ ਅਥਾਰਿਟੀ ਨਹੀਂ ਬਣ ਸਕਦਾ।

ਕਮਿਸ਼ਨ ਦੇ 26 ਸਤੰਬਰ ਦੇ ਪ੍ਰੈੱਸ ਨੋਟ ਵਿੱਚ ਕਈ ਸੁਧਾਰਾਂ ਦਾ ਐਲਾਨ ਕੀਤਾ ਗਿਆ ਕਿ ਮੀਟਿੰਗਾਂ ਤੋਂ ਪਹਿਲਾਂ ਏਜੰਡਾ ਜਾਰੀ ਕੀਤਾ ਜਾਵੇਗਾ, ਮੀਟਿੰਗ ਦੀ ਕਾਰਵਾਈ ਜਾਰੀ ਹੋਵੇਗੀ, ਆਈ ਟੀ ਤਬਦੀਲੀਆਂ ਦੀ ਸੰਸਥਾਗਤ ਤੌਰ 'ਤੇ ਜਾਂਚ ਕੀਤੀ ਜਾਵੇਗੀ, ਚੋਣ ਕਮਿਸ਼ਨਰਾਂ ਦੇ ਨਿਰਦੇਸ਼ਾਂ ਦੀ ਪੂਰੀ ਸਾਵਧਾਨੀ ਨਾਲ ਪਾਲਣਾ ਹੋਵੇਗੀ ਅਤੇ ਚੋਣ ਕਾਨੂੰਨ ਨਾਲ ਇਕਸਾਰਤਾ ਯਕੀਨੀ ਬਣਾਉਣ ਲਈ ਈਸੀਆਈਨੈੱਟ ਦੀ ਸਮੀਖਿਆ ਕੀਤੀ ਜਾਵੇਗੀ। ਇਹ ਸਾਰੇ ਕਦਮ ਸਵਾਗਤਯੋਗ ਹਨ, ਪਰ ਹਰ ਸੁਧਾਰ ਬੀਤੇ ਸਮੇਂ ਬਾਰੇ ਇੱਕ ਸਵਾਲ ਖੜ੍ਹਾ ਕਰਦਾ ਹੈ ਕਿ ਅਜਿਹੇ ਸੁਰੱਖਿਆ ਉਪਾਅ ਪਹਿਲਾਂ ਆਪਣੇ ਆਪ ਲਾਗੂ ਕਿਉਂ ਨਹੀਂ ਸਨ ਅਤੇ ਅਸਲ ਵਿੱਚ ਕਿਹੜੇ ਪਿਛਲੇ ਫ਼ੈਸਲਿਆਂ ਨੂੰ ਤਿੰਨ ਮੈਂਬਰੀ ਕਮਿਸ਼ਨ ਦੀ ਮਨਜ਼ੂਰੀ ਮਿਲੀ ਸੀ ?

ਕਮਿਸ਼ਨ ਦਾ ਕਹਿਣਾ ਹੈ ਕਿ ਉਸ ਦੇ ਫ਼ੈਸਲੇ ਸਰਬਸੰਮਤੀ ਨਾਲ ਲਏ ਗਏ ਸਨ ਅਤੇ ਵੱਖੋ-ਵੱਖਰੀਆਂ ਟਿੱਪਣੀਆਂ ਵਿਚਾਰ-ਚਰਚਾ ਦਾ ਹਿੱਸਾ ਸਨ। ਇਸ ਬਚਾਅ ਨੂੰ ਹੁਣ ਰਿਕਾਰਡ ਦੇ ਆਧਾਰ 'ਤੇ ਸਾਬਿਤ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਪਹਿਲਾਂ ਹੀ ਕੋਈ ਫ਼ੈਸਲਾ ਨਹੀਂ ਸੁਣਾਇਆ। ਹੁਣ ਫਾਈਲਾਂ ਖ਼ੁਦ ਬੋਲਣਗੀਆਂ।

ਭਾਰਤ ਨੂੰ ਪਾਰਦਰਸ਼ੀ ਸੰਸਥਾਗਤ ਲੇਖੇ-ਜੋਖੇ ਦੀ ਲੋੜ ਹੈ। ਕਮਿਸ਼ਨ ਅੱਗੇ ਕਿਹੜਾ ਪ੍ਰਸਤਾਵ ਰੱਖਿਆ ਗਿਆ ਸੀ, ਕਿਸ ਨੇ ਇਸ ਨੂੰ ਮਨਜ਼ੂਰੀ ਦਿੱਤੀ, ਕਿਸ ਨੇ ਅਸਹਿਮਤੀ ਜਤਾਈ, ਅਖੀਰ ਕੀ ਫ਼ੈਸਲਾ ਲਿਆ ਗਿਆ ਅਤੇ ਕਿਸ ਦੇ ਅਧਿਕਾਰ ਹੇਠ ਇਸ ਨੂੰ ਲਾਗੂ ਕੀਤਾ ਗਿਆ ?

ਇਹ ਸਿਰਫ਼ ਇੱਕ ਸੀ ਈ ਸੀ ਜਾਂ ਵੋਟਰ ਸੂਚੀਆਂ ਦੀ ਇੱਕ ਵਾਰ ਦੀ ਸੁਧਾਈ ਦਾ ਸਵਾਲ ਨਹੀਂ ਹੈ। ਈ ਸੀ ਆਈ ਨੂੰ ਧਾਰਾ 324 ਤੋਂ ਬਹੁਤ ਵੱਡਾ ਅਧਿਕਾਰ ਮਿਲਦਾ ਹੈ, ਪਰ ਸੰਵਿਧਾਨਕ ਆਜ਼ਾਦੀ ਦਾ ਮਤਲਬ ਕਾਨੂੰਨ ਤੋਂ ਉੱਪਰ ਹੋਣਾ ਨਹੀਂ ਹੈ। ਜਿਹੜੀ ਸੰਸਥਾ ਚੋਣ ਕਾਨੂੰਨ ਦੀ ਪਾਲਣਾ ਕਰਵਾਉਣ ਦੀ ਮੰਗ ਕਰਦੀ ਹੈ, ਉਸ ਨੂੰ ਖ਼ੁਦ ਵੀ ਇਸ ਪ੍ਰਤੀ ਮਿਸਾਲੀ ਵਫ਼ਾਦਾਰੀ ਦਿਖਾਉਣੀ ਚਾਹੀਦੀ ਹੈ।

ਮੈਂ ਕਈ ਸਾਲਾਂ ਤੋਂ ਈ ਸੀ ਆਈ ਦਾ ਬਚਾਅ ਇਸੇ ਲਈ ਕਰਦਾ ਰਿਹਾ ਹਾਂ ਕਿਉਂਕਿ ਇਹ ਕੋਈ ਵਿਅਕਤੀ ਨਹੀਂ ਸਗੋਂ ਇੱਕ ਸੰਸਥਾ ਹੈ। ਇਸ ਦੀ ਸਾਖ ਦਹਾਕਿਆਂ ਦੀ ਮਿਹਨਤ ਨਾਲ ਉਨ੍ਹਾਂ ਕਮਿਸ਼ਨਰਾਂ, ਅਧਿਕਾਰੀਆਂ, ਚੋਣ ਅਮਲੇ ਅਤੇ ਵੋਟਰਾਂ ਨੇ ਬਣਾਈ ਸੀ ਜਿਨ੍ਹਾਂ ਨੂੰ ਇਹ ਭਰੋਸਾ ਸੀ ਕਿ ਨਿਰਪੱਖ ਰੈਫ਼ਰੀ ਆਪਣੇ ਬਣਾਏ ਨਿਯਮਾਂ ਦੀ ਖ਼ੁਦ ਪਾਲਣਾ ਕਰਦੇ ਹਨ।

ਸੁਪਰੀਮ ਕੋਰਟ ਨੇ ਅਜੇ ਤੱਕ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ... ਪਰ ਫਿਰ ਵੀ ਸਿਧਾਂਤ (ਜਿਸ ਨੂੰ ਕਿਸੇ ਕਾਨੂੰਨੀ ਜਾਂਚ ਦੀ ਲੋੜ ਨਹੀਂ) ਇਹ ਹੈ ਕਿ ਜਿੱਥੇ ਸੰਸਦ ਨੇ ਤਿੰਨ ਮੈਂਬਰੀ ਕਮਿਸ਼ਨ ਬਣਾ ਕੇ ਇਹ ਵਿਵਸਥਾ ਕੀਤੀ ਹੋਵੇ ਕਿ ਮਤਭੇਦ ਨੂੰ ਬਹੁਮਤ ਨਾਲ ਹੱਲ ਕੀਤਾ ਜਾਵੇਗਾ, ਉੱਥੇ ਕੋਈ ਵੀ ਇੱਕ ਵਿਅਕਤੀ ਪੂਰੀ ਸੰਸਥਾ ਦੀ ਥਾਂ ਨਹੀਂ ਲੈ ਸਕਦਾ। ਜਦੋਂ ਕੋਈ ਕਾਰਵਾਈ ਵੋਟਰ ਅਤੇ ਚੋਣ ਕਮਿਸ਼ਨ ਦੇ ਨਾਂ 'ਤੇ ਕੀਤੀ ਜਾਂਦੀ ਹੈ ਤਾਂ ਜਮਹੂਰੀਅਤ ਨੂੰ ਇੱਕ ਸਾਧਾਰਨ ਸਵਾਲ ਪੁੱਛਣ ਦਾ ਪੂਰਾ ਹੱਕ ਹੈ ਕਿ ਫ਼ੈਸਲਾ ਕਿਸ ਨੇ ਲਿਆ ?


ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551



Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਐਲਏ ਮੇਅਰ ਦੀ ਉਮੀਦਵਾਰ ਨਿਤਿਆ ਰਮਨ ਦੇ ਹੱਕ 'ਚ ਹੋਇਆ ਵਿਸ਼ਾਲ ਇਕੱਠ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਭਾਈਚਾਰਕ ਆਗੂ, ਕਾਰੋਬਾਰੀ ਪੇਸ਼ੇਵਰ, ਦੋਸਤ ਅਤੇ ਸਮਰਥਕ ਲਾਸ ਏਂਜਲਸ ਸਿਟੀ ਕੌਂਸਲ ਮੈਂਬਰ ਨਿਤਿਆ ਰਮਨ ਲਈ ਇੱਕ ਸਫਲ ਫੰਡਰੇਜ਼ਿੰਗ ਪ੍ਰੋਗਰਾਮ ਲਈ ਇਕੱਠੇ ਹੋਏ, ਜਿਸ ਵਿੱਚ ਲਾਸ ਏਂਜਲਸ ਦੇ ਭਵਿੱਖ ਅਤੇ ਸ਼ਹਿਰ ਨੂੰ ਦਰਪੇਸ਼ ਕੁਝ ਪ੍ਰਮੁੱਖ



ਚੁਣੌਤੀਆਂ ਬਾਰੇ ਗੱਲਬਾਤ ਤੇ ਚਰਚਾ ਹੋਈ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਵਿਨੋਦ ਅਤੇ ਜੈਸ਼੍ਰੀ ਜੀਵਰਾਜਕਾ, ਅਨਿਲ ਅਤੇ ਰੇਣੂਕਾ ਬਦਲਾਨੀ, ਨਵਨੀਤ ਅਤੇ ਰਿਤੂ ਚੁੱਘ, ਡਾ. ਨਿਤਿਨ ਨੰਦਾ ਅਤੇ ਮਨਸਵੀ ਮਮਗਈ ਨੇ ਕੀਤੀ, ਜਿਨ੍ਹਾਂ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਲਾਸ ਏਂਜਲਸ ਸਿਟੀ ਕੌਂਸਲ ਦੇ ਜ਼ਿਲਾ 4 ਦੀ ਨੁਮਾਇੰਦਗੀ ਕਰਦੀ ਰਮਨ ਨੇ ਆਪਣੇ ਪਿਛੋਕੜ ਬਾਰੇ ਦੱਸਿਆ ਅਤੇ ਜਨਤਕ ਸੇਵਾ ਵਿੱਚ ਆਪਣੇ ਤਜ਼ਰਬੇ ਅਤੇ ਸਿਟੀ ਹਾਲ ਵਿੱਚ ਕੀਤੇ ਜਾ ਰਹੇ ਕੰਮਾਂ ਬਾਰੇ ਗੱਲ ਕੀਤੀ਼ ਇੱਕ ਸ਼ਹਿਰੀ ਯੋਜਨਾਕਾਰ (ਅਰਬਨ ਪਲੈਨਰ), ਪ੍ਰਵਾਸੀ ਅਤੇ ਦੋ ਬੱਚਿਆਂ ਦੀ ਮਾਂ, ਰਮਨ ਨੂੰ ਪਹਿਲੀ ਵਾਰ 2020 ਵਿੱਚ ਸਿਟੀ ਕੌਂਸਲ ਲਈ ਚੁਣਿਆ ਗਿਆ ਸੀ; ਉਹ ਲਾਸ ਏਂਜਲਸ ਸਿਟੀ ਕੌਂਸਲ ਲਈ ਚੁਣੀ ਜਾਣ ਵਾਲੀ ਪਹਿਲੀ ਏਸ਼ੀਆਈ-ਅਮਰੀਕੀ ਔਰਤ ਅਤੇ ਪਹਿਲੀ ਦੱਖਣੀ ਏਸ਼ੀਆਈ ਬਣੀ। ਉਹ 2024 ਵਿੱਚ ਦੂਜੇ ਕਾਰਜਕਾਲ ਲਈ ਦੁਬਾਰਾ ਚੁਣੀ ਗਈ ਸੀ। ਆਪਣੇ ਸੰਬੋਧਨ ਵਿੱਚ, ਰਮਨ ਨੇ ਉਨਾਂ ਕਈ ਮੁੱਦਿਆਂ 'ਤੇ ਚਰਚਾ ਕੀਤੀ ਜੋ ਲਾਸ ਏਂਜਲਸ ਵਿੱਚ ਉਨਾਂ ਦੇ ਕੰਮ ਦਾ ਮੁੱਖ ਹਿੱਸਾ ਰਹੇ ਹਨ, ਜਿਨ੍ਹਾਂ ਵਿੱਚ ਬੇਘਰੇ ਹੋਣ ਦੀ ਸਮੱਸਿਆ, ਰਿਹਾਇਸ਼ ਦੀ ਘਾਟ, ਕਿਰਾਏਦਾਰਾਂ ਦੀ ਸੁਰੱਖਿਆ, ਸ਼ਹਿਰ ਦੀਆਂ ਬੁਨਿਆਦੀ ਸੇਵਾਵਾਂ ਵਿੱਚ ਸੁਧਾਰ, ਜਨਤਕ ਸੁਰੱਖਿਆ, ਆਵਾਜਾਈ ਅਤੇ ਵਾਤਾਵਰਣ ਸੰਬੰਧੀ ਚਿੰਤਾਵਾਂ ਸ਼ਾਮਲ ਹਨ। ਰਮਨ ਨੇ ਲਾਸ ਏਂਜਲਸ ਵਰਗੇ ਵਿਸ਼ਾਲ ਅਤੇ ਵਿਭਿੰਨਤਾ ਵਾਲੇ ਸ਼ਹਿਰ ਵਿਚ ਸਥਾਨਕ ਸਰਕਾਰਾਂ ਨੂੰ ਵਧੇਰੇ ਜਵਾਬਦੇਹ ਅਤੇ ਪ੍ਰਭਾਵਸ਼ਾਲੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਅਮਰੀਕੀ ਟਰਾਂਸਪੋਰਟ ਸਕੱਤਰ ਨੇ ਦਰਸ਼ਨ ਸਿੰਘ ਧਾਲੀਵਾਲ ਨਾਲ ਕੀਤੀ ਮੁਲਾਕਾਤ; ਪੰਜਾਬੀ ਟਰੱਕ ਡਰਾਈਵਰਾਂ ਦੀਆਂ ਮੁਸ਼ਕਲਾਂ 'ਤੇ ਹੋਈ ਚਰਚਾ

## ਧਾਲੀਵਾਲ ਭਰਾਵਾਂ ਨੇ ਅਮਰੀਕੀ ਅਰਥਵਿਵਸਥਾ ਵਿੱਚ ਪੰਜਾਬੀ ਭਾਈਚਾਰੇ ਦੇ ਯੋਗਦਾਨ ਅਤੇ ਨਿਯਮਾਂ ਨਾਲ ਜੁੜੀਆਂ ਚੁਣੌਤੀਆਂ ਨੂੰ ਕੀਤਾ ਉਜਾਗਰ

ਪਟਿਆਲਾ : ਅਮਰੀਕਾ ਦੇ ਟਰਾਂਸਪੋਰਟ ਸਕੱਤਰ ਸੀਨ ਡਫੀ ਨੇ ਮਿਲਵਾਕੀ ਨੇੜੇ ਮੇਕੁਓਨ (Mequon) ਵਿਖੇ ਉੱਘੇ ਪੰਜਾਬੀ-ਅਮਰੀਕੀ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਦੀ ਰਿਹਾਇਸ਼ ਵਿਖੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਦਰਸ਼ਨ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੇ ਛੋਟੇ ਭਰਾ ਚਰਨਜੀਤ ਸਿੰਘ ਧਾਲੀਵਾਲ (ਜੋ ਪੰਜਾਬ ਸਾਈਕਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਹਨ) ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਅਹਿਮ ਮੁਲਾਕਾਤ ਵਿੱਚ ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰਾਂ, ਟਰਾਂਸਪੋਰਟ ਆਪਰੇਟਰਾਂ ਅਤੇ ਇਸ ਨਾਲ ਸਬੰਧਤ ਕਾਰੋਬਾਰਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਚਰਚਾ ਕੀਤੀ ਗਈ।



ਇਸ ਦੌਰਾਨ ਧਾਲੀਵਾਲ ਭਰਾਵਾਂ ਨੇ ਅਮਰੀਕੀ ਟਰਾਂਸਪੋਰਟ ਖੇਤਰ ਵਿੱਚ ਪੰਜਾਬੀ ਭਾਈਚਾਰੇ ਦੇ ਵੱਡੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਟਰੱਕਾਂ ਦੇ ਕੰਮ ਨਾਲ ਜੁੜੇ ਸਖ਼ਤ ਨਿਯਮਾਂ, ਰੋਜ਼ਾਨਾ ਦੇ ਕੰਮਕਾਜ ਅਤੇ ਕਾਰੋਬਾਰੀ ਮੁਸ਼ਕਲਾਂ ਵੱਲ ਸਕੱਤਰ ਦਾ ਧਿਆਨ ਦਿਵਾਇਆ। ਇਸ ਗੱਲਬਾਤ ਰਾਹੀਂ ਪੰਜਾਬੀ ਭਾਈਚਾਰੇ ਅਤੇ ਅਮਰੀਕੀ ਪ੍ਰਸ਼ਾਸਨ ਵਿਚਕਾਰ ਸਿੱਧਾ ਸੰਪਰਕ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਡਰਾਈਵਰਾਂ ਦੀਆਂ ਸਮੱਸਿਆਵਾਂ ਨੂੰ ਉੱਚ (ਫੈਡਰਲ) ਪੱਧਰ 'ਤੇ ਹੱਲ ਕੀਤਾ ਜਾ ਸਕੇ।

ਧਾਲੀਵਾਲ ਭਰਾਵਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਵਿੱਚ ਵੱਡੀ ਗਿਣਤੀ 'ਚ ਪੰਜਾਬੀ ਪਰਿਵਾਰਾਂ ਦੀ ਰੋਜ਼ੀ-ਰੋਟੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਟਰੱਕਾਂ ਅਤੇ ਟਰਾਂਸਪੋਰਟ 'ਤੇ ਹੀ ਨਿਰਭਰ ਕਰਦੀ ਹੈ। ਪੰਜਾਬੀ ਡਰਾਈਵਰਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਹੈ। ਇਸ ਲਈ, ਸਰਕਾਰ ਨੂੰ ਟਰਾਂਸਪੋਰਟ ਨੀਤੀਆਂ ਬਣਾਉਣ ਵੇਲੇ ਇਨ੍ਹਾਂ ਦੀਆਂ ਲੋੜਾਂ ਅਤੇ ਚਿੰਤਾਵਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ।

ਇਹ ਮੁਲਾਕਾਤ ਪੰਜਾਬ ਲਈ ਵੀ ਬਹੁਤ ਅਹਿਮੀਅਤ ਰੱਖਦੀ ਹੈ ਕਿਉਂਕਿ ਪੰਜਾਬ ਦੇ ਬਹੁਤ ਸਾਰੇ ਪਰਿਵਾਰਾਂ ਦੇ ਜੀਅ ਅਮਰੀਕਾ ਦੀ ਟਰੱਕਿੰਗ ਸਨਅਤ ਵਿੱਚ ਕੰਮ ਕਰ ਰਹੇ ਹਨ। ਇਸ ਮੁਲਾਕਾਤ ਰਾਹੀਂ ਉਨ੍ਹਾਂ ਦੀਆਂ ਜ਼ਮੀਨੀ ਮੁਸ਼ਕਲਾਂ ਨੂੰ ਸਿੱਧਾ ਅਮਰੀਕੀ ਸਰਕਾਰ ਦੇ ਉੱਚ ਅਧਿਕਾਰੀ ਸਾਹਮਣੇ ਰੱਖਣ ਦਾ ਮੌਕਾ ਮਿਲਿਆ।

ਜ਼ਿਕਰਯੋਗ ਹੈ ਕਿ ਧਾਲੀਵਾਲ ਭਰਾਵਾਂ ਨੇ ਅਮਰੀਕਾ ਵਿੱਚ ਸੈਂਕੜੇ ਗੈਸ ਸਟੇਸ਼ਨਾਂ ਸਮੇਤ ਵੱਡੇ ਕਾਰੋਬਾਰ ਸਥਾਪਿਤ ਕੀਤੇ ਹਨ ਅਤੇ ਇਹ ਪਰਿਵਾਰ ਸਮਾਜ ਸੇਵਾ ਲਈ ਵੀ ਕਾਫੀ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਭਰਾ ਸੁਰਜੀਤ ਸਿੰਘ ਰੱਖੜਾ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਰਹਿ ਚੁੱਕੇ ਹਨ ਅਤੇ ਅੱਜ-ਕੱਲ੍ਹ ਸਮਾਣਾ ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (AAP) ਦੇ ਇੰਚਾਰਜ ਵਜੋਂ ਜਨਤਕ ਜੀਵਨ ਵਿੱਚ ਸਰਗਰਮ ਹਨ।




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਚਾਹੀਏ। ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾਂ ਕਰਨੀ ਚਾਹੀਏ।

(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ ਮਜ਼੍ਹਬ ਜਾਤ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਤ (ਤਮਾਕੂ ਆਦਿ) ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿਰ ਨਿਵਾਕੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸੰਗਤ ਦੇ ਦਰਸ਼ਨ ਕਿਰਕੇ ਸਹਿਜ ਨਾਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ ਬੁਲਾਈ ਜਾਵੇ।

(ਜ) ਸੰਗਤ ਵਿਚ ਬੈਠਣ ਲਈ ਭੀ ਸਿੱਖ ਅਸਿੱਖ, ਛੂਤ ਛਾਤ, ਜਾਤ ਪਾਤ, ਊਚ ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

(ਝ) ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲਬੈਠਣਾ ਮਨਮਤ ਹੈ।

(ਞ) ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤ੍ਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕਰਨਾ ਗੁਰਮਤਿ ਵਿਰੁੱਧ ਹੈ।

(ਟ) ਤਖਤ ਚਾਰ ਹਨ :- (੧) ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ, (੨) ਤਖਤ ਪਟਨਾ ਸਾਹਿਬ, (੩) ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ, (੪) ਸ੍ਰੀ ਹਜ਼ੂਰ ਸਾਹਿਬ ਨਾਂਦੇੜ।

(ਠ) ਤਖਤਾਂ ਦੇ ਖਾਸ ਅਸਥਾਨ 'ਤੇ ਕੇਵਲ ਰਹਿਤਵਾਨ ਅੰਮ੍ਰਿਤਸਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ।

(ਡ) ਤਖਤਾਂ ਉਤੇ ਪਤਿਤ ਤੇ ਤਨਖਾਹੀਏ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤ੍ਰ, ਸਿੱਖ ਗੁਰ ਸਿੱਖ ਦੀ ਅਰਦਾਸ ਹੋ ਸਕਦੀ ਹੈ।

(ਢ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉਚੀ ਥਾਂ 'ਤੇ ਲਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰ ਤੇ ਸਰਬਲੋਹ ਦਾ ਖੰਡਾ ਹੋਵੇ।

ਕੀਰਤਨ

(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

(ਅ) ਕੀਰਤਨ ਗੁਰਬਾਣੀ ਨੂੰ ਰਾਗ ਵਿਚ ਉਚਾਰਣ ਕਰਨ ਨੂੰ ਕਹਿੰਦੇ ਹਨ।

(ੲ) ਸੰਗਤ ਵਿਚ ਕੀਰਤਨ ਕੋਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸ਼ੁਰੂ ਕਰਨਾ ਭਾਈ ਗੁਰਦਾਸ ਜੀ ਤੇ ਭਾਈ ਨੂੰ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਨ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਾ ਲਾਣ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

'ਹੁਕਮ' ਲੈਣਾ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਆਵਾਜ਼ਾਂ ਲੈਂਦਾ ਜਾਂ ਸੁਣਨਾ ਸਤਿਗੁਰੂ ਦੇ ਦਰਸ਼ਨ ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ




ਦਾ ਰੁਮਾਲ ਚੱਕ ਚੁਕ ਕੇ 'ਦਰਸ਼ਨ' ਕਰਨਾ ਜਾਂ ਕਰਾਉਣਾ ਮਨਮਤ ਹੈ।

(ਅ) ਸੰਗਤ ਵਿਚ ਇਕ ਵਕਤ ਇਕੋ ਗਲ ਹੋਣੀ ਚਾਹੀਏ, ਜਾਂ ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ੲ) ਦੀਵਾਨ ਸਮੇਂ ਸੰਗਤਿ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗੈਰ ਸਿੱਖ ਭੀ ਕਰ ਸਕਦਾ ਹੈ।

(ਹ) 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ, ਜੋ ਜਾਰੀ ਹੈ, ਮੁਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁਢ ਪਿਛਲ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ 'ਵਾਰ' ਹੋਵੇ, ਤਾਂ ਪਉੜੀ ਦੇ ਸਾਰੇ ਸਲੋਕ ਅਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਉਤੇ ਭੋਗ ਪਾਇਆ ਜਾਵੇ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਿਮ 'ਹੁਕਮ' ਲਿਆ ਜਾਵੇ।

ਸਾਧਾਰਨ ਪਾਠ

(ੳ) ਹਰ ਇਕ ਸਿੱਖ ਨੂੰ ਵੱਸ ਲੱਗੇ ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਕਾਸ਼ ਕਰਨ ਦਾ ਵੱਖਰਾ ਤੇ ਨਿਵੇਕਲਾ ਅਸਥਾਨ ਨੀਯਤ ਕਰਨਾ ਚਾਹੀਏ।

(ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।

(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਹੁਕਮ' ਲਵੋ। ਜੇ ਇਸ ਵਿਚ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ, ਤਾਂ ਸ਼ੰਕਾ ਨਹੀਂ ਕਰਨੀ।

**(ਚਲਦਾ)**

# ਐੱਚ-1ਬੀ ਵੀਜ਼ਾ ਪ੍ਰੋਗਰਾਮ ਖ਼ਤਮ ਕਰਨ ਦੇ ਹੱਕ 'ਚ ਜੇਡੀ ਵੈਂਸ

ਨਿਊਯਾਰਕ : ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਟੁੱਟਿਆ ਹੋਇਆ ਦੱਸਦਿਆਂ ਕਿਹਾ ਹੈ ਕਿ ਉਹ ਇਸ ਨੂੰ ਖਤਮ ਕਰਨ ਦੇ ਹੱਕ ਵਿਚ ਹਨ। ਵੈਂਸ ਦਾ ਦੋਸ਼ ਹੈ ਕਿ ਕੁਝ ਤਕਨਾਲੋਜੀ ਅਤੇ ਅਕਾਊਂਟਿੰਗ ਕੰਪਨੀਆਂ ਇਸ ਪ੍ਰੋਗਰਾਮ ਦੀ ਵਰਤੋਂ ਅਮਰੀਕੀ ਕਰਮਚਾਰੀਆਂ ਦੀ ਥਾਂ ਘੱਟ ਤਨਖਾਹ 'ਤੇ ਵਿਦੇਸ਼ੀ ਕਾਮਿਆਂ ਨੂੰ ਰੱਖਣ ਲਈ ਕਰ ਰਹੀਆਂ ਹਨ ਵੈਂਸ ਨੇ ਕਿਹਾ ਕਿ ਉੱਚ ਹੁਨਰ ਵਾਲੇ ਵਿਦੇਸ਼ੀ ਮਾਹਿਰਾਂ ਨੂੰ ਅਮਰੀਕਾ ਲਿਆਉਣਾ ਅਤੇ ਸਿਰਫ਼ ਮਜ਼ਦੂਰੀ ਦੀ ਲਾਗਤ ਘਟਾਉਣ ਲਈ ਵਿਦੇਸ਼ੀ ਕਰਮਚਾਰੀ ਰੱਖਣਾ ਦੋ ਵੱਖ-ਵੱਖ ਗੱਲਾਂ ਹਨ। ਉਨ੍ਹਾਂ ਉਦਾਹਰਨ ਦਿੰਦਿਆਂ ਕਿਹਾ ਕਿ ਜੇ ਕਿਸੇ ਅਮਰੀਕੀ ਅਕਾਊਂਟੈਂਟ ਨੂੰ 60 ਹਜ਼ਾਰ ਡਾਲਰ ਮਿਲ ਰਹੇ ਹਨ ਅਤੇ ਉਸ ਦੀ ਥਾਂ 45 ਹਜ਼ਾਰ ਡਾਲਰ ਵਿਚ ਐੱਚ-1ਬੀ ਕਰਮਚਾਰੀ ਲਿਆਂਦਾ ਜਾਂਦਾ ਹੈ ਤਾਂ ਇਹ ਪ੍ਰੋਗਰਾਮ ਦੇ ਅਸਲ ਮਕਸਦ ਦੀ ਵਰਤੋਂ ਨਹੀਂ ਹੈ ਵੈਂਸ ਨੇ ਐੱਚ-1ਬੀ ਲਈ 1 ਲੱਖ ਡਾਲਰ ਦੀ ਫੀਸ ਲਗਾਉਣ ਦੇ ਫੈਸਲੇ ਦਾ ਵੀ ਬਚਾਅ ਕੀਤਾ। ਉਨ੍ਹਾਂ ਮੁਤਾਬਕ ਇਸ ਦਾ ਮਕਸਦ ਇਹ ਯਕੀਨੀ ਬਣਾਉਣਾ ਸੀ ਕਿ ਕੰਪਨੀਆਂ ਐੱਚ-1ਬੀ ਪ੍ਰੋਗਰਾਮ ਦੀ ਵਰਤੋਂ ਸਿਰਫ਼ ਅਸਲ ਲੋੜ ਅਤੇ ਉੱਚ ਹੁਨਰ ਵਾਲੇ ਕਰਮਚਾਰੀਆਂ ਲਈ ਕਰਨ। ਇਸੇ ਦੌਰਾਨ ਟਰੰਪ ਪ੍ਰਸ਼ਾਸਨ ਦੀ 1 ਲੱਖ ਡਾਲਰ



ਵਾਲੀ ਐੱਚ-1ਬੀ ਫੀਸ ਨੂੰ ਅਦਾਲਤ ਵਿਚ ਇੱਕ ਹੋਰ ਝਟਕਾ ਲੱਗਾ ਹੈ। ਕੈਲੀਫੋਰਨੀਆ ਦੇ ਸੰਘੀ ਜੱਜ ਹੇਵੁੱਡ ਗਿਲੀਅਮ ਨੇ ਫੀਸ ਲਾਗੂ ਕਰਨ ਉਤੇ ਰੋਕ ਲਗਾਉਂਦਿਆਂ ਕਿਹਾ ਕਿ ਸੰਬੰਧਿਤ ਸਰਕਾਰੀ ਏਜੰਸੀਆਂ ਨੇ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਲੋੜੀਂਦੀ ਨਿਯਮ ਬਣਾਉਣ ਦੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ। ਇਸ ਫੀਸ ਖ਼ਿਲਾਫ਼ ਕਾਨੂੰਨੀ ਲੜਾਈ ਅਜੇ ਜਾਰੀ ਹੈ। ਐੱਚ-1ਬੀ ਨੂੰ ਲੈ ਕੇ ਚੱਲ ਰਹੀ ਇਹ ਬਹਿਸ ਭਾਰਤੀ ਪੇਸ਼ੇਵਰਾਂ ਲਈ ਖਾਸ ਮਹੱਤਵ ਰੱਖਦੀ ਹੈ, ਕਿਉਂਕਿ ਇਸ ਪ੍ਰੋਗਰਾਮ ਦੇ ਲਾਭਪਾਤਰੀਆਂ ਵਿਚ ਭਾਰਤੀ ਨਾਗਰਿਕਾਂ ਦੀ ਵੱਡੀ ਹਿੱਸੇਦਾਰੀ ਹੈ। ਪ੍ਰੋਗਰਾਮ ਵਿਚ ਕੋਈ ਵੱਡਾ ਕਾਨੂੰਨੀ ਜਾਂ ਨੀਤੀਗਤ ਬਦਲਾਅ ਹੋਣ ਨਾਲ ਅਮਰੀਕਾ ਵਿੱਚ ਕੰਮ ਕਰਨ ਵਾਲੇ ਜਾਂ ਨੌਕਰੀ ਦੀ ਉਮੀਦ ਰੱਖਣ ਵਾਲੇ ਭਾਰਤੀ ਤਕਨਾਲੋਜੀ ਅਤੇ ਇੰਜੀਨੀਅਰਿੰਗ ਪੇਸ਼ੇਵਰ ਪ੍ਰਭਾਵਿਤ ਹੋ ਸਕਦੇ ਹਨ।

# ਵਿਸ਼ਵਵਿਆਪੀ ਡੀਜ਼ਲ ਸੰਕਟ ਦਰਮਿਆਨ ਭਾਰਤ ਬਣਿਆ ਵੱਡਾ ਸਪਲਾਇਰ

## ਰੂਸ ਨੂੰ ਪਛਾੜ ਹਾਸਲ ਕੀਤਾ ਦੂਜਾ ਸਥਾਨ

ਦੁਨੀਆ ਭਰ ਵਿੱਚ ਚੱਲ ਰਹੀਆਂ ਜੰਗਾਂ ਅਤੇ ਸਪਲਾਈ ਲੜੀ ਵਿੱਚ ਵਿਘਨ ਕਾਰਨ ਇੱਕ ਗੰਭੀਰ ਗਲੋਬਲ ਡੀਜ਼ਲ ਸੰਕਟ ਪੈਦਾ ਹੋਇਆ ਹੈ। ਇਸ ਸਮੇਂ, ਭਾਰਤ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਡੀਜ਼ਲ ਦੀ ਘਾਟ ਨੂੰ ਪੂਰਾ ਕਰਨ ਲਈ ਇੱਕ ਪ੍ਰਮੁੱਖ ਈਂਧਣ ਸਪਲਾਇਰ ਵਜੋਂ ਉਭਰਿਆ ਹੈ। ਭਾਰਤ ਹੁਣ ਰੂਸ ਨੂੰ ਪਛਾੜ ਕੇ ਅਮਰੀਕਾ ਤੋਂ ਬਾਅਦ ਡੀਜ਼ਲ ਦਾ ਦੂਜਾ ਸਭ ਤੋਂ ਵੱਡਾ ਵਿਸ਼ਵ ਸਪਲਾਇਰ ਬਣ ਗਿਆ ਹੈ, ਜੋ ਕਿ ਵਿਸ਼ਵਵਿਆਪੀ ਸ਼ਿਪਮੈਂਟ ਦਾ ਲਗਭਗ 10% ਹੈ।



ਮੱਧ ਪੂਰਬ ਵਿੱਚ ਚੱਲ ਰਹੇ ਟਕਰਾਅ, ਰਣਨੀਤਕ ਹੋਰਮੁਜ਼ ਜਲਡਮਰੂ ਦੇ ਰੁਕਾਵਟ ਦੀ ਸੰਭਾਵਨਾ ਅਤੇ ਰੂਸ-ਯੂਕਰੇਨ ਯੁੱਧ ਦੇ ਕਾਰਨ ਅੰਤਰਰਾਸ਼ਟਰੀ ਈਂਧਣ ਬਾਜ਼ਾਰ 'ਤੇ ਗੰਭੀਰ ਦਬਾਅ ਹੇਠ ਆ ਗਿਆ ਹੈ।

ਘਰੇਲੂ ਰਿਫਾਇਨਰੀਆਂ 'ਤੇ ਡਰੋਨ ਹਮਲਿਆਂ ਤੋਂ ਬਾਅਦ ਈਂਧਣ ਦੀ ਘਾਟ ਨੂੰ ਪੂਰਾ ਕਰਨ ਲਈ ਰੂਸ ਨੇ ਆਪਣੀ ਡੀਜ਼ਲ ਨਿਰਯਾਤ ਪਾਬੰਦੀ ਜਨਵਰੀ 2027 ਤੱਕ ਵਧਾ ਦਿੱਤੀ ਹੈ। ਦੂਜੇ ਪਾਸੇ ਅਮਰੀਕਾ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਘਰੇਲੂ ਕੀਮਤਾਂ ਨੂੰ ਕੰਟਰੋਲ ਕਰਨ ਲਈ ਡੀਜ਼ਲ ਨਿਰਯਾਤ 'ਤੇ 90 ਦਿਨਾਂ ਦੀ ਪਾਬੰਦੀ 'ਤੇ ਵੀ ਵਿਚਾਰ ਕਰ ਰਿਹਾ ਹੈ।

ਅਮਰੀਕਾ ਅਤੇ ਯੂਰਪ ਵਿੱਚ ਡੀਜ਼ਲ ਦੇ ਭੰਡਾਰ ਇਤਿਹਾਸਕ ਤੌਰ 'ਤੇ ਹੇਠਲੇ ਪੱਧਰ 'ਤੇ ਪਹੁੰਚ ਗਏ ਹਨ, ਜਿਸ ਨਾਲ ਆਵਾਜਾਈ, ਖੇਤੀਬਾੜੀ ਅਤੇ ਨਿਰਮਾਣ ਖੇਤਰਾਂ 'ਤੇ ਅਸਰ ਪੈ ਰਿਹਾ ਹੈ ਅਤੇ ਵਿਸ਼ਵਵਿਆਪੀ ਮਹਿੰਗਾਈ ਵਧ ਰਹੀ ਹੈ। ਊਰਜਾ ਵਿਸ਼ਲੇਸ਼ਣ ਫਰਮ ਵੋਰਟੇਕਸ ਅਨੁਸਾਰ ਭਾਰਤ ਨੇ ਅਗਸਤ ਵਿੱਚ ਬਾਬ-ਏਲ-ਮੰਡੇਬ ਰੂਟ ਰਾਹੀਂ ਯੂਰਪ ਨੂੰ ਕੁੱਲ ਡੀਜ਼ਲ ਦਾ 60% ਸਪਲਾਈ ਕੀਤਾ। ਭਾਰਤ ਨੇ ਆਪਣੇ ਕੱਚੇ ਤੇਲ ਸਪਲਾਇਰ ਦੇਸ਼ਾਂ ਦੀ ਗਿਣਤੀ 27 ਤੋਂ ਵਧਾ ਕੇ 41 ਕਰ ਦਿੱਤੀ ਹੈ, ਜਿਸ ਨਾਲ ਸਪਲਾਈ ਸੁਰੱਖਿਆ ਯਕੀਨੀ ਬਣਾਈ ਗਈ ਹੈ। ਦੁਨੀਆ ਦੇ ਚੌਥੇ ਸਭ ਤੋਂ ਵੱਡੇ ਰਿਫਾਇਨਰ ਵਜੋਂ, ਭਾਰਤ ਕੋਲ ਲਗਭਗ 258.1 ਤੋਂ 267 ਮਿਲੀਅਨ ਟਨ ਪ੍ਰਤੀ ਸਾਲ (MTPA) ਦੀ ਕੁੱਲ ਸਥਾਪਿਤ ਰਿਫਾਇਨਿੰਗ ਸਮਰੱਥਾ ਹੈ।

ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ ਇੱਕ ਉਦਯੋਗ ਸਮਾਗਮ ਵਿੱਚ ਭਰੋਸਾ ਦਿੱਤਾ ਕਿ ਅਮਰੀਕਾ ਦੁਆਰਾ 100% ਟੈਰਿਫ ਲਗਾਉਣ ਦੀ ਸੰਭਾਵਨਾ ਦੇ ਬਾਵਜੂਦ ਭਾਰਤ ਆਪਣੀਆਂ ਅੰਤਰਰਾਸ਼ਟਰੀ ਨਿਰਯਾਤ ਵਚਨਬੱਧਤਾਵਾਂ ਨੂੰ ਪੂਰਾ ਕਰਨਾ ਜਾਰੀ ਰੱਖੇਗਾ। ਮੰਤਰੀ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਉਥਲ-ਪੁਥਲ ਦੇ ਬਾਵਜੂਦ, ਭਾਰਤ ਦੇ ਸਾਰੇ 107,000 ਪ੍ਰਚੂਨ ਦੁਕਾਨਾਂ ਨੂੰ ਈਂਧਣ ਦੀ ਸਪਲਾਈ ਨਿਰਵਿਘਨ ਰਹੀ ਅਤੇ ਇੱਕ ਵੀ ਪੰਪ ਸੁੱਕਾ ਨਹੀਂ ਰਿਹਾ।

ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਯੂਰਪ ਵਿੱਚ ਕਈ ਪਲਾਂਟਾਂ ਦੇ ਬੰਦ ਹੋਣ ਦੇ ਬਾਵਜੂਦ, ਭਾਰਤ ਘਰੇਲੂ ਮੰਗ ਅਤੇ ਵਿਸ਼ਵਵਿਆਪੀ ਨਿਰਯਾਤ ਦੋਵਾਂ ਨੂੰ ਸੰਤੁਲਿਤ ਕਰਨ ਲਈ ਆਪਣੀ ਰਿਫਾਇਨਿੰਗ ਸਮਰੱਥਾ ਨੂੰ ਵਧਾਉਣ ਵਿੱਚ ਨਿਵੇਸ਼ ਕਰਨਾ ਜਾਰੀ ਰੱਖੇਗਾ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**


ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ/ਬੁਰੇ ਕਰਮਾਂ ਦਾ ਤਿਆਗ ਹੀ ਅਸਲ ਸੇਵਾ ਹੈ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜਲ-ਪਾਣੀ ਛਕਣ ਉਪ੍ਰੰਤ ਬਾਬਾ ਜੀ ਨੇ ਟਰੱਕ ਵਾਲੇ ਪ੍ਰੇਮੀ ਨੂੰ ਕਿਹਾ ਕਿ ਰੇਤਾ ਤਾਂ ਅਜੇ ਕਾਫ਼ੀ ਹੈ, ਜੇ ਤੁਸੀਂ ਇੱਟਾਂ ਦੇ ਦੋ ਫੇਰੇ ਭੱਠੇ ਤੋਂ ਲਿਆ ਦੇਵੋ ਤਾਂ ਬਹੁਤ ਚੰਗਾ ਹੋਵੇਗਾ। ਉਸ ਪ੍ਰੇਮੀ ਨੇ ਸਤ-ਬਚਨ ਕਿਹਾ ਤੇ ਮਿਸਤਰੀਆਂ ਦੇ ਕੰਮ ਤੇ ਪੁੱਜਣ ਤੋਂ ਪਹਿਲਾਂ ਉਸ ਨੇ ਇੱਟਾਂ ਦਾ ਟਰੱਕ ਲੈ ਆਂਦਾ ਅਤੇ ਦੁਪਹਿਰ ਤੱਕ ਦੋ ਫੇਰੇ ਇੱਟਾਂ ਦੇ ਲਿਆ ਦਿੱਤੇ। ਜਾਣ ਲਗੇ ਉਸ ਪ੍ਰੇਮੀ ਨੇ ਬੜੀ ਨਿਮ੍ਰਤਾ ਨਾਲ ਕਿਹਾ ਕਿ ਜਦੋਂ ਵੀ ਹੋਰ ਸੇਵਾ ਦੀ ਲੋੜ ਹੋਵੇ ਕਿਸੇ ਪਾਸ ਸੁਨੇਹਾ ਭੇਜ ਦੇਣਾ, ਮੈਂ ਸੇਵਾ ਕਰਨ ਲਈ ਹਾਜ਼ਰ ਹੋ ਜਾਵਾਂਗਾ। ਬਾਬਾ ਜੀ ਨੇ ਗੁਰੂ ਮਹਾਰਾਜ ਜੀ ਦਾ ਸ਼ੁਕਰਾਨਾ ਕੀਤਾ ਅਤੇ ਬਚਨ ਕੀਤਾ ਕਿ 'ਗੁਰੂ ਸਾਹਿਬ ਜੀ ਨੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਲਈ ਸਾਨੂੰ ਤਾਂ ਬਹਾਨਾ ਹੀ ਬਣਾਇਆ ਹੋਇਆ ਹੈ। ਸਾਰਾ ਫ਼ਿਕਰ ਤਾਂ ਉਹ ਆਪ ਹੀ ਕਰ ਰਹੇ ਹਨ, 'ਸਗਲ ਸਰੰਜਾਮ ਕਰੇ ਪ੍ਰਭੁ ਆਪੇ' ਵਾਲੀ ਗੱਲ ਹੈ।'
ਉੱਧਰ ਸ. ਦਇਆ ਸਿੰਘ ਜੀ ਨੇ ਸਾਰੇ ਪਰਿਵਾਰ ਨਾਲ ਰਲ ਕੇ ਦੋ ਕਨਾਲ ਗੰਢੇ ਵੀ ਸ਼ਾਮ ਤੱਕ ਲਾ ਲਏ। ਪਰਮੇਸ਼ਰ ਦੀ ਨੇਤ ਐਸੀ ਬਣੀ ਦੂਸਰੇ ਦਿਨ ਬਾਰਸ਼ ਬੜੇ ਜ਼ੋਰ ਦੀ ਪੈਣੀ ਸ਼ੁਰੂ ਹੋ ਗਈ। ਦਇਆ ਸਿੰਘ ਦਾ ਖੇਤ ਜਿਸ ਵਿੱਚ ਉਸ ਨੇ ਗੰਢੇ ਲਾਏ ਸਨ ਸੜਕ ਦੇ ਨਾਲ ਲਗਦਾ ਸੀ। ਸੜਕ ਉੱਚੀ ਹੋਣ ਕਾਰਨ ਸਾਰਾ ਖੇਤ ਪਾਣੀ ਨਾਲ ਨਕੋ-ਨੱਕ ਭਰ ਗਿਆ। ਦੋ ਦਿਨ ਪਾਣੀ ਨਾ ਸੁੱਕਿਆ। ਅਧ-ਪਚੱਧੇ ਗੰਢੇ ਤਾਂ ਪਾਣੀ ਨਾਲ ਰੁੜ੍ਹ ਗਏ ਬਾਕੀ ਪਾਣੀ ਖੜਾ ਰਹਿਣ ਕਾਰਨ ਗਲ ਗਏ। ਇਸ ਘਟਨਾ ਦੇ ਵਾਪਰਨ ਤੋਂ ਤਿੰਨ ਚਾਰ ਦਿਨ ਬਾਅਦ ਸ. ਦਇਆ ਸਿੰਘ ਨੇ ਮਨ ਵਿੱਚ ਕਾਫ਼ੀ ਪਛੁਤਾਵਾ ਕੀਤਾ ਤੇ ਬਾਬਾ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਬਾਬਾ ਜੀ ਮੈਂ ਤੁਹਾਡਾ ਬਚਨ ਵੀ ਨਹੀਂ ਮੰਨਿਆ, ਗੰਢੇ ਤਾਂ ਉੱਥੇ ਕੀ ਹੋਣੇ ਸਨ, ਬਾਰਸ਼ ਨਾਲ ਪਨੀਰੀ ਵੀ ਜਾਂਦੀ ਲੱਗੀ, ਹੁਣ ਕੋਈ ਸੇਵਾ ਹੈ ਤਾਂ ਮੈਨੂੰ ਦੱਸੋ ? ਬਾਬਾ ਜੀ ਨੇ ਉਸ ਨੂੰ ਕਿਹਾ ਕਿ ਜਦੋਂ ਵੀ ਕੋਈ ਸੇਵਾ ਹੋਈ ਤੁਸੀਂ ਸੰਗਤਾਂ ਨੇ ਹੀ ਕਰਨੀ ਹੈ, ਅਸੀਂ ਜ਼ਰੂਰ ਤੁਹਾਨੂੰ ਦਸਾਂਗੇ। ਸ. ਦਇਆ ਸਿੰਘ ਥੋੜ੍ਹਾ ਸਮਾਂ ਆਪ ਜੀ ਪਾਸ ਬੈਠ ਕੇ ਮੁੜ ਆਪਣੇ ਡੇਰੇ ਨੂੰ ਪਰਤ ਗਏ।
ਆਪਾਂ ਨੂੰ ਵੀ ਇਸ ਘਟਨਾ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਕਿ ਉਹ ਗੁਰੂ ਪਿਆਰੇ ਜਿਨ੍ਹਾਂ ਨੇ ਸਭ ਕੁਝ ਗੁਰੂ ਪਰਾਇਣ ਕਰ ਦਿੱਤਾ ਹੋਵੇ ਉਨ੍ਹਾਂ ਦਾ ਬਚਨ ਅਵੱਸ਼ ਮੰਨਣਾ ਹੀ ਯੋਗ ਹੈ; ਭਾਵੇਂ ਉਸ ਸਮੇਂ ਉਸ ਬਚਨ ਨੂੰ ਮੰਨਣ ਵਿੱਚ ਦੁਨਿਆਵੀ ਘਾਟਾ ਵੀ ਕਿਉਂ ਨਾ ਮਹਿਸੂਸ ਹੋਵੇ। ਉਸ ਬਚਨ ਨੂੰ ਮੰਨਣ ਨਾਲ ਹੀ ਗੁਰੂ ਪਿਆਰਿਆਂ ਦੀ ਅਸੀਸ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਸ ਅਸੀਸ ਵਿੱਚ ਗੁਰੂ ਨੇ ਆਪਣੀ ਰਹਿਮਤ ਭਰੀ ਹੁੰਦੀ ਹੈ ਉਸ ਰਹਿਮਤ ਭਰੀ ਅਸੀਸ ਨੂੰ ਪ੍ਰਾਪਤ ਕਰਨਾ ਹੀ ਅਸਲ ਬੰਦਗੀ ਹੈ, ਜਿਸ ਦੁਆਰਾ ਲੋਕ ਪ੍ਰਲੋਕ ਸੰਵਰਦੇ ਹਨ। ਇਹ ਤਦ ਹੀ ਨਸੀਬ ਹੁੰਦੀ ਹੈ ਜੇਕਰ ਤੀਸਰੇ ਪਾਤਸ਼ਾਹ ਦੇ ਮੁੱਖਵਾਕ ਨੂੰ ਜੀਵਨ ਆਧਾਰ ਬਣਾਇਆ ਹੋਵੇ :

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥
ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥੧॥
(ਸਲੋਕ ਮ: ੩, ਅੰਗ ੬੪੭-੬੪੮)


ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ: +91-1886-260334, 98767-60334
Website : www.RamPurKhera.com | Email : RamPurKhera@yahoo.ca

3

ਦੂਸਰੇ, ਆਪਣੀ ਮਰਜ਼ੀ ਨਾਲ ਬਹੁਤੀ ਕੀਤੀ ਸੇਵਾ ਨਾਲੋਂ ਲੋੜ ਵੇਲੇ ਹੁਕਮ ਅਨੁਸਾਰ ਕੀਤੀ ਸੇਵਾ ਜ਼ਿਆਦਾ ਫ਼ਲ ਪ੍ਰਦਾਤੀ ਤੇ ਗੁਰੂ-ਦਰ ਪ੍ਰਵਾਨ ਹੁੰਦੀ ਹੈ। ਜਿਸ ਨੂੰ ਕਰਨ ਨਾਲ ਸਾਰੇ ਫ਼ਲਾਂ ਦੀ ਪ੍ਰਾਪਤੀ ਹੁੰਦੀ ਹੈ ਪਰ ਇਹ ਪ੍ਰਾਪਤ ਕਿਸੇ ਭਾਗਾਂ ਵਾਲੇ ਨੂੰ ਹੀ ਹੁੰਦੀ ਹੈ।

ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥ (ਅੰਗ ੬੪੭)

ਜਦੋਂ ਹਰੀ ਪਰਮੇਸ਼ਰ ਆਪ ਮੇਹਰ ਦੀ ਨਿਗ੍ਹਾ ਕਰਦਾ ਹੈ ਤਾਂ ਇਹ ਸੋਝੀ ਗੁਰਮੁਖਾਂ ਨੂੰ ਪ੍ਰਾਪਤ ਹੁੰਦੀ ਹੈ। ਗੁਰੂ-ਦਰ ਅਰਦਾਸ ਹੈ ਕਿ ਗੁਰੂ ਪਾਤਸ਼ਾਹ ਮੇਹਰ ਕਰਨ ਅਸੀਂ ਗੁਰੂ ਹੁਕਮ ਵਿੱਚ ਗੁਰੂ ਭਾਉਂਦੀ ਸੇਵਾ ਕਰ ਕੇ ਜੀਵਨ ਦਾ ਲਾਹਾ ਲੈ ਸਕੀਏ।

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥੪॥੩॥
(ਸਿਰੀ ਰਾਗੁ ਮਹਲਾ ੧, ਅੰਗ ੨੬)

## ਬੁਰੇ ਕਰਮਾਂ ਦਾ ਤਿਆਗ ਹੀ ਅਸਲ ਸੇਵਾ ਹੈ

ਕੁੱਝ ਦਿਨਾਂ ਬਾਅਦ ਸ. ਦਇਆ ਸਿੰਘ ਮੁੜ ਬਾਬਾ ਜੀ ਪਾਸ ਗੁਰੂ ਘਰ ਦੀ ਚੱਲ ਰਹੀ ਸੇਵਾ ਵਿੱਚ ਹਿੱਸਾ ਪਾਉਣ ਲਈ ਪੁੱਛਣ ਆਇਆ। ਬਾਬਾ ਜੀ ਦੇ ਮਨ ਵਿੱਚ ਦਇਆ ਸਿੰਘ ਪ੍ਰਤੀ ਦਇਆ ਉਪਜੀ ਤੇ ਉਸ ਨੂੰ ਕਹਿਣ ਲੱਗੇ, ਦਇਆ ਸਿੰਘ! ਜੇ ਮੰਨੇਂ ਤਾਂ ਸਾਡੀ ਤੇਰੇ ਅੱਗੇ ਬੜੀ ਨਿਮ੍ਰਤਾ ਨਾਲ ਬੇਨਤੀ ਹੈ। ਜੇ ਤੂੰ ਸਾਡੀ ਇਹ ਬੇਨਤੀ ਨੂੰ ਮੰਨ ਲਵੇਂ ਤਾਂ ਸਾਰੀ ਸੇਵਾ ਇਸ ਬਚਨ ਮੰਨਣ ਵਿੱਚ ਹੀ ਆ ਜਾਵੇਗੀ। ਦਇਆ ਸਿੰਘ ਨੇ ਸੋਚਿਆ ਕਿ ਪਹਿਲਾਂ ਇਹਨਾਂ ਨੇ ਇੱਟਾਂ ਲਿਆਉਣ ਲਈ ਕਿਹਾ ਸੀ, ਸੋ ਇੱਟਾਂ ਤਾਂ ਆ ਗਈਆਂ ਹਨ, ਅੱਜ ਵੱਧ ਤੋਂ ਵੱਧ ਰੇਤਾ ਢੋਣ ਜਾਂ ਸੀਮਿੰਟ ਆਦਿ ਲਿਆਉਣ ਲਈ ਹੀ ਕਹਿਣਗੇ। ਸੋ ਅੱਜ ਜਿਹੜੀ ਵੀ ਸੇਵਾ ਕਰਨ ਲਈ ਆਪ ਕਹਿਣਗੇ, ਹੁਣ ਨਾਂਹ ਨਹੀਂ ਕਰਨੀ। ਇਹ ਸੋਚ ਕੇ ਹਾਂ ਕਰ ਦਿੱਤੀ ਕਿ ਬਾਬਾ ਜੀ! ਤੁਸੀਂ ਜੋ ਵੀ ਸੇਵਾ ਕਰਨ ਲਈ ਕਹੋਗੇ, ਮੈਂ ਜ਼ਰੂਰ ਕਰਾਂਗਾ। ਅਜੇ ਖੇਤ ਵੀ ਗਿੱਲੇ ਹਨ ਹੋਰ ਕੋਈ ਕੰਮ-ਕਾਰ ਵੀ ਨਹੀਂ ਹੈ, ਰੱਬ ਨੇ ਸਾਰੀ ਤਰ੍ਹਾਂ ਨਾਲ ਵੇਹਲਾ ਕਰ ਦਿੱਤਾ ਹੈ। ਆਪ ਜੀ ਮੁਸਕਰਾਏ ਅਤੇ ਬਚਨ ਕੀਤਾ ਕਿ ਇਸ ਸੇਵਾ ਦਾ ਬਾਹਰਲੇ ਗਿੱਲੇ-ਸੁੱਕੇ ਖੇਤਾਂ ਨਾਲ ਸੰਬੰਧ ਨਹੀਂ ਹੈ। ਇਸ ਸੇਵਾ ਦਾ ਸੰਬੰਧ ਤੇਰੇ ਹਿਰਦੇ ਰੂਪੀ ਖੇਤ ਨਾਲ ਹੈ, ਜਿਸ ਵਿੱਚ ਤੈਂ ਨਾਮ ਦਾ ਬੀਜ ਪਾਉਣਾ ਹੈ; ਉਹ ਅਜੇ ਬੰਜਰ ਅਤੇ ਸੁੱਕਾ ਪਿਆ ਹੈ। ਉਸ ਨੂੰ ਸੰਵਾਰਨ ਲਈ, ਜੋ ਤੂੰ ਸ਼ਰਾਬ ਪੀਂਦਾ ਹੈਂ, ਇੱਕ ਤਾਂ ਉਹ ਛੱਡ ਦੇ; ਦੂਸਰੇ ਸ਼ਰਾਬ ਛੱਡਣ ਉਪ੍ਰੰਤ ਕੁੱਝ ਸਮਾਂ ਤਿਆਰੀ ਕਰਕੇ ਅੰਮ੍ਰਿਤ ਛਕ ਲੈ। ਜੇ ਬਚਨ ਮੰਨ ਕੇ ਇਹ ਸੇਵਾ ਕਰ ਲਵੇਂ ਤਾਂ ਬਾਹਰੀ ਸਾਰੀਆਂ ਸੇਵਾਵਾਂ ਵਿੱਚੇ ਹੀ ਆ ਜਾਣਗੀਆਂ। ਦਇਆ ਸਿੰਘ ਇਹ ਅਨੋਖੀ ਸੇਵਾ ਦਾ ਹੁਕਮ ਸੁਣਕੇ ਕੁੱਝ ਚਿਰ ਲਈ ਚੁੱਪ ਹੋ ਗਿਆ। ਇਸ ਦੀ ਚੁੱਪ ਦੇਖ ਕੇ ਬਾਬਾ ਜੀ ਨੇ ਕਿਹਾ ਕਿ ਤੈਂ ਆਪ ਹੀ ਤਾਂ ਸੇਵਾ ਪੁੱਛੀ ਸੀ, ਸੋ ਤਕੜਾ ਹੋ, ਇਸ ਸੇਵਾ ਨੂੰ ਕਰ ਲੈ। ਦਇਆ ਸਿੰਘ ਨੇ ਚੁੱਪ ਤੋੜੀ ਤੇ ਆਪਣੀ ਸੋਚ ਮੁਤਾਬਕ ਕਹਿਣ ਲੱਗਾ, ਮਹਾਰਾਜ! ਇਹ ਸੇਵਾ ਤਾਂ ਤੁਹਾਡੇ ਹੀ ਕਰਨ ਵਾਲੀ ਹੈ, ਅਸੀਂ ਜੱਟਾਂ ਦੇ ਪੁੱਤ ਹਾਂ; ਜੱਟ ਅਤੇ ਸ਼ਰਾਬ ਦਾ ਤਾਂ ਨਹੁੰ ਮਾਸ ਦਾ ਰਿਸ਼ਤਾ ਹੈ। ਉਹ ਜੱਟ ਦਾ ਪੁੱਤ ਕਾਹਦਾ ਜੋ ਸ਼ਰਾਬ ਨਾ ਪੀਵੇ। ਦੂਸਰੇ, ਜੋ ਤੁਸੀਂ ਅੰਮ੍ਰਿਤ ਛਕਣ ਲਈ ਕਹਿੰਦੇ ਹੋ ਇਹਨਾਂ ਬੰਧਨਾਂ ਵਿੱਚ ਅਸੀਂ ਲੋਕ ਨਹੀਂ ਬੱਝ ਸਕਦੇ।

(ਚਲਦਾ)





BLOOD DONATION BY SIKH NATION




ਸਿੱਖ ਕੌਮ ਵੱਲੋਂ ਖ਼ੂਨਦਾਨ ਕੰਪੇਨ

1984 ਵਿੱਚ ਸਿੱਖ ਨਸਲਕੁਸ਼ੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਯੂਬਾ ਸਿਟੀ (2468 Tierra Buena Rd) ਵਿਖੇ 30 ਅਕਤੂਬਰ ਦਿਨ ਸ਼ੁੱਕਰਵਾਰ ਨੂੰ 2pm-5pm ਅਤੇ 31 ਅਕਤੂਬਰ ਨੂੰ 9.30am-3.30pm ਵਜੇ ਤੱਕ ਖ਼ੂਨਦਾਨ ਕੰਪੇਨ ਚੱਲੇਗੀ। ਖ਼ੂਨਦਾਨ ਕਰਨ ਵਾਲੇ ਆਪਣੀ ID ਜ਼ਰੂਰ ਲਿਆਉਣ।

# ਨਿਊਯਾਰਕ ਵਿਚ ਵੱਡੀ ਬਚਾਅ ਮੁਹਿੰਮ, 34 ਲਾਪਤਾ ਬੱਚੇ ਤੇ ਨੌਜਵਾਨ ਲੱਭੇ

ਨਿਊਯਾਰਕ : ਨਿਊਯਾਰਕ ਦੇ ਲਾਂਗ ਆਇਲੈਂਡ ਅਤੇ ਕਵੀਨਜ਼ ਵਿਚ ਲਾਪਤਾ ਬੱਚਿਆਂ ਦੀ ਭਾਲ ਲਈ ਚਲਾਈ ਗਈ ਤਿੰਨ ਦਿਨਾਂ ਦੀ ਵੱਡੀ ਮੁਹਿੰਮ ਦੌਰਾਨ 34 ਬੱਚਿਆਂ ਅਤੇ ਨੌਜਵਾਨਾਂ ਨੂੰ ਲੱਭ ਲਿਆ ਗਿਆ। ਇਨ੍ਹਾਂ ਵਿਚ ਕੁਝ ਕੁ ਮਾਮਲੇ ਥੋੜੇ ਦਿਨਾਂ ਤੋਂ ਲਾਪਤਾ ਬੱਚਿਆਂ ਦੇ ਸਨ, ਜਦਕਿ ਕੁਝ ਮਾਮਲੇ ਕਈ ਸਾਲ ਪੁਰਾਣੇ ਅਤੇ ਕਰੀਬ 10 ਸਾਲ ਤੱਕ ਦੇ ਦੱਸੇ ਗਏ ਹਨ। ਲਾਪਤਾ ਹੋਣ ਸਮੇਂ ਇਨ੍ਹਾਂ ਦੀ ਉਮਰ 7 ਤੋਂ 18 ਸਾਲ ਦੇ ਵਿਚਕਾਰ ਸੀ ਲੱਭੇ ਗਏ ਬੱਚਿਆਂ ਵਿਚ 18 ਨਸਾਊ ਕਾਊਂਟੀ, 12 ਸਫ਼ੋਕ ਕਾਊਂਟੀ ਅਤੇ ਚਾਰ ਕਵੀਨਜ਼ ਨਾਲ ਸੰਬੰਧਿਤ ਸਨ। ਇਨ੍ਹਾਂ ਵਿਚ ਇਕ ਲੜਕੀ ਅਜਿਹੀ ਵੀ ਸੀ, ਜਿਸ ਨੂੰ ਉਸ ਦੇ ਪਰਿਵਾਰ ਨੇ ਦੋ ਸਾਲ ਤੋਂ ਨਹੀਂ ਦੇਖਿਆ ਸੀ। ਉਸ ਨੂੰ ਲੱਭਣ ਤੋਂ ਬਾਅਦ ਮਾਹਿਰਾਂ ਦੀ ਦੇਖਭਾਲ ਹੇਠ ਰੱਖਿਆ ਗਿਆ ਅਤੇ ਪਰਿਵਾਰ ਨਾਲ ਮੁੜ ਮਿਲਾਉਣ ਦੀ ਤਿਆਰੀ ਕੀਤੀ ਗਈ। ਇਸ ਕਾਰਵਾਈ ਲਈ ਕਈ ਮਹੀਨਿਆਂ ਤੋਂ ਤਿਆਰੀ ਚੱਲ ਰਹੀ ਸੀ। ਗਾਰਡਨ ਸਿਟੀ ਵਿਚ ਬਣਾਏ ਗਏ ਕੇਂਦਰੀ ਕਮਾਂਡ ਸੈਂਟਰ ਤੋਂ ਕਰੀਬ 40 ਸਰਕਾਰੀ ਏਜੰਸੀਆਂ ਅਤੇ ਹੋਰ ਸੰਸਥਾਵਾਂ ਦੇ 100 ਤੋਂ ਵੱਧ ਜਾਂਚਕਰਤਾਵਾਂ, ਪੁਲਿਸ ਅਧਿਕਾਰੀਆਂ, ਸਮਾਜਿਕ ਕਰਮਚਾਰੀਆਂ ਅਤੇ ਬੱਚਿਆਂ ਦੀ ਸੁਰੱਖਿਆ ਨਾਲ ਜੁੜੇ ਮਾਹਿਰਾਂ ਨੇ ਮਿਲ ਕੇ ਕੰਮ ਕੀਤਾ। ਪੁਰਾਣੀਆਂ ਫਾਈਲਾਂ ਦੀ ਮੁੜ ਜਾਂਚ ਕਰਨ ਦੇ ਨਾਲ ਨਵੇਂ ਸੁਰਾਗਾਂ ਅਤੇ ਤਕਨੀਕ ਦੀ ਮਦਦ ਨਾਲ ਬੱਚਿਆਂ ਤੱਕ ਪਹੁੰਚ ਬਣਾਈ ਗਈ। ਜ਼ਿਆਦਾਤਰ ਮਾਮਲੇ ਘਰੋਂ ਚਲੇ ਗਏ ਬੱਚਿਆਂ ਨਾਲ ਸੰਬੰਧਿਤ ਦੱਸੇ ਗਏ ਹਨ, ਜਦਕਿ ਕੁਝ ਬੱਚਿਆਂ ਦੇ ਸ਼ੋਸ਼ਣ ਜਾਂ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਣ ਦੀ ਗੱਲ ਵੀ ਸਾਹਮਣੇ ਆਈ ਹੈ। ਹਾਲਾਂਕਿ ਅਧਿਕਾਰੀਆਂ ਨੇ ਹਰੇਕ ਬੱਚੇ ਦੇ ਮਾਮਲੇ ਦੀ ਵੱਖਰੀ ਜਾਣਕਾਰੀ ਜਾਰੀ ਨਹੀਂ ਕੀਤੀ। ਬੱਚਿਆਂ ਨੂੰ ਲੱਭਣ ਤੋਂ ਬਾਅਦ ਉਨ੍ਹਾਂ ਨੂੰ ਸਿਰਫ਼ ਘਰ ਭੇਜਣ ਦੀ ਬਜਾਏ ਉਨ੍ਹਾਂ ਦੇ ਹਲਾਤ ਅਤੇ ਲੋੜਾਂ ਨੂੰ ਵੀ ਸਮਝਿਆ ਗਿਆ। ਜ਼ਰੂਰਤ ਮੁਤਾਬਕ ਉਨ੍ਹਾਂ ਲਈ ਸੁਰੱਖਿਅਤ ਰਿਹਾਇਸ਼, ਡਾਕਟਰੀ ਸਹਾਇਤਾ, ਕਾਊਂਸਲਿੰਗ, ਭੋਜਨ, ਕੱਪੜੇ ਅਤੇ ਆਵਾਜਾਈ ਦਾ ਪ੍ਰਬੰਧ ਕੀਤਾ ਗਿਆ। ਜਿੱਥੇ ਲੋੜ ਪਈ, ਉੱਥੇ ਡਾਕਟਰੀ ਜਾਂਚ ਅਤੇ ਵਿਸ਼ੇਸ਼ ਇੰਟਰਵਿਊ ਵੀ ਕੀਤੇ ਗਏ। ਨਿਊਯਾਰਕ ਵਿਚ ਇਸ ਤਰ੍ਹਾਂ ਦਾ ਇਹ ਚੌਥਾ ਵੱਡਾ ਲਾਪਤਾ ਬੱਚਿਆਂ ਦਾ ਬਚਾਅ ਮੁਹਿੰਮ ਹੈ। ਇਸ ਤੋਂ ਪਹਿਲਾਂ ਐਰੀ ਕਾਊਂਟੀ, ਕੈਪੀਟਲ ਰੀਜਨ ਅਤੇ ਵੈਸਟਚੈਸਟਰ ਕਾਊਂਟੀ ਵਿਚ ਹੋਈਆਂ ਕਾਰਵਾਈਆਂ ਦੌਰਾਨ 168 ਲਾਪਤਾ ਬੱਚਿਆਂ ਅਤੇ ਨੌਜਵਾਨਾਂ ਨੂੰ ਲੱਭਿਆ ਗਿਆ ਸੀ। ਸਰਕਾਰੀ ਅੰਕੜਿਆਂ ਮੁਤਾਬਕ 2025 ਵਿੱਚ ਨਿਊਯਾਰਕ ਰਾਜ ਵਿਚ 18 ਸਾਲ ਤੋਂ ਘੱਟ ਉਮਰ ਦੇ 10,629 ਬੱਚਿਆਂ ਦੇ ਲਾਪਤਾ ਹੋਣ ਦੀਆਂ ਰਿਪੋਰਟਾਂ ਦਰਜ ਹੋਈਆਂ ਸਨ। ਇਨ੍ਹਾਂ ਵਿਚੋਂ 94 ਫ਼ੀਸਦੀ ਮਾਮਲੇ ਘਰੋਂ ਚਲੇ ਜਾਣ ਵਾਲੇ ਬੱਚਿਆਂ ਨਾਲ ਸੰਬੰਧਿਤ ਸਨ। ਸਾਲ ਦੇ ਅੰਤ ਤੱਕ ਰਾਜ ਭਰ ਵਿੱਚ 1,079 ਲਾਪਤਾ ਬੱਚਿਆਂ ਦੇ ਮਾਮਲੇ ਸਰਗਰਮ ਸਨ। ਮੌਜੂਦਾ ਮੁਹਿੰਮ ਤੋਂ ਬਾਅਦ ਵੀ ਲਾਂਗ ਆਇਲੈਂਡ ਖੇਤਰ ਦੇ 31 ਹੋਰ ਮਾਮਲਿਆਂ ਦੀ ਜਾਂਚ ਜਾਰੀ ਦੱਸੀ ਗਈ ਹੈ।

# ਅਮਰੀਕਾ ’ਚ ਪਰਮਪ੍ਰੀਤ ਸਿੰਘ ਨੂੰ ਹੋਈ 10 ਸਾਲ ਦੀ ਕੈਦ ! ਕਰੋੜਾਂ ਦੀ ਜਾਇਦਾਦ ਵੀ ਹੋਈ ਜ਼ਬਤ

ਅਮਰੀਕਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਕੋਕੀਨ, ਹੈਰੋਇਨ, ਅਫ਼ੀਮ ਅਤੇ ਕੇਟਾਮਾਈਨ ਵਰਗੇ ਨਸ਼ੀਲੇ ਪਦਾਰਥਾਂ ਦੀ ਸਰਹੱਦ ਪਾਰ ਤਸਕਰੀ ਕਰਨ ਵਾਲੇ ਗਿਰੋਹ ਦੇ ਮਾਮਲੇ ’ਚ 3 ਪੰਜਾਬੀਆਂ ਖ਼ਿਲਾਫ਼ ਵੱਡੀ ਕਾਰਵਾਈ ਕੀਤੀ ਗਈ ਹੈ। ਇਸ ਮਾਮਲੇ ’ਚ ਗਿਰੋਹ ਦੇ 60 ਸਾਲਾ ਮੈਂਬਰ ਪਰਮਪ੍ਰੀਤ ਸਿੰਘ ਨੂੰ ਅਮਰੀਕੀ ਜ਼ਿਲ੍ਹਾ ਕੋਰਟ ਨੇ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਅਦਾਲਤ ਨੇ ਉਸ ਦੀ 2 ਮਿਲੀਅਨ ਅਮਰੀਕੀ ਡਾਲਰ (ਕਰੀਬ 19 ਕਰੋੜ 29 ਲੱਖ) ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ।



ਅਮਰੀਕੀ ਅਟਾਰਨੀ ਏਰਿਕ ਗ੍ਰਾਂਟ ਅਨੁਸਾਰ, ਪਰਮਪ੍ਰੀਤ ਸਿੰਘ ਕੈਲੀਫੋਰਨੀਆ ’ਚ ਬੈਠ ਕੇ ਕੈਨੇਡਾ ’ਚ ਅੰਤਰਰਾਸ਼ਟਰੀ ਨਸ਼ਾ ਤਸਕਰੀ ਦਾ ਨੈੱਟਵਰਕ ਚਲਾ ਰਿਹਾ ਸੀ। ਪਰਮਪ੍ਰੀਤ ਸਿੰਘ ਨਾਲ ਇਸ ਗਿਰੋਹ ’ਚ ਸੈਕਰਾਮੈਂਟੋ ਦਾ ਰਣਵੀਰ ਸਿੰਘ (43) ਅਤੇ ਰੋਜ਼ਵਿਲ ਦਾ ਅਮਨਦੀਪ ਮੁਲਤਾਨੀ (38) ਸ਼ਾਮਲ ਸਨ। ਇਹ ਸਾਰੇ ਕੈਲੀਫੋਰਨੀਆ ਤੋਂ ਐਨਕ੍ਰਿਪਟਿਡ ਫੋਨ ਐਪਸ ਦੀ ਵਰਤੋਂ ਕਰ ਕੇ ਕੈਨੇਡਾ ’ਚ ਨਸ਼ਿਆਂ ਦੀ ਸਪਲਾਈ ਕਰਦੇ ਸੀ।

ਅਕਤੂਬਰ 2020 ਤੋਂ ਅਪ੍ਰੈਲ 2021 ਦਰਮਿਆਨ, ਅਮਰੀਕੀ ਅਤੇ ਕੈਨੇਡੀਅਨ ਏਜੰਸੀਆਂ ਦੇ ਅੰਡਰਕਵਰ ਏਜੰਟਾਂ ਨੇ ਇਨ੍ਹਾਂ ਤੋਂ 10 ਕਿੱਲੋ ਕੋਕੀਨ, 1.5 ਕਿੱਲੋ ਅਫ਼ੀਮ, 2 ਕਿੱਲੋ ਕੇਟਾਮਾਈਨ ਅਤੇ ਹੈਰੋਇਨ ਦੇ ਸੈਂਪਲ ਖਰੀਦੇ। ਇਸ ਦੌਰਾਨ 6,37,600 ਕੈਨੇਡੀਅਨ ਡਾਲਰ ਅਤੇ 75,190 ਅਮਰੀਕੀ ਡਾਲਰ ਦੀ ਲੈਣ-ਦੇਣ ਹੋਈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਇਹ ਗਿਰੋਹ 100 ਕਿੱਲੋ ਕੋਕੀਨ, 25 ਕਿੱਲੋ ਹੈਰੋਇਨ, 100 ਕਿੱਲੋ ਅਫ਼ੀਮ ਅਤੇ 200 ਕਿੱਲੋ ਕੇਟਾਮਾਈਨ ਦੀ ਵੱਡੀ ਖੇਪ ਸਪਲਾਈ ਕਰਨ ਲਈ ਤਿਆਰ ਸੀ, ਜਿਸ ਮਗਰੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਪਰਮਪ੍ਰੀਤ ਸਿੰਘ ਨੇ 9 ਸਤੰਬਰ 2025 ਨੂੰ ਅਦਾਲਤ ’ਚ ਆਪਣਾ ਦੋਸ਼ ਕਬੂਲ ਕੀਤਾ ਸੀ। ਇਸ ਮਾਮਲੇ ’ਚ ਜੱਜ ਜੌਨ ਏ. ਮੈਂਡੇਜ਼ ਨੇ ਉਸ ਨੂੰ 10 ਸਾਲ ਦੀ ਕੈਦ ਸੁਣਾਈ ਹੈ। ਇਸ ਮਾਮਲੇ ’ਚ ਅਮਨਦੀਪ ਮੁਲਤਾਨੀ ਦਸੰਬਰ 2022 ’ਚ ਦੋਸ਼ ਕਬੂਲਣ ਤੋਂ ਬਾਅਦ ਸਰਕਾਰੀ ਗਵਾਹ ਬਣ ਗਿਆ ਸੀ। 4 ਸਾਲ 8 ਮਹੀਨੇ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਦਸੰਬਰ 2025 ’ਚ ਉਸ ਦੀ ਸਜ਼ਾ ਪੂਰੀ ਮੰਨਦੇ ਹੋਏ ਅਦਾਲਤ ਨੇ ਉਸ ਨੂੰ ਰਿਹਾਅ ਕਰ ਦਿੱਤਾ ਸੀ, ਜਦਕਿ ਰਣਵੀਰ ਸਿੰਘ ਨੂੰ ਅਕਤੂਬਰ 2025 ’ਚ ਜਿਊਰੀ ਨੇ ਕੋਕੀਨ ਅਤੇ ਕੇਟਾਮਾਈਨ ਦੀ ਤਸਕਰੀ ਦੀ ਸਾਜ਼ਿਸ਼ ਦਾ ਦੋਸ਼ੀ ਠਹਿਰਾਇਆ ਸੀ। ਉਸ ਦੀ ਸਜ਼ਾ ਦਾ ਐਲਾਨ 1 ਦਸੰਬਰ, 2026 ਨੂੰ ਕੀਤਾ ਜਾਵੇਗਾ, ਜਿੱਥੇ ਉਸ ਨੂੰ ਉਮਰ ਕੈਦ ਅਤੇ 10 ਮਿਲੀਅਨ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

ਇਸ ਹਾਈ-ਪ੍ਰੋਫਾਈਲ ਆਪ੍ਰੇਸ਼ਨ ਨੂੰ ਅਮਰੀਕੀ ਡਰੱਗ ਐਨਫੋਰਸਮੈਂਟ ਐਡਮਿਨਿਸਟ੍ਰੇਸ਼ਨ (DEA), ਹੋਮਲੈਂਡ ਸਿਕਿਓਰਿਟੀ (HSI), FBI ਅਤੇ ਕੈਨੇਡਾ ਦੀ ‘ਯੌਰਕ ਰੀਜਨਲ ਪੁਲਿਸ’ ਅਤੇ ‘ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ’ (RCMP) ਨੇ ਸਾਂਝੇ ਤੌਰ ’ਤੇ ਅੰਜਾਮ ਦਿੱਤਾ। ਇਹ ਕਾਰਵਾਈ ਅਮਰੀਕਾ ਦੀ ‘ਹੋਮਲੈਂਡ ਸਿਕਿਓਰਿਟੀ ਟਾਸਕ ਫੋਰਸ’ (HSTF) ਦੀ ਰਣਨੀਤੀ ਦਾ ਹਿੱਸਾ ਸੀ, ਜੋ ਸਰਹੱਦ ਪਾਰ ਚੱਲਣ ਵਾਲੇ ਅਪਰਾਧਿਕ ਗਿਰੋਹਾਂ ਨੂੰ ਖ਼ਤਮ ਕਰਨ ਲਈ ਕੰਮ ਕਰਦੀ ਹੈ।






# ਸ਼ੱਕੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੀ ਕਿਸ਼ਤੀ ’ਤੇ ਹਮਲਾ, ਚਾਰ ਮਰੇ

ਵਾਸ਼ਿੰਗਟਨ : ਅਮਰੀਕੀ ਫੌਜ ਨੇ ਐਤਵਾਰ ਨੂੰ ਕੈਰੇਬੀਅਨ ਸਾਗਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਰਤੀ ਜਾਣ ਵਾਲੀ ਸ਼ੱਕੀ ਕਿਸ਼ਤੀ ’ਤੇ ਹਮਲਾ ਕੀਤਾ, ਜਿਸ ਵਿੱਚ ਚਾਰ ਲੋਕ ਮਾਰੇ ਗਏ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀ ਲਾਤੀਨੀ ਅਮਰੀਕਾ ਵਿੱਚ ਕਥਿਤ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਲਗਭਗ ਸਾਲ ਲੰਬੀ ਮੁਹਿੰਮ ਦਾ ਹਿੱਸਾ ਹੈ। ਇਸ ਹਮਲੇ ਨਾਲ ਸਤੰਬਰ 2025 ਤੋਂ ਅਮਰੀਕੀ ਫੌਜ ਦੁਆਰਾ ਅਜਿਹੀਆਂ ਕਿਸ਼ਤੀਆਂ ’ਤੇ 70 ਹਮਲਿਆਂ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ ਘੱਟੋ-ਘੱਟ 235 ਹੋ ਗਈ ਹੈ।



ਯੂਐਸ ਸਾਊਦਰਨ ਕਮਾਂਡ ਨੇ ਕਿਹਾ ਕਿ ਕਿਸ਼ਤੀ ਨੂੰ ਇੱਕ ਜਾਣੇ-ਪਛਾਣੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੇ ਰਸਤੇ ’ਤੇ ਨਿਸ਼ਾਨਾ ਬਣਾਇਆ ਗਿਆ ਸੀ। ਹਾਲਾਂਕਿ ਫੌਜ ਨੇ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਦਿੱਤਾ ਕਿ ਕਿਸ਼ਤੀ ਨਸ਼ੀਲੇ ਪਦਾਰਥ ਲੈ ਕੇ ਜਾ ਰਹੀ ਸੀ। ਸੋਸ਼ਲ ਮੀਡੀਆ ਪਲੇਟਫਾਰਮ X ’ਤੇ ਪੋਸਟ ਕੀਤੀ ਗਈ ਵੀਡੀਓ ਵਿੱਚ ਇੱਕ ਚਲਦੀ ਕਿਸ਼ਤੀ ਨੂੰ ਧਮਾਕੇ ਨਾਲ ਤਬਾਹ ਹੁੰਦੇ ਦਿਖਾਇਆ ਗਿਆ ਹੈ। ਫੌਜ ਨੇ ਇਸਨੂੰ ਇੱਕ ਤੇਜ਼ ਰਫ਼ਤਾਰ ਕਿਸ਼ਤੀ ਦੱਸਿਆ। ਟਰੰਪ ਪ੍ਰਸ਼ਾਸਨ ਕਈ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਜ਼ਮੀਨੀ ਕਾਰਵਾਈਆਂ ਨੂੰ ਵਧਾਉਣ ਲਈ ਸਹਿਯੋਗੀਆਂ ਨਾਲ ਸਮਝੌਤਿਆਂ ’ਤੇ ਵੀ ਗੱਲਬਾਤ ਕਰ ਰਿਹਾ ਹੈ। ਰੱਖਿਆ ਸਕੱਤਰ ਪੀਟ ਹੇਗਸੇਥ ਨੇ ਕਿਹਾ ਕਿ ਕੋਲੰਬੀਆ, ਗੁਆਟੇਮਾਲਾ ਅਤੇ ਹੋਂਡੁਰਾਸ ਅਮਰੀਕੀ ਫੌਜਾਂ ਨਾਲ ਸਾਂਝੇ ਕਾਰਜਾਂ ਦੀ ਆਗਿਆ ਦੇਣ ਲਈ ਸਹਿਮਤ ਹੋਏ ਹਨ, ਹਾਲਾਂਕਿ ਗੁਆਟੇਮਾਲਾ ਨੇ ਇਸ ਤੋਂ ਇਨਕਾਰ ਕੀਤਾ ਹੈ। ਇਕਵਾਡੋਰ ਨੇ ਮਾਰਚ ਵਿੱਚ ਅਮਰੀਕਾ ਨਾਲ ਇਸੇ ਤਰ੍ਹਾਂ ਦੇ ਕਾਰਜ ਸ਼ੁਰੂ ਕੀਤੇ ਸਨ।

# ਐਕਸਚੇਂਜ ਰੇਟ ਨੂੰ ਬਚਾਅ ਤੰਤਰ ਵਜੋਂ ਕੰਮ ਕਰਨ ਦੇਵੇ ਭਾਰਤ : ਆਈ. ਐੱਮ. ਐੱਫ.

ਵਾਸ਼ਿੰਗਟਨ : ਅੰਤਰਰਾਸ਼ਟਰੀ ਮੁਦਰਾ ਫੰਡ (ਆਈ. ਐੱਮ. ਐੱਫ.) ਨੇ ਕਿਹਾ ਹੈ ਕਿ ਅਮਰੀਕੀ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿਚ ਵਾਧੇ ਦੇ ਫ਼ੈਸਲੇ ਨਾਲ ਗਲੋਬਲ ਵਿੱਤੀ ਹਾਲਾਤ ਸਖ਼ਤ ਹੋਣਗੇ। ਇਸ ਦੇ ਨਾਲ ਹੀ ਉਸ ਨੇ ਭਾਰਤ ਨੂੰ ਸੁਝਾਅ ਦਿੱਤਾ ਕਿ ਉਹ ਐਕਸਚੇਂਜ ਰੇਟ ਨੂੰ ਬਚਾਅ ਤੰਤਰ ਵਜੋਂ ਕੰਮ ਕਰਨ ਦੇਵੇ। ਆਈ. ਐੱਮ. ਐੱਫ. ਦੇ ਇਕ ਬੁਲਾਰੇ ਨੇ ਕਿਹਾ ਕਿ ਇਤਿਹਾਸਕ ਤੌਰ ’ਤੇ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿਚ ਵਾਧੇ ਨੇ ਪੂੰਜੀ ਪ੍ਰਵਾਹ, ਵਿੱਤ ਪੋਸ਼ਣ ਦੀਆਂ ਸਥਿਤੀਆਂ ਅਤੇ ਐਕਸਚੇਂਜ ਰੇਟ ’ਚ ਉਤਰਾਅ-ਚੜ੍ਹਾਅ ਜ਼ਰੀਏ ਉੱਭਰਦੇ ਬਾਜ਼ਾਰਾਂ ਲਈ ਕੁਝ ਦਬਾਅ ਪੈਦਾ ਕੀਤਾ ਹੈ।

ਮਹਿੰਗਾਈ ਨਾਲ ਨਜਿੱਠਣ ਦੇ ਆਪਣੇ ਯਤਨਾਂ ਦੇ ਤਹਿਤ ਫੈਡਰਲ ਰਿਜ਼ਰਵ ਨੇ 17 ਸਤੰਬਰ ਨੂੰ ਜੁਲਾਈ 2023 ਤੋਂ ਬਾਅਦ ਪਹਿਲੀ ਵਾਰ ਵਿਆਜ ਦਰਾਂ ਵਿਚ ਵਾਧਾ ਕੀਤਾ ਅਤੇ ਸੰਕੇਤ ਦਿੱਤਾ ਕਿ ਅੱਗੇ ਇਕ ਹੋਰ ਵਾਧਾ ਹੋ ਸਕਦਾ ਹੈ। ਬੁਲਾਰੇ ਨੇ ਕਿਹਾ ਕਿ ਹੋਰ ਦੇਸ਼ਾਂ ਵਾਂਗ ਭਾਰਤ ’ਤੇ ਇਸ ਦਾ ਪ੍ਰਭਾਵ ਸਖ਼ਤੀ (ਦਰ ਵਾਧੇ) ਦੀ ਗਤੀ ਅਤੇ ਮਿਆਦ ਦੇ ਨਾਲ-ਨਾਲ ਘਰੇਲੂ ਆਰਥਿਕ ਸਥਿਤੀਆਂ ’ਤੇ ਨਿਰਭਰ ਕਰੇਗਾ। ਬੁਲਾਰੇ ਨੇ ਅੱਗੇ ਕਿਹਾ, “ਇਸ ਲਿਹਾਜ਼ ਨਾਲ ਘਰੇਲੂ ਕੀਮਤ ਸਥਿਰਤਾ ’ਤੇ ਮੁਦਰਾ ਨੀਤੀ ਨੂੰ ਕੇਂਦਰਿਤ ਰੱਖਦੇ ਹੋਏ ਐਕਸਚੇਂਜ ਰੇਟ ਨੂੰ ਬਚਾਅ ਤੰਤਰ ਵਜੋਂ ਕੰਮ ਕਰਨ ਦੀ ਇਜਾਜ਼ਤ ਦੇਣਾ ਇਕ ਪ੍ਰਭਾਵਸ਼ਾਲੀ ਨਜ਼ਰੀਆ ਹੈ।


CALL US: 209-637-0210 | 612-578-8078
925-495-0207
SAN RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
SAN RAMON
San Ramon
URGENT CARE & CLINIC
LATHROP
Lathrop
URGENT CARE
MAIN STREET
Main Street
URGENT CARE
9140 Alcosta Boulevard Ste D
San Ramon, CA 94583
(925) 361-5959
15810 Harlan Road #A
Lathrop, CA 95330
(209) 983-9000
1040 North Main Street
Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਮੈਂ ਨਹੀਂ ਸਮਝ ਸਕਦਾ, ਕਿ 'ਅੰਮ੍ਰਿਤ ਲਾਲ' ਨੂੰ ਬ੍ਰਾਹਮਣ ਨਿਰੀਖਕ ਹੁੰਦੇ ਹੋਏ ਜ਼ਰੂਰ ਦੋਸ਼ ਕਿਉਂ ਲਾਉਣੇ ਚਾਹੀਦੇ ਹਨ, ਜਦ ਉਸ ਦੀ ਲੇਖਣੀ ਦੁਆਰਾ ਅੰਦਾਜ਼ਾ ਲਾਇਆ ਗਿਆ ਵਾਹ ਲੱਗਦੀ ਉਹ ਮਹਾਰ, ਅਛੂਤ ਜਾਂ ਢੇਡ ਹੋਵੇਗਾ। ਮੈਂ ਦੱਸਾਂ ਕਿ ਤੁਹਾਡੇ ਰਸਾਲੇ ਦਾ ਰੀਡਰ ਹੋਣ ਦੇ ਨਾਤੇ ਮੈਂ ਇਕ ਵੰਨਗੀ ਦੇ ਤੌਰ 'ਤੇ ਵੱਖ-ਵੱਖ ਵਿਸ਼ਿਆਂ ਦੇ ਬਹੁਤ ਸਾਰੇ ਛਪੇ (Article) ਲੇਖ ਦਿਲਚਸਪੀ ਨਾਲ ਨਿਰੀਖਕ ਵਜੋਂ ਪੜ੍ਹ ਚੁੱਕਾ ਹਾਂ ਅਤੇ ਮੇਰਾ ਆਪਣਾ ਪ੍ਰਭਾਵ ਹੈ ਕਿ ਉਸ (Pen Name) ਅਧੀਨ ਲਿਖ ਰਿਹਾ ਭੱਦਰ ਪੁਰਸ਼ ਆਸਾਨੀ ਨਾਲ ਇਕ ਬਾਲਸ਼ਵਿਕਾਂ ਇਕ ਗੈਰ ਹਿੰਦੂ ਦੇ ਤੌਰ 'ਤੇ ਅਰਾਜਕਤਾਵਾਦੀ

ਹੋ ਸਕਦਾ ਹੈ। ਤੁਹਾਡੇ ਰਸਾਲੇ (Journal) ਵਿਚ ਤੁਹਾਡੀਆਂ ਛਪੀਆਂ ਹੋਈਆਂ ਲਿਖਤਾਂ ਤੋਂ ਬਹੁਤ ਸਾਰੀਆਂ ਲਿਖਤੀ ਗਵਾਹੀਆਂ ਦੁਆਰਾ ਇਹ ਬਿਆਨ ਸਬੂਤ ਦੇ ਤੌਰ 'ਤੇ ਮੈਂ ਦੇਣ ਨੂੰ ਤਿਆਰ ਹਾਂ। ਮੈਂ ਅੰਮ੍ਰਿਤ ਲਾਲ ਦੇ ਸੁਧਾਰ ਹਿਤ ਦੱਸ ਦਿਆਂ ਕਿ ਮੈਂ ਬ੍ਰਾਹਮਣ ਨਹੀਂ, ਫਿਰ ਵੀ ਜੇਕਰ ਮੈਂ ਸਥਾਨਕ ਮਿਸ਼ਨਰੀ ਕਾਲਜ ਦਾ ਇਕ ਗ੍ਰੈਜੂਏਟ ਹੁੰਦਾ ਅਤੇ ਮੈਂ ਦੱਬੀਆਂ ਕੁਚਲੀਆਂ ਜਾਤਾਂ ਵੱਲ ਜਿਹੜੀਆਂ ਡਾ. ਅੰਬੇਡਕਰ ਅਤੇ ਉਸ ਦਾ ਘੇਰਾ ਤੁਹਾਡੇ ਆਦਿ ਨੁਮਾਇੰਦਗੀ ਦੀ ਇਕਮਾਤਰ ਇਜਾਰੇਦਾਰੀ ਨਹੀਂ ਰੱਖਦੇ ਕਿ ਮੈਂ ਸਖ਼ਤੀ ਨਾਲ ਰੱਖਿਆ ਦੀ ਲੈ ਵਿਚ ਨਾਰਾਜ਼ਗੀ ਪ੍ਰਗਟ ਕਰਦਾ।

'ਇਕ ਗੈਰ ਬ੍ਰਾਹਮਣ'

(The Bombay Chronicle, dated 29th September 1936)

ਹਵਾਲਾ (ਪੰਨਾ-154/173)

Source Material Vol.One

**ਅਪਣਾਉਣ ਨੂੰ ਪੰਜ ਸੌ (500) ਅਛੂਤਾਂ ਦਾ ਜਥਾ ਜਗਾਉਣ ਦੀ ਪ੍ਰਵਾਨਗੀ ਨਾਲ ਆਓ ਭਗਤ ਅਤੇ ਜਲੂਸ ਦੀ ਸ਼ਕਲ 'ਚ ਨਵੀਂ ਦਿੱਲੀ ਨੂੰ ਰਵਾਨਾ**

Ghaziabad, December 16, 1936

ਅਖੌਤੀ ਦੱਬੀਆਂ-ਕੁਚਲੀਆਂ ਜਾਤਾਂ ਦੇ ਸੰਯੁਕਤ-ਪ੍ਰਦੇਸ਼ ਦੇ ਬਹੁਤ ਸਾਰੇ ਪਿੰਡਾਂ ਵਿਚੋਂ ਜਿਹੜਾ

ਦਸੰਬਰ 13, 1936 ਨੂੰ ਹਾਪੜ (Hapur Bombay) ਤੋਂ ਸਿੱਖਇਜ਼ਮ ਅਪਣਾਉਣ ਲਈ ਪੈਦਲ ਤੁਰਿਆ ਅਤੇ ਇੱਥੇ ਪਿਲਖਵੂਆ (Pilkhwooa) ਦੇ ਰਾਹੀਂ 14 ਦਸੰਬਰ 1936 ਸ਼ਾਮ ਨੂੰ ਦਿੱਲੀ ਜਾ ਚੁੱਕਾ ਸੀ। ਜਥੇ ਨੂੰ ਜੱਸ ਦਿਵਾਉਣ ਦੀ ਪ੍ਰਵਾਨਗੀ ਲਈ ਇੱਥੇ ਸ੍ਰੀ ਗੁਰੂ ਸਿੰਘ ਸਭਾ ਦੁਆਰਾ ਜਗਾਉ ਸੁਆਗਤ ਅਤੇ ਜਲੂਸ ਦੀ ਸ਼ਕਲ ਵਿਚ ਸਥਾਨਕ ਗੁਰਦੁਆਰਾ ਨੂੰ ਲਿਆਂਦਾ ਗਿਆ। ਦਿੱਲੀ ਵਿਚ ਜਮਨਾ ਦੇ ਪੁਲ ਤੇ ਸਥਾਨਕ ਸਿੱਖ ਜੀ ਆਇਆਂ ਕਹਿਣਗੇ। ਕੱਲ੍ਹ ਸਵੇਰੇ ਅੰਮ੍ਰਿਤ ਪ੍ਰਚਾਰ (ਤੋਂ ਬਾਅਦ ਅੰਮ੍ਰਿਤ ਛਕਾਇਆ ਜਾਵੇਗਾ) ਨਿਭਾਇਆ ਜਾਵੇਗਾ। ਇਕ ਵੱਡਾ ਦੀਵਾਨ ਮਿਤੀ 18, 19 ਤੇ 20 ਦਸੰਬਰ ਨੂੰ ਰਾਣੀ ਦੇ ਬਾਗ਼ ਵਿਚ ਹੋਵੇਗਾ, ਜਿੱਥੇ ਡਾ. ਬੀ. ਆਰ. ਅੰਬੇਡਕਰ ਡਾ. ਕੁਰਤਕੋਟੀ, ਸੇਠ ਜੁਗਲ ਕਿਸ਼ੋਰ ਬਿਰਲਾ, ਮਾਸਟਰ ਤਾਰਾ ਸਿੰਘ, ਸੰਤ ਤੇਜਾ ਸਿੰਘ ਅਤੇ ਦੂਜਿਆਂ ਦੇ ਹਾਜ਼ਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ।




(The Bombay Chronicle, dated 18th Dec. 1936)

ਹਵਾਲਾ (ਪੰਨਾ-155/174)

Source Material Vol. One

**ਨੋਟ: ਡਾ. ਅੰਬੇਡਕਰ 11 ਨਵੰਬਰ 1936 ਨੂੰ ਵਿਦੇਸ਼ ਰਵਾਨਾ ਹੋ ਚੁੱਕੇ ਸਨ ਅਤੇ 14 ਜਨਵਰੀ 1937 ਨੂੰ ਵਾਪਸ ਭਾਰਤ ਪਰਤੇ ਸਨ। -ਲੇਖਕ**

Source Material Vol-One (Page No.160/179)

1938 ਦਾ ਨੰਬਰ 11, ਓਰੀਐਂਟਲ ਟਰਾਂਸਲੇਟਰ ਆਫ਼ਿਸ

ਸੈਕਰੇਟਰੀਏਟ, ਬੰਬਈ, 5 ਜਨਵਰੀ 1938

ਯਾਦ ਪੱਤਰ

1. ਸਰਕਾਰ ਦੇ ਗ੍ਰਹਿ ਵਿਭਾਗ (ਰਾਜਨੀਤੱਕ) ਦੇ ਸੈਕਰੇਟਰੀ ਨੂੰ ਪੂਰਤੀ ਲਈ ਹੇਠਾਂ ਦਸਤਖ਼ਤ

ਕੀਤੇ ਹੋਏ ਸਾਥ ਰੱਖੀ ਹੋਈ ਨਿਰੋਪਆ ਮਹਾਰੀ ਪੁਸਤਕ Vol-XXII, No. 6 (Nov. 1937) ਭੇਜਣ ਦਾ ਮਾਣ ਪ੍ਰਾਪਤ ਹੋਇਆ, ਕਿਉਂਕਿ ਇਹਦੇ ਵਿਚ ਇਕ ਯੋਗ ਸਰਕਾਰੀ ਤੱਤ

ਨੋਟ ਸਫ਼ਾ 135-138 'ਤੇ ਨਜ਼ਰ ਆ ਰਿਹਾ ਸੀ।

2. ਨਿਰੋਪਆ ਪੁਨੇ ਦੇ ਆਰਚਬਿਸ਼ਪ-ਬਿਸ਼ਪ ਦੁਆਰਾ ਬੰਬਈ ਫੋਰਟ, ਦਲਾਲ ਸਟਰੀਟ ਐਕਸਜੈਮੀਨਰ ਪ੍ਰਿਟਿੰਗ ਪ੍ਰੈੱਸ ਦੁਆਰਾ ਛਾਪ ਕੇ ਜਾਰੀ ਕੀਤੀ ਗਈ। ਰੱਖਣ ਵਾਲੇ ਦਾ ਹਲਫ਼ਨਾਮਾ ਜਾਂ ਐਕਸਜੈਮੀਨਰ ਪ੍ਰਿੰਟਿੰਗ ਪ੍ਰੈੱਸ ਜੇ.ਐਸ. ਸੀਰੀਜ਼ ਐਸ.ਜੇ. ਦੇ ਅਤੇ ਮਿਤੀ 23 ਜਨਵਰੀ 1937 ਦੇ ਨਾਂ ਠਹਿਰਦਾ ਹੈ। ਪੁਸਤਕ ਤੇ ਪ੍ਰੈੱਸ ਦੀ ਜਾਰੀ ਹੋਣ ਦੀ ਮਿਤੀ 1 ਨਵੰਬਰ 1937 ਹੈ।

(ਚਲਦਾ)



ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ

126 S Cherry Street Olathe, Kansas 66061



ਲਾਂਗਰੀ ਦੀ ਲੋੜ

ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ

ਤਨਖਾਹ ਯੋਗਤਾ ਅਨੁਸਾਰ

ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



ਹੈਲਥ ਗਾਈਡ

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਨੂੰ ਮਿੰਨੀ-ਸਟ੍ਰੋਕ ਦੇ ਲੱਛਣ ਹਨ, ਭਾਵੇਂ ਤੁਸਲ ਹੁਣ ਠੀਕ ਵੀ ਮਹਿਸੂਸ ਕਰ ਰਹੇ ਹੋ।
2. ਸਟ੍ਰੋਕ ਦੇ ਲੱਛਣ (ਅਚਾਨਕ ਇੱਕ ਪਾਸੇ ਕਮਜ਼ੋਰੀ ਮਹਿਸੂਸ ਹੋਣਾ, ਅਚਾਨਕ ਦਿੱਸਣਾ ਬੰਦ ਹੋਣਾ, ਬੋਲਣ ਵਿੱਚ ਮੁਸ਼ਕਲ ਆਉਣੀ)।
3. ਖ਼ੂਨ ਦੇ ਦਬਾਅ, ਸ਼ੂਗਰ ਰੋਗ ਜਾਂ ਵੱਧ ਕੋਲੈਸਟਰੋਲ ਦਾ ਕਾਬੂ ਵਿੱਚ ਨਾ ਹੋਣਾ।
4. ਸਰੀਰ ਦਾ ਸੰਤੁਲਨ ਵਿਗੜਨਾ ਜਾਂ ਅਚਾਨਕ ਡਿੱਗਣਾ।

**ਜਾਂਚ :**

1. ਦਿਮਾਗ਼ ਦਾ ਸੀ.ਟੀ. ਸਕੈਨ ਜਾਂ ਐਮ.ਆਰ.ਆਈ.।
2. ਗਲੇ ਦੇ ਖ਼ੂਨ ਦੀਆਂ ਧਮਣੀਆਂ (ਕੈਰੋਟਿਡ ਆਰਟਰੀ) ਦਾ ਅਲਟ੍ਰਾਸਾਊਂਡ।
3. ਦਿਲ ਦਾ ਈ.ਕੇ.ਜੀ. (ਈ.ਸੀ.ਜੀ.)।
4. ਖ਼ੂਨ ਦੀ ਜਾਂਚ ।

**ਇਲਾਜ :**

1. ਜੇਕਰ ਤੁਸਲ ਸਟ੍ਰੋਕ ਦੇ ਪਹਿਲੇ 4-6 ਘੰਟਿਆਂ ਵਿੱਚ ਹਸਪਤਾਲ ਪਹੁੰਚ ਜਾਂਦੇ ਹੋ ਤਾਂ ਡਾਕਟਰ ਤੁਹਾਡਾ ਇਲਾਜ ਇੱਕ ਦਵਾਈ ਨਾਲ ਕਰਨਗੇ, ਜਿਸਨੂੰ ਟੀ.ਪੀ.ਏ. ਕਹਿੰਦੇ ਹਨ।
2. ਸਟ੍ਰੋਕ ਵਿੱਚ ਐਸਪੀਰਿਨ ਦੀ ਦਵਾਈ ਬਹੁਤ ਮੱਦਦਗਾਰ ਹੁੰਦੀ ਹੈ।
3. ਸਟ੍ਰੋਕ ਤੋਂ ਬਾਅਦ ਲੋਕਾਂ ਨੂੰ ਸਹੀ ਹਾਲਤ ਵਿੱਚ ਆਉਣ (ਰੀਹੈਬੀਲੀਟੇਸ਼ਨ) ਦੀ ਜ਼ਰੂਰਤ ਹੁੰਦੀ ਹੈ। ਸਰੀਰਕ ਇਲਾਜ (ਫ਼ਿਜ਼ੀਕਲ ਇਲਾਜ), ਔਕੂਪੇਸ਼ਨਲ ਇਲਾਜ ਹਫਤਿਆਂ ਜਾਂ ਮਹੀਨਿਆਂ ਲਈ ਚੱਲਦਾ ਹੈ।




**ਡਿਮੈਂਨਸ਼ੀਆ**

**(ਯਾਦ ਰੱਖਣ ਦੀ ਸਮਰੱਥਾ ਦਾ ਘਟਣਾ)**

ਡਿਮੈਂਨਸ਼ੀਆ (ਯਾਦ ਰੱਖਣ ਦੀ ਸਮਰੱਥਾ ਦਾ ਘਟਣਾ) ਇੱਕ ਬੁਢਾਪੇ ਦੀ ਬਿਮਾਰੀ ਹੈ, ਪਰ ਡਿਮੈਂਨਸ਼ੀਆ ਕਦੇ ਕਦੇ ਜਵਾਨ ਲੋਕਾਂ ਵਿੱਚ ਵੀ ਪਾਇਆ ਜਾਂਦਾ ਹੈ। ਕਿਉਂਕਿ ਅੱਜ ਕੱਲ ਜ਼ਿਆਦਾ ਉਮਰ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ, ਇਸ ਕਰਕੇ ਡਿਮੈਂਨਸ਼ੀਆ ਦੀ ਬਿਮਾਰੀ ਵੀ ਵੱਧ ਰਹੀ ਹੈ।

**ਕਾਰਨ :**

1. ਬੁਢਾਪਾ।
2. ਸਟ੍ਰੋਕ (ਲਕਵਾ ਜਾਂ ਅਧਰੰਗ)।
3. ਪਾਰਕਿਨਸਨ ਦੀ ਬਿਮਾਰੀ।
4. ਪਰਿਵਾਰਿਕ ਪਿਛੋਕੜ।

**ਕਿਸਮਾਂ :**

1. ਅਲਜ਼ਾਈਮਰ ਡਿਮੈਂਨਸ਼ੀਆ ਆਮ ਪਾਇਆ ਜਾਂਦਾ ਹੈ ਅਤੇ ਜ਼ਿਆਦਾਤਰ ਬੁਢਾਪੇ ਵਿੱਚ ਹੁੰਦਾ ਹੈ।
2. ਵੈਸਕੁਲਰ ਡਿਮੈਂਨਸ਼ੀਆ; ਸਟ੍ਰੋਕ (ਲਕਵਾ ਜਾਂ ਅਧਰੰਗ) ਤੋਂ ਬਾਅਦ।
3. ਪਾਰਕਿਨਸਨ ਦੀ ਬਿਮਾਰੀ ਦੇ ਨਾਲ ਡਿਮੈਂਨਸ਼ੀਆ।

**ਲੱਛਣ :**

1. ਯਾਦਾਸ਼ਤ ਦਾ ਹੌਲੀ ਹੌਲੀ ਘਟਣਾ; ਡਿਮੈਂਨਸ਼ੀਆ ਵਾਲੇ ਲੋਕ ਮੌਜੂਦਾ ਗੱਲਾਂ ਨੂੰ ਭੁੱਲ ਜਾਂਦੇ ਹਨ, ਪਰ ਆਪਣੇ ਬਚਪਨ ਦੀਆਂ ਯਾਦਾਂ ਉਨ੍ਹਾਂ ਨੂੰ ਯਾਦ ਰਹਿੰਦੀਆਂ ਹਨ।
2. ਸੋਚਣ ਸ਼ਕਤੀ ਅਤੇ ਫ਼ੈਸਲਾ ਕਰਨ ਦੀ ਸ਼ਕਤੀ ਦਾ ਘਟਣਾ।
3. ਸਮਾਜਿਕ ਵਿਵਹਾਰ ਨੂੰ ਪਰਖਣ ਵਿੱਚ ਗਿਰਾਵਟ ਆਉਣੀ।
4. ਸ਼ਾਮ ਅਤੇ ਰਾਤ ਸਮੇਂ ਦਿਮਾਗ਼ ਦੀ ਉਲਝਣ।

**ਰੋਕਥਾਮ/ਬਚਾਅ :**

1. ਦਿਮਾਗ਼ੀ ਕਸਰਤਾਂ ਜਿਵੇਂ ਕਿ ਪਹੇਲੀਆਂ ਸੁਲਝਾਉਣਾ, ਪੜ੍ਹਨਾ, ਲਿਖਣਾ।
2. ਮਾਨਸਿਕ ਤਣਾਓ ਤੋਂ ਮੁਕਤੀ ਪਾਉਣ ਲਈ ਤਰੀਕੇ ਸਿੱਖੋ (ਸਟ੍ਰੈੱਸ ਮੈਨੇਜਮੈਂਟ)।
3. ਸਿਹਤਮੰਦ ਆਦਤਾਂ ਅਪਨਾਓ।

**ਇਲਾਜ :**

ਡਿਮੈਂਨਸ਼ੀਆ ਨੂੰ ਪੂਰੀ ਤਰ੍ਹਾਂ ਨਾਲ ਠੀਕ ਕਰਨਾ ਅਜੇ ਸੰਭਵ ਨਹਲ ਹੋ ਸਕਿਆ। ਇਸਦੇ ਲੱਛਣਾਂ ਨੂੰ ਦਵਾਈਆਂ ਦੇ ਕੇ ਘਟਾਇਆ ਜਾ ਸਕਦਾ ਹੈ । ਸਮੇਂ ਦੇ ਨਾਲ ਨਾਲ ਡਿਮੈਂਨਸ਼ੀਆ ਵਾਲੇ ਵਿਅਕਤੀਆਂ ਨੂੰ ਦੂਸਰਿਆਂ 'ਤੇ ਜ਼ਿਆਦਾ ਨਿਰਭਰ ਰਹਿਣਾ ਪੈਂਦਾ ਹੈ, ਇਸ ਲਈ ਭਵਿੱਖ ਦੀਆਂ ਜ਼ਰੂਰਤਾਂ ਬਾਰੇ ਪਹਿਲਾਂ ਹੀ ਤਿਆਰੀ ਕਰਨੀ ਬਹੁਤ ਜ਼ਰੂਰੀ ਹੈ।

**ਪਾਰਕਿੰਨਸਨ ਦੀ ਬਿਮਾਰੀ :** ਦਿਮਾਗ਼ ਸਾਡੇ ਸਰੀਰ ਦੀਆਂ ਗਤੀਵਿਧੀਆਂ ਨੂੰ ਕਾਬੂ ਵਿੱਚ ਰੱਖਦਾ ਹੈ। ਦਿਮਾਗ਼ ਦਾ ਜੋ ਹਿੱਸਾ ਸਾਡੇ ਸਰੀਰ ਦੀਆਂ ਗਤੀਵਿਧੀਆਂ ਨੂੰ ਕਾਬੂ ਵਿੱਚ ਰੱਖਦਾ ਹੈ, ਉਸਨੂੰ ਬੇਸਲ ਗੈਂਗਲੀਆ ਕਿਹਾ ਜਾਂਦਾ ਹੈ ਜੋ ਵਿਚਕਾਰਲੇ ਦਿਮਾਗ਼ ਵਿੱਚ ਹੈ। ਪਾਰਕਿੰਨਸਨ ਦੀ ਬਿਮਾਰੀ ਦਾ ਕਾਰਨ ਬੇਸਲ ਗੈਂਗਲੀਆ ਦਾ ਖ਼ਰਾਬ ਹੋਣਾ ਹੈ। ਇਹ ਬਿਮਾਰੀ 50-65 ਸਾਲ ਦੀ ਉਮਰ ਦੇ ਲਗਭਗ ਸ਼ੁਰੂ ਹੁੰਦੀ ਹੈ। ਇਹ ਔਰਤਾਂ ਨਾਲੋਂ ਪੁਰਸ਼ਾਂ ਵਿੱਚ ਜ਼ਿਆਦਾ ਪਾਈ ਜਾਂਦੀ ਹੈ ।

**ਕਾਰਨ :** ਬਹੁਤ ਸਾਰੇ ਕੇਸਾਂ ਵਿੱਚ, ਕਾਰਨ ਦਾ ਪਤਾ ਨਹਲ ਲੱਗਦਾ। ਕੁਝ ਆਮ ਕਾਰਨ ਹੇਠ ਲਿਖੇ ਮੁਤਾਬਕ ਹਨ :

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਸਬੂਤਾਂ ਸਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ 9 ਅਕਤੂਬਰ ਨੂੰ ਜਾਵਾਂਗੀ : ਰੂਪ ਕੌਰ ਸੰਧੂ

## ਅਕਾਲੀ ਦਲ ਵਿਚੋਂ ਬਰਖਾਸਤ ਰੂਪ ਕੌਰ ਸੰਧੂ ਵੱਲੋਂ ਬਹਿਰੀਨ ਮਾਮਲੇ ਤੋਂ ਲੈ ਕੇ ਸਾਰੀ ਜਾਣਕਾਰੀ ਸਾਂਝੀ ਕਰਨ ਦਾ ਦਾਅਵਾ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਕੁਝ ਦਿਨ ਪਹਿਲਾਂ ਪਾਰਟੀ ਵਿੱਚੋਂ ਬਰਖ਼ਾਸਤ ਕੀਤੀ ਗਈ ਬੀਬਾ ਰੂਪ ਕੌਰ ਸੰਧੂ ਨੇ ਅੱਜ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਉਹ 9 ਅਕਤੂਬਰ ਨੂੰ ਸਬੂਤਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਸੰਪਰਕ ਕਰਨਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਇਸ ਮਾਮਲੇ ਨਾਲ ਸਬੰਧਤ ਜੋ ਵੀ ਜਾਣਕਾਰੀ ਅਤੇ ਸਬੂਤ ਹਨ, ਉਹ ਜਥੇਦਾਰ ਸਾਹਿਬ ਦੇ ਸਾਹਮਣੇ ਰੱਖੇ ਜਾਣਗੇ।



ਰੂਪ ਕੌਰ ਸੰਧੂ ਨੇ ਆਪਣੇ ਵੀਡੀਓ ਬਿਆਨ ਵਿੱਚ ਕਿਹਾ ਕਿ 'ਬਹਿਰੀਨ ਵਾਲੀ ਬੀਬੀ' ਤੋਂ ਲੈ ਕੇ ਉਨ੍ਹਾਂ ਕੋਲ ਜੋ ਕੁਝ ਵੀ ਹੈ, ਉਹ ਸਾਰਾ 9 ਅਕਤੂਬਰ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਉਹ ਆਪਣੀ ਗੱਲ ਨੂੰ ਸਬੂਤਾਂ ਦੇ ਆਧਾਰ 'ਤੇ ਰੱਖਣਾ ਚਾਹੁੰਦੇ ਹਨ ਤਾਂ ਜੋ ਜਥੇਦਾਰ ਸਾਹਿਬ ਪੂਰੇ ਮਾਮਲੇ ਤੋਂ ਜਾਣੂ ਹੋ ਸਕਣ।

'ਜਥੇਦਾਰ ਸਾਹਿਬ ਜੋ ਫ਼ੈਸਲਾ ਦੇਣਗੇ, ਉਹ ਲੋਕਾਂ ਦੀ ਕਚਹਿਰੀ ਵਿੱਚ ਵੀ ਰੱਖਾਂਗੀ'

ਬੀਬਾ ਰੂਪ ਕੌਰ ਸੰਧੂ ਨੇ ਕਿਹਾ ਕਿ ਉਹ ਸਭ ਤੋਂ ਪਹਿਲਾਂ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਸਾਹਮਣੇ ਰੱਖਣਗੇ ਅਤੇ ਉਸ ਤੋਂ ਬਾਅਦ ਜਥੇਦਾਰ ਸਾਹਿਬ ਵੱਲੋਂ ਜੋ ਵੀ ਫ਼ੈਸਲਾ ਦਿੱਤਾ ਜਾਵੇਗਾ, ਉਸ ਨੂੰ ਲੋਕਾਂ ਦੀ ਕਚਹਿਰੀ ਵਿੱਚ ਵੀ ਰੱਖਣਗੇ।

ਉਨ੍ਹਾਂ ਕਿਹਾ ਕਿ ਉਹ ਜਥੇਦਾਰ ਸਾਹਿਬ ਦੇ ਫ਼ੈਸਲੇ ਦਾ ਇੰਤਜ਼ਾਰ ਕਰਨਗੇ ਅਤੇ ਉਸ ਤੋਂ ਬਾਅਦ ਹੀ ਅਗਲੀ ਕਾਰਵਾਈ ਬਾਰੇ ਫ਼ੈਸਲਾ ਲੈਣਗੇ। ਉਨ੍ਹਾਂ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਕਿ ਇਸ ਮਾਮਲੇ ਨਾਲ ਸਬੰਧਤ ਜਿਹੜੀ ਵੀ ਗੱਲ ਉਨ੍ਹਾਂ ਕੋਲ ਹੈ, ਉਹ ਉਸ ਨੂੰ ਛੁਪਾਉਣ ਦੀ ਬਜਾਏ ਸਬੂਤਾਂ ਸਮੇਤ ਸਬੰਧਤ ਧਾਰਮਿਕ ਸੰਸਥਾ ਦੇ ਸਾਹਮਣੇ ਰੱਖਣਾ ਚਾਹੁੰਦੇ ਹਨ।

ਰੂਪ ਕੌਰ ਸੰਧੂ ਨੇ ਕਿਹਾ ਕਿ ਜੇਕਰ ਪੀੜਤ ਬੀਬੀ ਖੁਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਸਾਹਮਣੇ ਪੇਸ਼ ਹੋਣਾ ਚਾਹੇਗੀ ਤਾਂ ਉਹ ਉਸ ਨੂੰ ਵੀ ਆਪਣੇ ਨਾਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਪੀੜਤ ਬੀਬੀ ਆਪਣਾ ਪੱਖ ਖੁਦ ਜਥੇਦਾਰ ਸਾਹਿਬ ਦੇ ਸਾਹਮਣੇ ਰੱਖਣਾ ਚਾਹੇ ਤਾਂ ਇਸ ਲਈ ਵੀ ਉਹ ਉਸ ਦੀ ਮਦਦ ਕਰਨਗੇ।

ਪਾਰਟੀ 'ਚੋਂ ਬਰਖ਼ਾਸਤਗੀ ਮਗਰੋਂ ਮੁੜ ਚਰਚਾ 'ਚ ਆਇਆ ਮਾਮਲਾ

ਬੀਬਾ ਰੂਪ ਕੌਰ ਸੰਧੂ ਨੂੰ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਕੁਝ ਦਿਨ ਪਹਿਲਾਂ ਪਾਰਟੀ ਵਿੱਚੋਂ ਬਰਖ਼ਾਸਤ ਕੀਤਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਲਗਾਤਾਰ ਆਪਣੇ ਪੱਖ ਸਬੰਧੀ ਬਿਆਨ ਦਿੱਤੇ ਜਾ ਰਹੇ ਹਨ। ਹੁਣ 9 ਅਕਤੂਬਰ ਨੂੰ ਸਬੂਤਾਂ ਸਮੇਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਜਾਣ ਦੇ ਐਲਾਨ ਨੇ ਇਸ ਮਾਮਲੇ ਨੂੰ ਮੁੜ ਚਰਚਾ ਵਿੱਚ ਲਿਆ ਦਿੱਤਾ ਹੈ।

# ਪਾਕਿਸਤਾਨ ਸਰਕਾਰ ਨੇ 50 ਸਿੱਖ ਸ਼ਰਧਾਲੂਆਂ ਨੂੰ ਭਾਰਤ ਜਾਣ ਦੀ ਦਿੱਤੀ ਮਨਜ਼ੂਰੀ

## ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਸਮੇਤ ਕਈ ਧਾਰਮਿਕ ਅਸਥਾਨਾਂ ਦੇ ਕਰਨਗੇ ਦਰਸ਼ਨ

ਅੰਮ੍ਰਿਤਸਰ : ਅੰਤਰਰਾਸ਼ਟਰੀ ਪੱਧਰ 'ਤੇ ਹੋਈ ਸ਼ਰਮਿੰਦਗੀ ਤੋਂ ਬਾਅਦ, ਪਾਕਿਸਤਾਨ ਸਰਕਾਰ ਨੇ 50 ਸਿੱਖ ਸ਼ਰਧਾਲੂਆਂ ਦੇ ਇੱਕ ਜਥੇ ਨੂੰ ਭਾਰਤ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਜਥਾ 8 ਅਕਤੂਬਰ ਨੂੰ ਤਾਸ਼ਕੰਦ ਦੇ ਰਸਤੇ ਦਿੱਲੀ ਪਹੁੰਚੇਗਾ ਅਤੇ ਇੱਕ ਮਹੀਨੇ ਦੌਰਾਨ ਸ੍ਰੀ ਦਰਬਾਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਹੇਮਕੁੰਟ ਸਾਹਿਬ ਸਮੇਤ ਵੱਖ-ਵੱਖ ਇਤਿਹਾਸਕ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰੇਗਾ। ਇਸ ਤੋਂ ਪਹਿਲਾਂ, 11 ਸਤੰਬਰ ਨੂੰ 104 ਸ਼ਰਧਾਲੂਆਂ ਨੂੰ ਵੀਜ਼ੇ ਮਿਲੇ ਸਨ, ਪਰ ਹਵਾਈ ਅੱਡੇ 'ਤੇ ਪਹੁੰਚੇ 92 ਯਾਤਰੀਆਂ ਨੂੰ ਵਾਪਸ ਭੇਜ ਦਿੱਤਾ ਗਿਆ ਸੀ, ਜਿਸ ਦਾ ਕਾਰਨ 'ਐਨ.ਓ.ਸੀ.' (NOC) ਮਨਜ਼ੂਰੀ ਦੀ ਘਾਟ ਦੱਸਿਆ ਗਿਆ ਸੀ। ਇਸ ਘਟਨਾ ਕਾਰਨ ਪਾਕਿਸਤਾਨ ਸਰਕਾਰ ਅਤੇ ਪੀ.ਐਸ.ਜੀ.ਪੀ.ਸੀ. (PSGPC) ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਦੀ ਆਲੋਚਨਾ ਹੋਈ ਸੀ।



ਸ੍ਰੀ ਨਨਕਾਣਾ ਸਾਹਿਬ ਸਿੱਖ ਸ਼ਰਧਾਲੂ ਜਥੇ ਦੇ ਮੁਖੀ ਰੌਬਿਨ ਗਿੱਲ ਨੇ 'ਐਨ.ਓ.ਸੀ.' ਦੀਆਂ ਸ਼ਰਤਾਂ ਦੇ ਬਹਾਨੇ ਸ਼ਰਧਾਲੂਆਂ ਨੂੰ ਪ੍ਰੇਸ਼ਾਨ ਕਰਨ ਦਾ ਸਿਲਸਿਲਾ ਬੰਦ ਕਰਨ ਦੀ ਮੰਗ ਕੀਤੀ। ਉਨ੍ਹਾਂ ਦੋਵਾਂ ਦੇਸ਼ਾਂ ਨੂੰ ਖੁੱਲ੍ਹੇ ਦਿਲ ਨਾਲ ਵੀਜ਼ੇ ਜਾਰੀ ਕਰਨ ਅਤੇ ਅਟਾਰੀ-ਵਾਹਗਾ ਜ਼ਮੀਨੀ ਰਸਤੇ ਤੋਂ ਵਪਾਰ ਨੂੰ ਬਹਾਲ ਕਰਨ ਦੀ ਅਪੀਲ ਕੀਤੀ।

# ਮੱਧਕਾਲੀ ਚੋਣਾਂ ਤੋਂ ਪਹਿਲਾਂ ਟਰੰਪ ਦਾ ਵੱਡਾ ਦਾਅ ਡੀਜ਼ਲ 'ਤੇ ਰਾਹਤ ਤੇ ਪ੍ਰਚਾਰ ਇਸ਼ਤਿਹਾਰਾਂ 'ਤੇ ਬਦਲਿਆ ਫੈਸਲਾ

ਨਿਊਯਾਰਕ : ਅਮਰੀਕਾ ਵਿਚ ਮੱਧਕਾਲੀ ਚੋਣਾਂ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨੇਬਰਾਸਕਾ ਵਿਚ ਆਪਣੀ ਚੋਣੀ ਮੁਹਿੰਮ ਤੇਜ਼ ਕਰਦਿਆਂ ਰਿਪਬਲਿਕਨ ਸੈਨੇਟਰ ਪੀਟ ਰਿਕੇਟਸ ਲਈ ਸਮਰਥਨ ਮੰਗਿਆ। ਵਧਦੀ ਮਹਿੰਗਾਈ ਅਤੇ ਡੀਜ਼ਲ ਦੀਆਂ ਉੱਚੀਆਂ ਕੀਮਤਾਂ ਨੂੰ ਲੈ ਕੇ ਵੋਟਰਾਂ ਵਿਚ ਚਿੰਤਾ ਦੇ ਵਿਚਕਾਰ ਟਰੰਪ ਨੇ ਰੈਲੀ ਦੌਰਾਨ ਡੀਜ਼ਲ ਸਸਤਾ ਕਰਨ ਲਈ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ। ਉਨ੍ਹਾਂ ਨੇ ਸਮਰਥਕਾਂ ਨੂੰ ਕਿਹਾ ਕਿ ਭਾਵੇਂ ਉਨ੍ਹਾਂ ਦਾ ਨਾਂਅ ਬੈਲਟ 'ਤੇ ਨਹੀਂ ਹੈ ਪਰ ਉਹ ਇਸ ਚੋਣ ਨੂੰ ਇਸ ਤਰ੍ਹਾਂ ਲੈਣ ਜਿਵੇਂ ਟਰੰਪ ਖੁਦ ਚੋਣ ਲੜ ਰਹੇ ਹੋਣ। ਨਵੇਂ ਹੁਕਮ ਤਹਿਤ ਆਮ ਤੌਰ 'ਤੇ ਖੇਤੀਬਾੜੀ, ਨਿਰਮਾਣ ਅਤੇ ਹੋਰ ਆਫ-ਰੋਡ ਕੰਮਾਂ ਲਈ ਵਰਤੇ ਜਾਣ ਵਾਲੇ ਲਾਲ ਰੰਗ ਦੇ ਡੀਜ਼ਲ ਨੂੰ ਆਰਜ਼ੀ ਤੌਰ 'ਤੇ ਹਾਈਵੇਅ ਵਾਹਨਾਂ ਵਿਚ ਵਰਤਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਡੀਜ਼ਲ ਨੂੰ ਆਮ ਤੌਰ 'ਤੇ ਟੈਕਸ ਵਿਚ ਛੋਟ ਮਿਲਦੀ ਹੈ। ਵਾਈਟ ਹਾਊਸ ਮੁਤਾਬਕ ਇਸ ਕਦਮ ਨਾਲ ਇਕ ਆਮ ਟਰੱਕ ਡਰਾਈਵਰ ਨੂੰ ਟੈਂਕ ਭਰਵਾਉਣ 'ਤੇ 100 ਡਾਲਰ ਤੋਂ ਵੱਧ ਦੀ ਬਚਤ ਹੋ ਸਕਦੀ ਹੈ। ਟਰੰਪ ਦਾ ਕਹਿਣਾ ਹੈ ਕਿ ਟਰਾਂਸਪੋਰਟ ਖਰਚ ਘਟਣ ਨਾਲ ਕਰਿਆਨੇ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਤੇ ਵੀ ਦਬਾਅ ਘਟੇਗਾ। ਅਮਰੀਕਾ ਵਿਚ ਡੀਜ਼ਲ ਦੀ ਔਸਤ ਕੀਮਤ ਇਰਾਨ ਯੁੱਧ ਤੋਂ ਪਹਿਲਾਂ 3.76 ਡਾਲਰ ਪ੍ਰਤੀ ਗੈਲਨ ਸੀ, ਜੋ ਸਤੰਬਰ ਵਿੱਚ ਰਿਕਾਰਡ 6.53 ਡਾਲਰ ਤੱਕ ਪਹੁੰਚ ਗਈ। ਮੌਜੂਦਾ ਕੀਮਤ ਵੀ 6 ਡਾਲਰ ਪ੍ਰਤੀ ਗੈਲਨ ਤੋਂ ਉੱਪਰ ਹੈ। ਹਾਲਾਂਕਿ, ਮਾਹਿਰਾਂ ਦਾ ਕਹਿਣਾ ਹੈ ਕਿ ਟੈਕਸ ਰਾਹਤ ਨਾਲ ਕੁਝ ਸਮੇਂ ਲਈ ਫਾਇਦਾ ਹੋ ਸਕਦਾ ਹੈ ਪਰ ਵਿਸ਼ਵ ਪੱਧਰ 'ਤੇ ਰਿਫਾਇਨਿੰਗ ਅਤੇ ਤੇਲ ਸਪਲਾਈ ਦੀ ਘਾਟ ਕਾਰਨ ਕੀਮਤਾਂ ਦੀ ਸਮੱਸਿਆ ਦਾ ਪੂਰਾ ਹੱਲ ਤੁਰੰਤ ਨਹੀਂ ਹੋਵੇਗਾ। ਇਸ ਦੌਰਾਨ ਆਪਣੇ ਅਤੇ ਆਪਣੀਆਂ ਨੀਤੀਆਂ ਦੇ ਪ੍ਰਚਾਰ ਵਾਲੇ ਟੀ.ਵੀ. ਇਸ਼ਤਿਹਾਰਾਂ ਲਈ ਸਰਕਾਰੀ ਪੈਸੇ ਦੀ ਵਰਤੋਂ ਨੂੰ ਲੈ ਕੇ ਹੋਈ ਆਲੋਚਨਾ ਤੋਂ ਬਾਅਦ ਟਰੰਪ ਨੇ ਆਪਣਾ ਫੈਸਲਾ ਬਦਲਿਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਅਜਿਹੇ ਇਸ਼ਤਿਹਾਰਾਂ ਦਾ ਖਰਚ ਉਹ ਖੁਦ ਜਾਂ 'ਮੇਗਾ ਇੰਕ.' ਲਈ ਇਕੱਠੇ ਕੀਤੇ ਰਾਜਨੀਤਿਕ ਫੰਡਾਂ ਰਾਹੀਂ ਚੁੱਕਣਗੇ। ਹਾਲਾਂਕਿ, ਪਹਿਲਾਂ ਚੱਲ ਚੁੱਕੇ ਇਸ਼ਤਿਹਾਰਾਂ 'ਤੇ ਖਰਚ ਹੋਇਆ ਸਰਕਾਰੀ ਪੈਸਾ ਵਾਪਸ ਕੀਤਾ ਜਾਵੇਗਾ ਜਾਂ ਨਹੀਂ, ਇਸ ਬਾਰੇ ਅਜੇ ਸਪੱਸ਼ਟਤਾ ਨਹੀਂ ਹੈ।



AIA ASSOCIATION OF INDO AMERICANS
ASSOCIATION OF INDO AMERICANS & BOLLY 92.3FM
BOLLY 92.3 FM
DUSSEHRA DIWALI DHAMAKA
DIWALI AT TIMES SQUARE
Sponsor NBC BAY AREA
SPECTACULAR FIRE WORKS
Sanjiv Gupta certified public accountant
HIGHLIGHTS
RAM LEELA | FESTIVAL SHOPPING
FREE HEALTH FAIR | CARNIVAL RIDES
(South Asian Heart Center)
CHESS & CARROMS COMPETITION
TAMBOLA
EPIC 40FT RAAVAN DEHAN
Scan to Buy Tickets
www.aiaevents.org
10-FOOT-TALL DURGA IDOL
DISCO DANDIYA
25+ FOOD VENDORS
HANUMAN CHALISA SAHASRA PAATH
RATH YATRA
SINDHOOR KHELA
MAHA MANGALARATI
17TH OCT, 2026 | 12 NOON TO 11PM
ALAMEDA COUNTY FAIRGROUNDS, PLEASANTON CA
Diamond Sponsor
xoom A PayPal Service
Platinum Sponsor
LAVANYA DUVVI REALTOR & LOAN AGENT
Powered By
Nagaraj Annaiah
Powered By
GOPI
Travel Partner
Travelopod Best Flight Deals
Educational Partner
LIFOLOGY
Silver Sponsors
mypursu
InstaService
SIERRA PACIFIC PRIVATE WEALTH
VIJETHA
APEX
Vachi Silks
Kavya Foods
Azad
Food Sponsors
CHAAT BHAVAN
Sri's Kitchen
RajaRani
Kabobs 2 Go
MANTRA INDIA
Media Partners
TV9 USA
Sulekha
CBS
Diya TV
IndiaCurrents
indica news
FOR DETAILS CONTACT : (408)490-0220 | (510)421-3535 | (408)499-6530
/aiaevents.org /aia.events /AIA_Events /aia.events

# ਦੁਬਈ ਦੇ ਕ੍ਰਾਊਨ ਪ੍ਰਿੰਸ ਹਮਦਾਨ ਬਿਨ ਮੁਹੰਮਦ ਅਲ ਮਕਤੂਮ ਨੇ ਭਾਰਤੀ ਪਾਇਲਟ ਸਮਿਤ ਮਛਾਰ ਨਾਲ ਕੀਤੀ ਮੁਲਾਕਾਤ

## ਸੈਂਕੜੇ ਯਾਤਰੀਆਂ ਦੀ ਜਾਨ ਬਚਾਉਣ ਵਾਲੇ ਜਾਂਬਾਜ਼ ਦੀ ਸਿਹਤਯਾਬੀ ਦਾ ਲਿਆ ਜਾਇਜ਼ਾ





ਅਬੂ ਧਾਬੀ (ਯੂ.ਏ.ਈ.), (ANI): ਦੁਬਈ ਦੇ ਕ੍ਰਾਊਨ ਪ੍ਰਿੰਸ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਉਪ ਪ੍ਰਧਾਨ ਮੰਤਰੀ ਸ਼ੇਖ਼ ਹਮਦਾਨ ਬਿਨ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਨੇ ਅਬੂ ਧਾਬੀ ਵਿਖੇ ਭਾਰਤੀ ਪਾਇਲਟ ਕੈਪਟਨ ਸਮਿਤ ਮਛਾਰ (Captain Smit Machchhar) ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਕੈਪਟਨ ਸਮਿਤ ਨੇ ਹਵਾ ਵਿੱਚ ਉਡਾਣ ਦੌਰਾਨ ਹੋਏ ਇੱਕ ਖ਼ਤਰਨਾਕ ਹਮਲੇ ਦੇ ਬਾਵਜੂਦ ਬੇਮਿਸਾਲ ਦਲੇਰੀ ਦਿਖਾਉਂਦੇ ਹੋਏ ਤੇਲ ਅਵੀਵ ਜਾ ਰਹੀ 'ਫ਼ਲਾਈਦੁਬਈ' (flydubai) ਦੀ ਉਡਾਣ ਵਿੱਚ ਸਵਾਰ ਸੈਂਕੜੇ ਯਾਤਰੀਆਂ ਦੀ ਜਾਨ ਸੁਰੱਖਿਅਤ ਬਚਾਈ ਸੀ। ਇਸ ਹਮਲੇ ਦੌਰਾਨ ਜ਼ਖ਼ਮੀ ਹੋਣ ਕਾਰਨ ਕੈਪਟਨ ਸਮਿਤ ਦਾ ਇਸ ਵੇਲੇ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

ਮੁੱਖ ਵੇਰਵੇ

ਸਥਾਨ : ਅਬੂ ਧਾਬੀ (ਸੰਯੁਕਤ ਅਰਬ ਅਮੀਰਾਤ)

ਮੁੱਖ ਸ਼ਖ਼ਸੀਅਤਾਂ : ਸ਼ੇਖ਼ ਹਮਦਾਨ ਬਿਨ ਮੁਹੰਮਦ ਅਲ ਮਕਤੂਮ (ਦੁਬਈ ਦੇ ਕ੍ਰਾਊਨ ਪ੍ਰਿੰਸ ਤੇ ਯੂ.ਏ.ਈ. ਦੇ ਉਪ ਪ੍ਰਧਾਨ ਮੰਤਰੀ) ਅਤੇ ਕੈਪਟਨ ਸਮਿਤ ਮਛਾਰ (ਭਾਰਤੀ ਪਾਇਲਟ)

ਏਅਰਲਾਈਨ/ਉਡਾਣ : ਫ਼ਲਾਈਦੁਬਈ (flydubai) — ਤੇਲ ਅਵੀਵ ਜਾਣ ਵਾਲੀ ਫ਼ਲਾਈਟ

ਕਾਰਨਾਮਾ : ਹਵਾ ਵਿੱਚ ਹਮਲੇ (Mid-air attack) ਦੇ ਬਾਵਜੂਦ ਸੈਂਕੜੇ ਮੁਸਾਫ਼ਰਾਂ ਦੀ ਜਾਨ ਬਚਾਈ

ਮੌਜੂਦਾ ਸਥਿਤੀ : ਜ਼ਖ਼ਮੀ ਪਾਇਲਟ ਅਬੂ ਧਾਬੀ ਵਿਖੇ ਜ਼ੇਰੇ ਇਲਾਜ; ਕ੍ਰਾਊਨ ਪ੍ਰਿੰਸ ਵੱਲੋਂ ਹੌਸਲਾ-ਅਫ਼ਜ਼ਾਈ

ਸਰੋਤ/ਏਜੰਸੀ : ਸ਼ੇਖ਼ ਹਮਦਾਨ ਦਾ ਅਧਿਕਾਰਤ 'X' ਹੈਂਡਲ/ ਏ.ਐਨ.ਆਈ.

ਮੁਲਾਕਾਤ ਦੇ ਅਹਿਮ ਪਹਿਲੂ

**ਬੇਮਿਸਾਲ ਦਲੇਰੀ ਤੇ ਫ਼ਰਜ਼ਸ਼ਨਾਸੀ ਦੀ ਸ਼ਲਾਘਾ:** ਕ੍ਰਾਊਨ ਪ੍ਰਿੰਸ ਸ਼ੇਖ਼ ਹਮਦਾਨ ਨੇ ਕੈਪਟਨ ਸਮਿਤ ਮਛਾਰ ਦੀ ਨਿਡਰਤਾ, ਪੇਸ਼ੇਵਰ ਹੁਨਰ ਅਤੇ ਸੂਝ-ਬੂਝ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਜ਼ਖ਼ਮੀ ਹੋਣ ਦੇ ਬਾਵਜੂਦ ਜਿਸ ਤਰ੍ਹਾਂ ਕੈਪਟਨ ਨੇ ਉਡਾਣ 'ਤੇ ਕਾਬੂ ਰੱਖਿਆ ਅਤੇ ਸੈਂਕੜੇ ਨਾਗਰਿਕਾਂ ਦੀ ਜ਼ਿੰਦਗੀ ਸੁਰੱਖਿਅਤ ਕੀਤੀ, ਉਹ ਮਿਸਾਲੀ ਅਤੇ ਪ੍ਰੇਰਨਾਦਾਇਕ ਹੈ।

**ਸਿਹਤਯਾਬੀ ਲਈ ਸ਼ੁਭਕਾਮਨਾਵਾਂ:** ਸ਼ੇਖ਼ ਹਮਦਾਨ ਨੇ ਪਾਇਲਟ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਨਿੱਘੀ ਗੱਲਬਾਤ ਕੀਤੀ, ਡਾਕਟਰਾਂ ਤੋਂ ਇਲਾਜ ਬਾਰੇ ਜਾਣਕਾਰੀ ਲਈ ਅਤੇ ਉਨ੍ਹਾਂ ਦੇ ਛੇਤੀ ਪੂਰੀ ਤਰ੍ਹਾਂ ਤੰਦਰੁਸਤ ਹੋਣ ਦੀ ਕਾਮਨਾ ਕੀਤੀ।

**ਭਾਰਤ-ਯੂ.ਏ.ਈ. ਭਾਈਚਾਰਕ ਸਾਂਝ:** ਇਸ ਘਟਨਾ ਅਤੇ ਯੂ.ਏ.ਈ. ਦੀ ਉੱਚ ਲੀਡਰਸ਼ਿਪ ਵੱਲੋਂ ਇੱਕ ਭਾਰਤੀ ਪਾਇਲਟ ਦੀ ਕੀਤੀ ਗਈ ਕਦਰ ਨੇ ਗਲੋਬਲ ਪੱਧਰ 'ਤੇ ਭਾਰਤੀ ਪੇਸ਼ੇਵਰਾਂ ਦੇ ਉੱਚੇ ਮਿਆਰ ਅਤੇ ਦੋਹਾਂ ਦੇਸ਼ਾਂ ਵਿਚਾਲੇ ਡੂੰਘੇ ਭਰੋਸੇ ਨੂੰ ਉਜਾਗਰ ਕੀਤਾ ਹੈ।

# ਨੇਤਨਯਾਹੂ ਨੇ ਭਾਰਤੀ ਪਾਇਲਟ ਨਾਲ ਕੀਤੀ ਗੱਲਬਾਤ, ਬਹਾਦਰੀ ਦੀ ਕੀਤੀ ਸ਼ਲਾਘਾ

## ਇਜ਼ਰਾਈਲ ਦੇ ਆਜ਼ਾਦੀ ਦਿਵਸ ਸਮਾਗਮਾਂ 'ਚ ਸ਼ਾਮਲ ਹੋਣ ਦਾ ਦਿੱਤਾ ਸੱਦਾ




ਇਜ਼ਰਾਈਲ : ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ 'ਫਲਾਈਦੁਬਈ' ਦੇ ਭਾਰਤੀ ਪਾਇਲਟ ਕੈਪਟਨ ਸਮਿਤ ਮਾਛਰ ਨਾਲ ਫੋਨ 'ਤੇ ਲਗਭਗ ਛੇ ਮਿਟ ਗੱਲਬਾਤ ਕੀਤੀ। ਉਨ੍ਹਾਂ ਕਿਹਾ, 'ਤੁਸੀਂ ਭਾਰਤ ਅਤੇ ਇਜ਼ਰਾਈਲ ਦੇ ਲੋਕਾਂ ਲਈ ਇੱਕ ਅਸਲੀ ਨਾਇਕ ਹੋ। ਤੁਸੀਂ ਪੂਰੀ ਦੁਨੀਆ ਲਈ ਇਕ ਹੀਰੋ ਹੋ।' ਨੇਤਨਯਾਹੂ ਨੇ ਸਮਿਤ ਨੂੰ ਇਜ਼ਰਾਈਲ ਆਉਣ ਦਾ ਸੱਦਾ ਦਿੰਦਿਆਂ ਕਿਹਾ, 'ਮੈਂ ਤੁਹਾਨੂੰ ਅਤੇ ਮੇਰੇ ਦੋਸਤ ਪ੍ਰਧਾਨ ਮੰਤਰੀ ਮੋਦੀ ਨੂੰ ਅਗਲੇ ਸੁਤੰਤਰਤਾ ਦਿਵਸ ਸਮਾਰੋਹ ਦੌਰਾਨ ਰਸਮੀ ਮਸ਼ਾਲ ਜਗਾਉਣ ਲਈ ਸੱਦਾ ਦੇਣਾ ਚਾਹੁੰਦਾ ਹਾਂ।'

ਨੇਤਨਯਾਹੂ ਨੇ ਕੈਪਟਨ ਸਮਿਤ ਤੋਂ ਪੁੱਛਿਆ ਕਿ ਉਡਾਣ ਦੌਰਾਨ ਅਸਲ ਵਿੱਚ ਕੀ ਵਾਪਰਿਆ ਸੀ। ਸਮਿਤ ਨੇ ਦੱਸਿਆ ਕਿ ਹਮਲੇ ਤੋਂ ਪਹਿਲਾਂ, ਸਹਿ-ਪਾਇਲਟ ਨੇ ਪ੍ਰਾਰਥਨਾ ਕਰਨ ਦੀ ਇੱਛਾ ਪ੍ਰਗਟਾਈ ਸੀ। ਪ੍ਰਾਰਥਨਾ ਤੋਂ ਕੁਝ ਮਿੰਟਾਂ ਬਾਅਦ ਹੀ, ਉਸ ਨੇ ਅਚਾਨਕ ਉਸ 'ਤੇ ਹਮਲਾ ਕਰ ਦਿੱਤਾ।

ਇਹ ਘਟਨਾ 30 ਸਤੰਬਰ ਨੂੰ ਵਾਪਰੀ। ਦੁਬਈ ਤੋਂ ਇਜ਼ਰਾਈਲ ਦੇ ਤੇਲ ਅਵੀਵ ਜਾ ਰਹੀ ਇਕ ਉਡਾਣ ਦੌਰਾਨ, ਓਮਾਨ ਦੇ ਇੱਕ ਸਹਿ-ਪਾਇਲਟ ਨੇ ਕੈਪਟਨ ਸਮਿਤ 'ਤੇ ਕੁਹਾੜੀ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਤੋਂ ਬਾਅਦ, ਜਹਾਜ਼ ਲਗਭਗ ਦੋ ਮਿੰਟਾਂ ਵਿੱਚ 17,000 ਫੁੱਟ ਹੇਠਾਂ ਆ ਗਿਆ।

ਗੰਭੀਰ ਰੂਪ ਵਿਚ ਜ਼ਖ਼ਮੀ ਹੋਣ ਦੇ ਬਾਵਜੂਦ, ਕੈਪਟਨ ਸਮਿਤ ਨੇ ਹਮਲਾਵਰ ਦਾ ਸਾਹਮਣਾ ਕੀਤਾ ਅਤੇ ਕਾਕਪਿਟ ਦਾ ਦਰਵਾਜ਼ਾ ਖੋਲ੍ਹ ਦਿੱਤਾ। ਇਸ ਤੋਂ ਬਾਅਦ, ਫਲਾਈਟ ਕਰੂ ਅਤੇ ਯਾਤਰੀ ਕਾਕਪਿਟ ਵਿੱਚ ਦਾਖਲ ਹੋਏ, ਮੁਲਜ਼ਮ ਨੂੰ ਕਾਬੂ ਕੀਤਾ ਅਤੇ ਜਹਾਜ਼ 'ਤੇ ਮੁੜ ਕਾਬੂ ਪਾ ਲਿਆ। ਜਹਾਜ਼ ਨੇ ਸਾਊਦੀ ਅਰਬ ਦੇ ਤਬੁਕ ਵਿਖੇ ਐਮਰਜੈਂਸੀ ਲੈਂਡਿੰਗ ਕੀਤੀ। ਜਹਾਜ਼ ਵਿੱਚ ਸਵਾਰ ਸਾਰੇ 174 ਲੋਕ ਸੁਰੱਖਿਅਤ ਬਾਹਰ ਨਿਕਲ ਆਏ।

ਇਸ ਤੋਂ ਪਹਿਲਾਂ, 2 ਸਤੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਡੀਓ ਕਾਲ ਰਾਹੀਂ ਕੈਪਟਨ ਸਮਿਤ ਨਾਲ ਲਗਭਗ ਨੌਂ ਮਿੰਟ ਤੱਕ ਗੱਲਬਾਤ ਕੀਤੀ। ਗੱਲਬਾਤ ਦੌਰਾਨ ਸਮਿਤ ਨੇ ਕਿਹਾ, 'ਮੈਂ ਮੁਸ਼ਕਲ ਸਮੇਂ ਦੌਰਾਨ ਹਨੂੰਮਾਨ ਚਾਲੀਸਾ ਪੜ੍ਹੀ ਅਤੇ ਉਸ ਸਮੇਂ ਵੀ ਮੈਂ ਇਸ ਦਾ ਜਾਪ ਕਰ ਰਿਹਾ ਸੀ। ਮੈਂ ਜਾਣਦਾ ਹਾਂ ਕਿ ਪ੍ਰਮਾਤਮਾ ਨੇ ਹੀ ਸਾਨੂੰ ਬਚਾਇਆ।'

# ਪ੍ਰਧਾਨ ਮੰਤਰੀ ਨੇ ਵੀਡੀਓ ਕਾਲ ਰਾਹੀਂ ਕੈਪਟਨ ਸਮਿਤ ਨਾਲ ਕੀਤੀ ਗੱਲਬਾਤ ਕਿਹਾ, ਪੂਰਾ ਦੇਸ਼ ਤੁਹਾਡੇ ਲਈ ਕਰ ਰਿਹੇ ਦੁਆਵਾਂ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਭਾਰਤ ਦੇ ਬਹਾਦਰ ਪਾਇਲਟ ਕੈਪਟਨ ਸਮਿਤ ਮੱਛਾਰ ਨਾਲ ਵੀਡੀਓ ਕਾਲ ਰਾਹੀਂ ਗੱਲਬਾਤ ਕੀਤੀ। ਜ਼ਿਕਰਯੋਗ ਹੈ ਕਿ ਦੁਬਈ ਤੋਂ ਤਲ ਅਵੀਵ ਜਾਣ ਵਾਲੀ 'ਫਲਾਈ-ਦੁਬਈ' ਦੀ ਉਡਾਣ ਦੌਰਾਨ ਆਪਣੇ ਸਹਿ-ਪਾਇਲਟ ਵਲੋਂ ਕੀਤੇ ਗਏ ਹਮਲੇ ਨੂੰ ਨਾਕਾਮ ਬਣਾਉਣ 'ਚ ਉਨ੍ਹਾਂ ਦੀ ਬਹਾਦਰੀ ਨੇ 180 ਲੋਕਾਂ ਦੀ ਜਾਨ ਬਚਾਈ ਸੀ। ਮੋਦੀ ਨੇ ਕੈਪਟਨ ਸਮਿਤ ਮਛਾਰ ਨਾਲ ਗੱਲਬਾਤ ਦੌਰਾਨ ਕਈ ਜਾਨਾਂ ਬਚਾਉਣ 'ਚ ਉਨ੍ਹਾਂ ਦੀ ਹਿੰਮਤ, ਸੂਝ-ਬੂਝ ਤੇ ਸੰਜਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਤੁਹਾਡੇ ਲਈ ਦੁਆਵਾਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਮਾਣ ਨਾਲ ਕਹਿ ਸਕਦਾ ਹੈ ਕਿ ਭਾਰਤੀ ਉਹ ਲੋਕ ਨਹੀਂ ਹਨ, ਜੋ ਜਾਨਾਂ ਲੈਂਦੇ ਹਨ, ਸਗੋਂ ਉਹ ਹਨ ਜੋ ਦੂਜਿਆਂ ਦੀ ਜਾਨ ਬਚਾਉਣ ਲਈ ਆਪਣੀ ਜਾਨ ਜੋਖ਼ਮ 'ਚ ਪਾਉਣ ਲਈ ਤਿਆਰ ਰਹਿੰਦੇ ਹਨ। ਕੈਪਟਨ ਸਮਿਤ ਨੇ ਮੋਦੀ ਨੂੰ ਦੱਸਿਆ ਕਿ ਜਦੋਂ ਉਹ ਖ਼ੂਨ ਨਾਲ ਲੱਥਪੱਥ ਫ਼ਰਸ਼ 'ਤੇ ਪਏ ਸਨ ਤਾਂ ਉਹ ਲਗਾਤਾਰ ਹਨੂਮਾਨ ਚਾਲੀਸਾ ਦਾ ਪਾਠ ਕਰ ਰਹੇ ਸਨ, ਜਿਸ ਨੇ ਉਨ੍ਹਾਂ ਨੂੰ ਉਸ ਸੰਕਟ ਦੀ ਘੜੀ 'ਚ ਆਖ਼ਰੀ ਸਾਹ ਤੱਕ ਲੜਨ ਦੀ ਹਿੰਮਤ ਦਿੱਤੀ।




# ਚੀਨ ਲਈ ਤਾਈਵਾਨ ਦੇ ਰਾਸ਼ਟਰਪਤੀ ਦੇ ਪਰਿਵਾਰ ਦੀ ਜਾਸੂਸੀ ਕਰਨ ਦੇ ਦੋਸ਼ 'ਚ ਔਰਤ ਗ੍ਰਿਫ਼ਤਾਰ

ਬੈਂਕਾਕ : ਐਫਬੀਆਈ ਨੇ ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ 'ਤੇ ਚੀਨ ਲਈ ਤਾਈਵਾਨੀ ਰਾਸ਼ਟਰਪਤੀ ਦੇ ਪਰਿਵਾਰ ਦੀ ਜਾਸੂਸੀ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਐਫਬੀਆਈ ਦੇ ਅਨੁਸਾਰ ਵੈਨਯਿੰਗ ਝਾਂਗ ਉਰਫ ਹੀਥਰ ਨੇ ਅਮਰੀਕਾ ਵਿੱਚ ਰਹਿੰਦੇ ਹੋਏ ਚੀਨੀ ਸਰਕਾਰ ਲਈ ਤਾਈਵਾਨੀ ਰਾਸ਼ਟਰਪਤੀ ਦੇ ਪੁੱਤਰ ਅਤੇ ਉਸਦੇ ਪਰਿਵਾਰ ਦੀ ਨਿਗਰਾਨੀ ਕੀਤੀ। ਸਹਾਇਕ ਅਮਰੀਕੀ ਅਟਾਰਨੀ ਬਿਲ ਐਸਪਲੇ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ 34 ਸਾਲਾ ਝਾਂਗ ਨੂੰ ਚੀਨ ਲਈ ਇੱਕ ਗੈਰ-ਰਜਿਸਟਰਡ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਝਾਂਗ ਨੇ ਆਪਣੇ ਨਿਸ਼ਾਨੇਬਾਜ਼ਾਂ ਦੀਆਂ ਫੋਟੋਆਂ ਅਤੇ ਵੀਡੀਓ ਲਈਆਂ ਅਤੇ ਉਨ੍ਹਾਂ ਦੇ ਵਾਹਨ ਰਜਿਸਟ੍ਰੇਸ਼ਨ ਨੰਬਰ ਚੀਨੀ ਅਧਿਕਾਰੀਆਂ ਨੂੰ ਭੇਜੇ। ਝਾਂਗ ਨੂੰ ਚੀਨ ਲਈ ਉਡਾਣ ਭਰਨ ਤੋਂ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ। ਉਸਦੀ ਕੌਮੀਅਤ ਸਪੱਸ਼ਟ ਨਹੀਂ ਸੀ ਅਤੇ ਉਸਦਾ ਵਕੀਲ ਤੁਰੰਤ ਉਪਲਬਧ ਨਹੀਂ ਸੀ। ਉਸਨੂੰ ਸੋਮਵਾਰ ਨੂੰ ਲਾਸ ਏਂਜਲਸ ਵਿੱਚ ਸੰਘੀ ਅਦਾਲਤ ਵਿੱਚ ਪੇਸ਼ ਹੋਣਾ ਸੀ।



ਤਾਈਵਾਨ ਦੇ ਰਾਸ਼ਟਰਪਤੀ ਦਫ਼ਤਰ ਨੇ ਪੁਸ਼ਟੀ ਕੀਤੀ ਕਿ ਰਾਸ਼ਟਰਪਤੀ ਲਾਈ ਚਿੰਗ-ਤੇ ਦੇ ਰਿਸ਼ਤੇਦਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਹਾਲਾਂਕਿ ਇਸ ਵਿੱਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਰਾਸ਼ਟਰਪਤੀ ਦਾ ਪੁੱਤਰ ਸ਼ਾਮਲ ਸੀ ਜਾਂ ਨਹੀਂ।

ਦਫ਼ਤਰ ਨੇ ਇਸਨੂੰ 'ਸਰਹੱਦ ਪਾਰ ਦਮਨ ਦਾ ਇੱਕ ਕਲਾਸਿਕ ਮਾਮਲਾ' ਕਿਹਾ। ਬੁਲਾਰੇ ਕੈਰੇਨ ਕੁਓ ਨੇ ਇੱਕ ਬਿਆਨ ਵਿੱਚ ਕਿਹਾ, 'ਤਾਈਵਾਨ ਅਜਿਹੇ ਵਹਿਸ਼ੀ ਕੰਮਾਂ ਦੀ ਸਖ਼ਤ ਨਿੰਦਾ ਕਰਦਾ ਹੈ ਜੋ ਮਨੁੱਖੀ ਅਧਿਕਾਰਾਂ ਅਤੇ ਰਾਸ਼ਟਰੀ ਪ੍ਰਭੂਸੱਤਾ ਦੀ ਅਣਦੇਖੀ ਕਰਦੇ ਹਨ ਅਤੇ ਆਜ਼ਾਦੀ ਅਤੇ ਲੋਕਤੰਤਰ ਦੀ ਵਕਾਲਤ ਕਰਨ ਵਾਲੇ ਵਿਅਕਤੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਦਬਾਉਣ, ਡਰਾਉਣ ਜਾਂ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਨ।' ਅਮਰੀਕਾ ਵਿੱਚ ਚੀਨ ਦੇ ਦੂਤਾਵਾਸ ਨੇ ਸੋਮਵਾਰ ਨੂੰ ਟਿੱਪਣੀ ਲਈ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। ਬੀਜਿੰਗ ਵਿੱਚ ਚੀਨ ਦਾ ਵਿਦੇਸ਼ ਮੰਤਰਾਲਾ ਛੁੱਟੀ ਲਈ ਬੰਦ ਸੀ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# ਪ੍ਰਗਟ ਸਿੰਘ ਬਣੇ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ

ਨਵੀਂ ਦਿੱਲੀ : ਪੰਜਾਬ ਕਾਂਗਰਸ 'ਚ ਪ੍ਰਧਾਨ ਬਦਲਣ ਦੀ ਕਸ਼ਮਕਸ਼ ਨੂੰ ਆਖਿਰਕਾਰ ਵਿਰਾਮ ਦਿੰਦਿਆਂ ਕਾਂਗਰਸ ਨੇ ਜਲੰਧਰ ਛਾਉਣੀ ਤੋਂ ਵਿਧਾਇਕ ਪਰਗਟ ਸਿੰਘ ਨੂੰ ਨਵਾਂ ਪ੍ਰਧਾਨ ਐਲਾਨ ਦਿੱਤਾ ਹੈ। ਕਾਂਗਰਸ ਜਨਰਲ ਸਕੱਤਰ (ਸੰਗਠਨ) ਕੇ.ਸੀ. ਵੇਣੂਗੋਪਾਲ ਨੇ ਪਾਰਟੀ ਵਲੋਂ ਆਖਿਰਕਾਰ ਪ੍ਰੈੱਸ ਰਿਲੀਜ਼ ਜਾਰੀ ਕਰਕੇ ਉਕਤ ਐਲਾਨ ਕੀਤਾ। ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਦੀ ਦੌੜ 'ਚ ਸ਼ਾਮਿਲ ਚਿਹਰਿਆਂ 'ਚ ਦੋ ਚਿਹਰੇ ਸਭ ਤੋਂ ਅੱਗੇ ਆਏ ਸਨ, ਜਿਸ 'ਚ ਸੰਗਰੂਰ ਤੋਂ ਵਿਧਾਇਕ ਵਿਜੈਇੰਦਰ ਸਿੰਗਲਾ ਅਤੇ ਜਲੰਧਰ ਛਾਉਣੀ ਤੋਂ ਵਿਧਾਇਕ ਪਰਗਟ ਸਿੰਘ ਦਾ ਨਾਂਅ ਸ਼ਾਮਿਲ ਸੀ। ਇਸ ਤੋਂ ਇਲਾਵਾ ਸੰਸਦ ਮੈਂਬਰ ਡਾ. ਅਮਰ ਸਿੰਘ, ਰਾਣਾ ਕੇ.ਪੀ. ਸਿੰਘ ਅਤੇ ਪ੍ਰਤਾਪ ਸਿੰਘ ਬਾਜਵਾ ਦਾ ਨਾਂਅ ਵੀ ਉਮੀਦਵਾਰਾਂ ਦੀ ਸੂਚੀ 'ਚ ਸ਼ਾਮਿਲ ਸੀ। ਹਲਕਿਆਂ ਮੁਤਾਬਿਕ ਅਮਰ ਸਿੰਘ ਨੇ ਉਮਰ ਦਾ ਹਵਾਲਾ ਦੇ ਕੇ ਆਪਣੇ-ਆਪ ਨੂੰ ਦੌੜ 'ਚੋਂ ਅਲਹਿਦਾ ਕਰ ਲਿਆ ਸੀ। ਬਾਜਵਾ ਪਹਿਲਾਂ ਤੋਂ ਹੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦੀ ਭੂਮਿਕਾ ਵਜੋਂ ਤਰਜੀਹੀ ਸੂਚੀ 'ਚ ਨਹੀਂ ਸੀ। ਹਲਕਿਆਂ ਅਨੁਸਾਰ ਅਸਲ ਮੁਕਾਬਲੇ ਦੇ ਦਾਅਵੇਦਾਰ ਸਿੰਗਲਾ ਅਤੇ ਪਰਗਟ ਸਿੰਘ 'ਚੋਂ ਰਾਹੁਲ ਗਾਂਧੀ ਦੀ ਪਸੰਦ ਸਿੰਗਲਾ ਸਨ। ਪਰ ਵੜਿੰਗ ਜੋ ਜੱਟ ਸਿੱਖ ਹਨ, ਨੂੰ ਹਟਾ ਕੇ ਹਿੰਦੂ ਚਿਹਰੇ ਨੂੰ ਇਹ ਜ਼ਿੰਮੇਵਾਰੀ



ਦੇਣ ਨੂੰ ਲੈ ਕੇ ਪਾਰਟੀ ਨੇਤਾਵਾਂ ਵਲੋਂ ਲੋੜੀਂਦਾ ਹੁੰਗਾਰਾ ਨਹੀਂ ਮਿਲਿਆ। ਇਸ ਤੋਂ ਇਲਾਵਾ ਭਾਜਪਾ ਵਲੋਂ ਹਾਲ ਹੀ 'ਚ ਜੱਟ ਸਿੱਖ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਪ੍ਰਦੇਸ਼ ਭਾਜਪਾ ਪ੍ਰਧਾਨ ਬਣਾਉਣ ਦੀ ਗੱਲ ਨੂੰ ਹਾਈਕਮਾਨ ਨੇ ਧਿਆਨ 'ਚ ਰੱਖਦਿਆਂ ਪਰਗਟ ਸਿੰਘ ਦੇ ਨਾਂਅ 'ਤੇ ਮੋਹਰ ਲਾਈ। ਹਲਕਿਆਂ ਮੁਤਾਬਿਕ ਪਰਗਟ ਸਿੰਘ ਦੇ ਨਾਂਅ 'ਤੇ ਮੋਹਰ ਲੱਗਣ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਦੋਵੇਂ ਧੜਿਆਂ (ਚੰਨੀ ਧੜੇ ਅਤੇ ਵੜਿੰਗ ਧੜੇ) ਨੂੰ ਪ੍ਰਧਾਨ ਵਜੋਂ ਪ੍ਰਵਾਨ ਸਨ। ਹਾਲਾਂਕਿ ਹੁਣ ਪਰਗਟ ਸਿੰਘ ਅੱਗੇ ਸੂਬੇ 'ਚ ਸੰਗਠਨ ਨੂੰ ਮਜ਼ਬੂਤ ਕਰਨ ਤੋਂ ਇਲਾਵਾ ਸਾਰੇ ਆਗੂਆਂ ਅਤੇ ਵਰਕਰਾਂ ਨੂੰ ਇਕਜੁੱਟ ਕਰਕੇ ਨਾਲ ਲੈ ਕੇ ਚੱਲਣਾ ਵੀ ਹੈ।

# ਕਾਂਗਰਸ ਦੇ ਨਵੇਂ ਕਪਤਾਨ ਦਾ ਜੋਸ਼, ਰਾਜਾ ਵੜਿੰਗ ਖ਼ਾਮੋਸ਼



ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਵਜੋਂ ਪਰਗਟ ਸਿੰਘ ਦੇ ਨਾਂ ਦੇ ਐਲਾਨ ਮਗਰੋਂ ਵੀ ਪਾਰਟੀ ਵਿਚਲਾ ਸਿਆਸੀ ਧੂੰਆਂ ਹਾਲੇ ਪੂਰੀ ਤਰ੍ਹਾਂ ਸ਼ਾਂਤ ਨਹੀਂ ਹੋਇਆ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਪਾਰਟੀ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਰਮਿਆਨ ਚੰਗਿਆੜੀ ਸੁਲਘ ਰਹੀ ਹੈ। ਸਾਬਕਾ ਪ੍ਰਧਾਨ ਵੜਿੰਗ ਨੇ ਆਪਣੇ ਅਸਤੀਫ਼ੇ ਮਗਰੋਂ ਕਿਹਾ ਸੀ ਕਿ ਜਿੱਤ ਚੰਨੀ ਦੀ ਹੋਈ ਹੈ। ਅੱਜ ਸਾਬਕਾ ਮੁੱਖ ਮੰਤਰੀ ਚੰਨੀ ਦੇ ਪੁੱਤਰ ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਪੋਸਟ 'ਗੁੱਡਾ-ਗੁੱਡੀ ਔਹ ਜਾਂਦੇ..' ਨੇ ਧੂੰਏਂ ਦੇ ਹਾਲੇ ਹੋਰ ਧੁਖਣ ਦੇ ਸੰਕੇਤ ਦਿੱਤੇ ਹਨ। ਦੱਸਣਯੋਗ ਹੈ ਕਿ ਚਰਨਜੀਤ ਚੰਨੀ ਤੇ ਵੜਿੰਗ ਧੜੇ 'ਚ ਪਿਛਲੇ ਕਈ ਮਹੀਨੇ ਚੱਲੇ ਟਕਰਾਅ ਵਿਚਾਲੇ ਪੰਜਾਬ ਕਾਂਗਰਸ ਦੇ ਤਤਕਾਲੀ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਸੀ ਕਿ ਪ੍ਰਧਾਨਗੀ ਨੂੰ ਬਦਲਣਾ ਕੋਈ ਗੁੱਡਾ-ਗੁੱਡੀ ਦਾ ਖੇਡ ਨਹੀਂ। ਬਾਅਦ 'ਚ ਕਾਂਗਰਸ ਨੇ ਪੰਜਾਬ ਇੰਚਾਰਜ ਬਘੇਲ ਨੂੰ ਹੀ ਬਦਲ ਦਿੱਤਾ ਅਤੇ ਬਾਅਦ 'ਚ ਰਾਜਾ ਵੜਿੰਗ ਦੀ ਛੁੱਟੀ ਕਰ ਦਿੱਤੀ। ਰਾਜਾ ਵੜਿੰਗ ਨੇ ਖ਼ੁਦ ਇੱਕ ਗੱਲਬਾਤ 'ਚ ਕਿਹਾ ਸੀ ਕਿ ਹੁਣ ਨਾ ਗੁੱਡਾ ਰਿਹਾ ਹੈ ਤੇ ਨਾ ਹੀ ਗੁੱਡੀ। ਚੰਨੀ ਦੇ ਪੁੱਤਰ ਦੀ ਤਾਜ਼ਾ ਪੋਸਟ ਵੀ ਇਸੇ ਸੰਦਰਭ 'ਚ ਜਾਪਦੀ ਹੈ। ਵੜਿੰਗ ਨੇੜਲੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਇਸ ਪੋਸਟ ਦਾ ਬੁਰਾ ਮਨਾਇਆ ਹੈ ਜਿਨ੍ਹਾਂ ਨੇ ਚੰਨੀ ਨੂੰ ਚੌਕਸ ਵੀ ਕੀਤਾ ਹੈ। ਅੱਜ ਇਸੇ ਦੌਰਾਨ ਕਾਂਗਰਸ ਦੇ ਨਵੇਂ ਪ੍ਰਧਾਨ ਪਰਗਟ ਸਿੰਘ ਨੇ ਆਪਣੀ ਨਵੀਂ ਸਿਆਸੀ ਪਾਰੀ ਦੀ ਸ਼ੁਰੂਆਤ ਤੋਂ ਪਹਿਲਾਂ ਸੀਨੀਅਰ ਕਾਂਗਰਸੀ ਆਗੂਆਂ ਤੋਂ ਦਿੱਲੀ 'ਚ ਆਸ਼ੀਰਵਾਦ ਲਿਆ। ਉਨ੍ਹਾਂ ਅੱਜ ਸੀਨੀਅਰ ਆਗੂਆਂ ਨਾਲ ਮੁਲਾਕਾਤ ਕਰ ਕੇ ਸੰਕੇਤਕ ਤੌਰ 'ਤੇ ਸਭ ਨੂੰ ਨਾਲ ਲੈ ਕੇ ਅੱਗੇ ਵਧਣ ਦਾ ਸੁਨੇਹਾ ਦਿੱਤਾ ਹੈ। ਦੂਸਰੀ ਤਰਫ਼ ਪੁਰਾਣੇ ਪ੍ਰਧਾਨ ਰਾਜਾ ਵੜਿੰਗ ਨੇ ਅੱਜ ਪੁਰਾਣੇ ਕਾਂਗਰਸ ਇੰਚਾਰਜ ਭੁਪੇਸ਼ ਬਘੇਲ ਨਾਲ ਮੁਲਾਕਾਤ ਕੀਤੀ। ਉਂਜ, ਹਾਲੇ ਤੱਕ ਨਵੇਂ ਪ੍ਰਧਾਨ ਪਰਗਟ ਸਿੰਘ ਅਤੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਮਿਲਣੀ ਦੀ ਕੋਈ ਪਹਿਲੀ ਤਸਵੀਰ ਸਾਹਮਣੇ ਨਹੀਂ ਆਈ। ਪਤਾ ਲੱਗਿਆ ਹੈ ਕਿ ਪਰਗਟ ਸਿੰਘ ਨੇ ਪੁਰਾਣੇ ਪ੍ਰਧਾਨ ਰਾਜਾ ਵੜਿੰਗ ਨੂੰ ਫੋਨ ਕਰਕੇ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਸੀ ਪਰ ਵੜਿੰਗ ਨੇ ਫ਼ਿਲਹਾਲ ਮਿਲਣੀ ਤੋਂ ਪਾਸਾ ਵੱਟਿਆ ਹੈ। ਰਾਜਾ ਵੜਿੰਗ ਨੇ ਅੱਜ ਭੂਪੇਸ਼ ਬਘੇਲ ਨਾਲ ਮਿਲਣੀ ਤੋਂ ਬਾਅਦ ਖ਼ੁਦ ਇਹ ਗੱਲ ਕਹੀ ਕਿ ਉਨ੍ਹਾਂ ਨੂੰ ਪਰਗਟ ਸਿੰਘ ਨੇ ਮਿਲਣ ਲਈ ਫੋਨ ਕੀਤਾ ਸੀ ਪਰ ਉਹ ਹਾਲੇ ਇੱਕ ਦੋ ਦਿਨ ਆਪਣੇ ਬੇਟੇ ਨੂੰ ਸਮਾਂ ਦੇਣਾ ਚਾਹੁੰਦੇ ਹਨ। ਪਤਾ ਲੱਗਿਆ ਹੈ ਕਿ ਰਾਜਾ ਵੜਿੰਗ ਨੇ ਨਵੇਂ ਪ੍ਰਧਾਨ ਪਰਗਟ ਸਿੰਘ ਨੂੰ ਫੋਨ ਕਰ ਕੇ ਵਧਾਈ ਜ਼ਰੂਰ ਦਿੱਤੀ ਹੈ। ਸੰਕੇਤਾਂ ਤੋਂ ਜਾਪਦਾ ਹੈ ਕਿ ਰਾਜਾ ਵੜਿੰਗ ਆਪਣੇ ਸਿਆਸੀ ਵਜੂਦ ਲਈ ਛੇਤੀ ਕਿਤੇ ਪਿਛਾਂਹ ਨਹੀਂ ਹਟਣਗੇ। ਅੱਜ ਨਵੇਂ ਪ੍ਰਧਾਨ ਪਰਗਟ ਸਿੰਘ ਨੇ ਮਰਹੂਮ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ ਨਾਲ ਮੁਲਾਕਾਤ ਕੀਤੀ। ਨਵੇਂ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਲਈ ਡਾ. ਮਨਮੋਹਨ ਸਿੰਘ ਦੀ ਸਾਦਗੀ, ਸਮਰਪਣ ਅਤੇ ਇਮਾਨਦਾਰੀ ਹਮੇਸ਼ਾ ਪ੍ਰੇਰਨਾ ਸਰੋਤ ਰਹੀ ਹੈ। ਪਰਗਟ ਸਿੰਘ ਨੇ ਅੱਜ ਪਾਰਟੀ ਦੀ ਸੀਨੀਅਰ ਨੇਤਾ ਅੰਬਿਕਾ ਸੋਨੀ ਤੇ ਕੇ ਸੀ ਵੇਣੂਗੋਪਾਲ ਨਾਲ ਵੀ ਮੁਲਾਕਾਤ ਕੀਤੀ।

# ਨਵੀਂ ਦਿੱਲੀ 'ਚ ਰਾਹੁਲ ਗਾਂਧੀ ਨਾਲ ਮੁਲਾਕਾਤ ਮਗਰੋਂ ਗੁਰਦੁਆਰਾ ਬੰਗਲਾ ਸਾਹਿਬ ਨਤਮਸਤਕ ਹੋਏ ਰਾਜਾ ਵੜਿੰਗ

## 'ਜੋ ਹੋਇਆ ਚੰਗੇ ਲਈ ਹੋਇਆ; ਸ਼ੁਕਰਾਨਾ ਕਰਨ ਆਇਆ ਹਾਂ'; ਪਾਇਲਟ ਤੇ ਚੰਨੀ ਬਾਰੇ ਦਿੱਤੇ ਬੇਬਾਕ ਜਵਾਬ

ਨਵੀਂ ਦਿੱਲੀ : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (PPCC) ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਅਹਿਮ ਮੁਲਾਕਾਤ ਤੋਂ ਬਾਅਦ ਆਪਣੀ ਧਰਮਪਤਨੀ ਸਮੇਤ ਨਵੀਂ ਦਿੱਲੀ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਮੱਥਾ ਟੇਕਿਆ। ਪੰਜਾਬ ਕਾਂਗਰਸ ਦੀ ਪ੍ਰਧਾਨਗੀ ਅਤੇ ਲੀਡਰਸ਼ਿਪ ਵਿੱਚ ਵੱਡੇ ਫੇਰਬਦਲ ਦੀਆਂ ਚੱਲ ਰਹੀਆਂ ਅਟਕਲਾਂ ਅਤੇ ਸੋਸ਼ਲ ਮੀਡੀਆ ਬਾਇਓ ਬਦਲਣ ਦੇ ਚਰਚਿਆਂ ਦਰਮਿਆਨ ਉਨ੍ਹਾਂ ਮੀਡੀਆ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ।




ਰਾਜਾ ਵੜਿੰਗ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਪੰਜਾਬ ਦੇ ਸਿਆਸੀ ਹਾਲਾਤਾਂ ਬਾਰੇ ਜਾਣਕਾਰੀ ਲਈ ਅਤੇ ਉਨ੍ਹਾਂ ਨੂੰ ਬਹੁਤ ਪਿਆਰ ਤੇ ਸਨੇਹ ਦਿੱਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕਿਸੇ ਨਰਾਜ਼ਗੀ ਕਾਰਨ ਨਹੀਂ ਬਲਕਿ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਸ਼ੁਕਰਾਨਾ ਕਰਨ ਆਏ ਹਨ।

ਸਿਆਸੀ ਘਟਨਾਕ੍ਰਮ ਅਤੇ ਮੁੱਖ ਨੁਕਤੇ

ਵਿਸ਼ਾ / ਪਹਿਲੂ : ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਪ੍ਰਤੀਕਰਮ

ਹਾਈਕਮਾਂਡ ਨਾਲ ਮੁਲਾਕਾਤ : ਰਾਹੁਲ ਗਾਂਧੀ ਨਾਲ ਵਿਸਥਾਰਪੂਰਵਕ ਮੁਲਾਕਾਤ ਹੋਈ; ਪੰਜਾਬ ਬਾਰੇ ਸਾਰੀ ਸਥਿਤੀ ਸਪੱਸ਼ਟ ਕੀਤੀ ਗਈ।

ਗੁਰਦੁਆਰਾ ਸਾਹਿਬ ਨਤਮਸਤਕ : 'ਸਿੱਖ ਦੇ ਘਰ ਖ਼ੁਸ਼ੀ ਆਵੇ ਜਾਂ ਕੋਈ ਔਖਾ ਵੇਲਾ, ਅਸੀਂ ਗੁਰੂ ਦੇ ਚਰਨਾਂ ਵਿੱਚ ਹੀ ਓਟ-ਆਸਰਾ ਲੈਂਦੇ ਹਾਂ; ਦੁੱਖ ਵੇਲੇ ਅਰਦਾਸ ਤੇ ਸੁੱਖ ਵੇਲੇ ਸ਼ੁਕਰਾਨਾ।'

ਕਾਰਜਕਾਲ 'ਤੇ ਤਸੱਲੀਕੈਬਨਿਟ : ਮੰਤਰੀ ਵਜੋਂ 111 ਦਿਨ ਅਤੇ ਪੰਜਾਬ ਕਾਂਗਰਸ ਪ੍ਰਧਾਨ ਵਜੋਂ ਲਗਭਗ ਸਾਢੇ ਚਾਰ ਸਾਲ ਦਾ ਕਾਰਜਕਾਲ ਯਾਦਗਾਰੀ ਰਿਹਾ; ਪਾਰਟੀ ਹਾਈਕਮਾਂਡ ਦਾ ਹਰ ਹੁਕਮ ਸਿਰ-ਮੱਥੇ।

ਨਵੇਂ ਇੰਚਾਰਜ ਸਚਿਨ ਪਾਇਲਟ ਬਾਰੇ

ਪਾਇਲਟ ਸਾਹਿਬ ਨਾਲ 20-22 ਸਾਲ ਪੁਰਾਣਾ ਸਬੰਧ ਹੈ; ਸ਼ਾਇਦ ਨਵੇਂ ਇੰਚਾਰਜ ਵਜੋਂ ਉਨ੍ਹਾਂ ਨੂੰ ਲੱਗਿਆ ਹੋਵੇਗਾ ਕਿ ਕੋਈ ਬਦਲਾਅ ਕਰਨਾ ਚਾਹੀਦਾ ਹੈ। ਪ੍ਰਧਾਨਗੀ ਬਦਲਣ ਨੂੰ ਲੈ ਕੇ ਉਨ੍ਹਾਂ ਨਾਲ ਕੋਈ ਚਰਚਾ ਨਹੀਂ ਹੋਈ।

**ਚਰਨਜੀਤ ਚੰਨੀ ਧੜੇ ਦਾ ਦਬਾਅ**

'ਸਿਆਸਤ ਵਿੱਚ ਉਤਰਾਅ-ਚੜ੍ਹਾਅ, ਦਬਾਅ ਦੀਆਂ ਚਾਲਾਂ (Pressure Tactics) ਸਭ ਚੱਲਦਾ ਰਹਿੰਦਾ ਹੈ; ਕੋਈ ਉੱਪਰ ਜਾਂਦਾ ਹੈ, ਕੋਈ ਹੇਠਾਂ। ਮੇਰਾ ਕਿਸੇ ਨਾਲ ਕੋਈ ਝਗੜਾ ਨਹੀਂ।'

ਨਵੇਂ ਪ੍ਰਧਾਨ ਨੂੰ ਲੈ ਕੇ ਰੁਖ਼

ਵਿਜੇਇੰਦਰ ਸਿੰਗਲਾ ਜਾਂ ਕੋਈ ਵੀ ਨਵਾਂ ਪ੍ਰਧਾਨ ਬਣੇ, ਉਹ ਹਰ ਕਿਸੇ ਨੂੰ ਵਧਾਈ ਦੇਣਗੇ ਅਤੇ ਪਾਰਟੀ ਦੇ ਵਫ਼ਾਦਾਰ ਸਿਪਾਹੀ ਵਜੋਂ ਕੰਮ ਕਰਦੇ ਰਹਿਣਗੇ।

'ਪਾਰਟੀ ਨੇ ਜੋ ਦਿੱਤਾ, ਉਸ ਦਾ ਸ਼ੁਕਰਾਨਾ; ਹਾਈਕਮਾਂਡ ਦਾ ਹੁਕਮ ਸਿਰ-ਮੱਥੇ'

ਮੰਤਰੀ ਅਤੇ ਪ੍ਰਧਾਨ ਵਜੋਂ ਮਿਲੇ ਕਾਰਜਕਾਲ ਬਾਰੇ ਪੁੱਛੇ ਜਾਣ 'ਤੇ ਰਾਜਾ ਵੜਿੰਗ ਨੇ ਕਿਹਾ ਕਿ ਸਮਾਂ ਛੋਟਾ ਹੋਵੇ ਜਾਂ ਲੰਮਾ, ਕੰਮ ਅਜਿਹਾ ਹੋਣਾ ਚਾਹੀਦਾ ਹੈ ਜਿਸ ਨੂੰ ਲੋਕ ਯਾਦ ਰੱਖਣ। ਉਨ੍ਹਾਂ ਕਿਹਾ: 'ਮੈਨੂੰ ਕੈਬਨਿਟ ਮੰਤਰੀ ਵਜੋਂ 111 ਦਿਨ ਮਿਲੇ ਅਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਵਜੋਂ ਕਰੀਬ ਸਾਢੇ ਚਾਰ ਸਾਲ ਦੀ ਸੇਵਾ ਦਾ ਮੌਕਾ ਮਿਲਿਆ। ਬਤੌਰ ਇਨਸਾਨ ਮਨ ਵਿੱਚ ਕੁਝ ਸਮੇਂ ਲਈ ਸਵਾਲ ਜ਼ਰੂਰ ਆਉਂਦੇ ਹਨ, ਪਰ ਆਖ਼ਰਕਾਰ ਸਾਡੇ ਕੋਲ ਅਰਦਾਸ ਦਾ ਹੀ ਸਹਾਰਾ ਹੁੰਦਾ ਹੈ। ਪਾਰਟੀ ਨੇ ਮੈਨੂੰ ਬਲਾਕ ਪੱਧਰ ਤੋਂ ਚੁੱਕ ਕੇ ਇੱਥੋਂ ਤੱਕ ਪਹੁੰਚਾਇਆ ਹੈ, ਇਸ ਲਈ ਜੋ ਹਾਈਕਮਾਂਡ ਤੈਅ ਕਰੇਗੀ, ਉਹ ਮੈਨੂੰ ਪੂਰੀ ਤਰ੍ਹਾਂ ਪ੍ਰਵਾਨ ਹੈ।'

ਸਚਿਨ ਪਾਇਲਟ ਅਤੇ ਸੁਣਵਾਈ ਨਾ ਹੋਣ ਦੇ ਸਵਾਲ 'ਤੇ ਬੇਬਾਕੀ

ਨਵੇਂ ਸੂਬਾ ਇੰਚਾਰਜ ਸਚਿਨ ਪਾਇਲਟ ਨਾਲ ਗੱਲਬਾਤ ਅਤੇ ਸੁਣਵਾਈ ਨਾ ਹੋਣ ਦੇ ਸਵਾਲਾਂ 'ਤੇ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਉੱਪਰ ਕੋਈ ਮੁਕੱਦਮਾ ਨਹੀਂ ਚੱਲ ਰਿਹਾ ਸੀ ਜਿਸ ਦੀ ਸੁਣਵਾਈ ਹੋਣੀ ਸੀ। ਉਨ੍ਹਾਂ ਦੱਸਿਆ ਕਿ ਪਾਇਲਟ ਸਾਹਿਬ ਦੇ ਅਹੁਦਾ ਸੰਭਾਲਣ ਵੇਲੇ ਉਨ੍ਹਾਂ ਨੂੰ ਜਨਮਦਿਨ ਦੀ ਮੁਬਾਰਕਬਾਦ ਦਿੱਤੀ ਸੀ, ਉਸ ਤੋਂ ਬਾਅਦ ਚੰਡੀਗੜ੍ਹ ਵਿਖੇ ਇੱਕ ਪ੍ਰਦਰਸ਼ਨ ਦੌਰਾਨ ਹੀ ਸੰਖੇਪ ਮੁਲਾਕਾਤ ਹੋਈ ਸੀ। ਉਨ੍ਹਾਂ ਕਿਹਾ ਕਿ ਜੇਕਰ ਜਨਰਲ ਸਕੱਤਰ ਤੇ ਇੰਚਾਰਜ ਨੂੰ ਲੱਗਦਾ ਹੈ ਕਿ ਬਦਲਾਅ ਦੀ ਲੋੜ ਹੈ ਤਾਂ ਇਹ ਉਨ੍ਹਾਂ ਦਾ ਅਧਿਕਾਰ ਖੇਤਰ ਹੈ।

ਸਾਬਕਾ ਮੁੱਖ ਮੰਤਰੀ ਚੰਨੀ ਅਤੇ ਵਿਰੋਧੀਆਂ ਬਾਰੇ ਰੁਖ਼

ਪਾਰਟੀ ਅੰਦਰ ਚਰਨਜੀਤ ਸਿੰਘ ਚੰਨੀ ਵੱਲੋਂ ਦਬਾਅ ਬਣਾ ਕੇ ਲੀਡਰਸ਼ਿਪ ਬਦਲਵਾਉਣ ਦੇ ਸਵਾਲ 'ਤੇ ਰਾਜਾ ਵੜਿੰਗ ਨੇ ਕਿਸੇ ਵਿਵਾਦ ਵਿੱਚ ਪੈਣ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਸਿਆਸਤ ਵਿੱਚ ਇਹ ਸਭ ਆਮ ਗੱਲਾਂ ਹਨ। ਉਨ੍ਹਾਂ ਕਿਹਾ ਕਿ ਸਾਰੇ ਆਗੂ ਉਨ੍ਹਾਂ ਲਈ ਸਤਿਕਾਰਯੋਗ ਹਨ। ਉਨ੍ਹਾਂ ਜੋ ਵੀ ਗੱਲ ਰੱਖਣੀ ਸੀ, ਉਹ ਸਿੱਧੀ ਰਾਹੁਲ ਗਾਂਧੀ ਦੇ ਧਿਆਨ ਵਿੱਚ ਲਿਆ ਦਿੱਤੀ ਹੈ ਅਤੇ ਹੁਣ ਫ਼ੈਸਲਾ ਹਾਈਕਮਾਂਡ ਦੇ ਹੱਥ ਹੈ।

# ਚਰਨਜੀਤ ਸਿੰਘ ਚੰਨੀ ਮੁੜ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਦੇ ਚੇਅਰਮੈਨ ਨਿਯੁਕਤ

## ਸ਼ਸ਼ੀ ਥਰੂਰ ਕੋਲ ਰਹੇਗੀ ਵਿਦੇਸ਼ੀ ਮਾਮਲਿਆਂ ਦੀ ਕਮਾਨ

ਨਵੀਂ ਦਿੱਲੀ : ਸੰਸਦ ਦੀਆਂ ਅਹਿਮ ਸਟੈਂਡਿੰਗ ਕਮੇਟੀਆਂ ਦੇ ਪੁਨਰਗਠਨ ਦੌਰਾਨ ਕਾਂਗਰਸ ਦੇ ਪ੍ਰਮੁੱਖ ਆਗੂਆਂ ਨੂੰ ਮੁੜ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਜਲੰਧਰ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੁੜ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੇ ਅੱਜ ਹਾਊਸ ਨਾਲ ਸਬੰਧਤ ਸੰਸਦੀ ਸਟੈਂਡਿੰਗ ਕਮੇਟੀਆਂ ਦੇ ਪੁਨਰਗਠਨ ਦਾ ਐਲਾਨ ਕੀਤਾ।



ਇਸੇ ਤਰ੍ਹਾਂ ਤਿਰੂਵਨੰਤਪੁਰਮ ਤੋਂ ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਨੂੰ ਵਿਦੇਸ਼ੀ ਮਾਮਲਿਆਂ ਬਾਰੇ ਅਹਿਮ ਸੰਸਦੀ ਕਮੇਟੀ ਦਾ ਪ੍ਰਧਾਨ ਬਣਾਏ ਰੱਖਿਆ ਗਿਆ ਹੈ। ਸੀਨੀਅਰ ਆਗੂ ਮੁਕੁਲ ਵਾਸਨਿਕ ਔਰਤਾਂ, ਬੱਚਿਆਂ ਅਤੇ ਸਿੱਖਿਆ ਬਾਰੇ ਕਮੇਟੀ ਦੇ ਮੁਖੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ। ਦੂਜੇ ਪਾਸੇ, ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਵਿਦੇਸ਼ੀ ਮਾਮਲਿਆਂ ਦੀ ਕਮੇਟੀ ਦਾ ਮੈਂਬਰ ਅਤੇ ਸਵਾਤੀ ਮਾਲੀਵਾਲ ਨੂੰ ਸਿੱਖਿਆ ਕਮੇਟੀ 'ਚ ਸ਼ਾਮਲ ਕੀਤਾ ਗਿਆ ਹੈ। ਕਮੇਟੀਆਂ ਦੇ ਫੇਰਬਦਲ ਵਿੱਚ ਕੁਝ ਪ੍ਰਮੁੱਖ ਚਿਹਰਿਆਂ ਨੂੰ ਹਟਾਇਆ ਵੀ ਗਿਆ ਹੈ। ਤ੍ਰਿਣਮੂਲ ਕਾਂਗਰਸ (TMC) ਦੀ ਡੋਲਾ ਸੇਨ ਦੀ ਥਾਂ ਭਾਜਪਾ ਦੇ ਸੁਧਾਂਸ਼ੂ ਤ੍ਰਿਵੇਦੀ ਨੂੰ ਵਪਾਰ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। ਟੀ.ਐੱਮ.ਸੀ. ਦੀ ਬਾਗੀ ਨੇਤਾ ਕਾਕੋਲੀ ਘੋਸ਼ ਨੂੰ ਕੀਰਤੀ ਆਜ਼ਾਦ ਦੀ ਥਾਂ ਰਸਾਇਣ ਅਤੇ ਖਾਦ ਕਮੇਟੀ ਦੀ ਕਮਾਨ ਸੌਂਪੀ ਗਈ ਹੈ। ਡੀ.ਐੱਮ.ਕੇ. ਦੇ ਤਿਰੂਚੀ ਸਿਵਾ ਅਤੇ ਕੇ. ਕਨੀਮੋਜ਼ੀ ਵੀ ਦੋ ਵੱਖ-ਵੱਖ ਕਮੇਟੀਆਂ ਦੀ ਅਗਵਾਈ ਕਰਨਗੇ। ਸੱਤਾਧਾਰੀ ਐੱਨ.ਡੀ.ਏ. (NDA) ਦੇ ਭਾਈਵਾਲਾਂ ਅਤੇ ਭਾਜਪਾ ਆਗੂਆਂ ਨੇ ਵੀ ਆਪਣਾ ਦਬਦਬਾ ਬਣਾਏ ਰੱਖਿਆ ਹੈ। ਰੱਖਿਆ ਕਮੇਟੀ ਦੀ ਅਗਵਾਈ ਰਾਧਾ ਮੋਹਨ ਸਿੰਘ, ਗ੍ਰਹਿ ਮਾਮਲਿਆਂ ਦੀ ਰਾਧਾ ਮੋਹਨ ਦਾਸ ਅਗਰਵਾਲ, ਆਈ.ਟੀ. ਦੀ ਨਿਸ਼ੀਕਾਂਤ ਦੂਬੇ, ਕੋਲਾ ਤੇ ਖਾਣਾਂ ਦੀ ਅਨੁਰਾਗ ਠਾਕੁਰ ਅਤੇ ਜਲ ਸਰੋਤ ਕਮੇਟੀ ਦੀ ਅਗਵਾਈ ਰਾਜੀਵ ਪ੍ਰਤਾਪ ਕਰਨਗੇ।

# ਰਾਜਸਥਾਨ ਪੁਲਸ ਦੀ ਗੁਰੂ ਘਰ ਅੰਦਰ ਕਾਰਵਾਈ ਨੇ ਸਿੱਖ ਭਾਵਨਾ ਨੂੰ ਮਾਰੀ ਸੱਟ: ਜਥੇਦਾਰ ਗੜਗੱਜ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਰਾਜਸਥਾਨ ਦੇ ਸ੍ਰੀ ਗੰਗਾਨਗਰ ਵਿਖੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਅੰਦਰ ਰਾਜਸਥਾਨ ਪੁਲਸ ਵੱਲੋਂ ਕੀਤੀ ਗਈ ਕਾਰਵਾਈ ਨਾਲ ਗੁਰੂ ਘਰ ਦੇ ਅਦਬ ਸਤਿਕਾਰ ਅਤੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਵੱਲੋਂ ਗੁਰਦੁਆਰਾ ਸਾਹਿਬ ਦੇ ਲੰਗਰ ਵਿੱਚ ਰਸਦਾਂ ਖੰਡਾਈਆਂ ਗਈਆਂ, ਗੁਰੂ ਘਰ ਦੀ ਹਦੂਦ ਅੰਦਰ ਤੋੜਭੰਨ ਕਰਦਿਆਂ ਕੌਮੀ ਸ਼ਹੀਦ ਤੇ ਹੋਰ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਵਾਲੇ ਪੋਸਟਰ ਵੀ ਪਾੜੇ ਗਏ ਹਨ। ਪੁਲਸ ਵੱਲੋਂ ਸਥਾਨਕ ਸਿੱਖ ਆਗੂ ਤੇਜਿੰਦਰਪਾਲ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਵਰਤਾਰਾ ਹੈ ਅਤੇ ਇਸ ਘਟਨਾ ਪਿੱਛੇ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।



ਉਨ੍ਹਾਂ ਕਿਹਾ ਕਿ ਜੇਕਰ ਪੁਲਸ ਦਾ ਕੋਈ ਮਸਲਾ ਸੀ ਤਾਂ ਉਸ ਵਾਸਤੇ ਮਰਯਾਦਾ ਅਨੁਸਾਰ ਤੇ ਕਾਨੂੰਨੀ ਚਾਰਾਜੋਈ ਰਾਹੀਂ ਕਾਰਜ ਕਰਨਾ ਚਾਹੀਦੀ ਸੀ ਨਾ ਕਿ ਸਿੱਖ ਧਾਰਮਿਕ ਅਸਥਾਨ ਅੰਦਰ ਇਸ ਤਰ੍ਹਾਂ ਦਾਖਲ ਹੋ ਕੇ ਤੋੜਭੰਨ ਕਰਨੀ ਸੀ। ਉਨ੍ਹਾਂ ਰਾਜਸਥਾਨ ਦੇ ਮੁੱਖ ਮੰਤਰੀ ਨੂੰ ਭਾਈ ਤੇਜਿੰਦਰਪਾਲ ਸਿੰਘ ਦੀ ਗ੍ਰਿਫ਼ਤਾਰੀ ਤੇ ਗੁਰਦੁਆਰਾ ਸਾਹਿਬ ਅੰਦਰ ਵਾਪਰੀ ਪੂਰੀ ਘਟਨਾ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਗੁਰੂ ਘਰ ਅੰਦਰ ਤੋੜਭੰਨ ਕਰਨ ਵਾਲੇ ਦੋਸ਼ੀ ਪੁਲਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਸਿੱਖਾਂ ਵੱਲੋਂ ਕਿਸੇ ਵੀ ਸਿੱਖ ਆਗੂ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਰਕਾਰ ਨੂੰ ਭਾਈ ਤੇਜਿੰਦਰਪਾਲ ਸਿੰਘ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਦੀ ਅਗਵਾਈ ਵਿੱਚ ਇੱਕ ਸਿੱਖ ਵਫ਼ਦ ਸ੍ਰੀ ਗੰਗਾਨਗਰ ਵਿਖੇ ਘਟਨਾ ਵਾਲੀ ਥਾਂ ਦਾ ਜਾਇਜ਼ਾ ਲੈ ਕੇ ਆਇਆ ਹੈ, ਜਿਸ ਤੋਂ ਸਾਹਮਣੇ ਆਇਆ ਹੈ ਕਿ ਰਾਜਸਥਾਨ ਪੁਲਸ ਵੱਲੋਂ ਬਹੁਤ ਹੀ ਗੈਰ-ਮਰਯਾਦਾ ਵਾਲੀ ਕਾਰਵਾਈ ਕੀਤੀ ਗਈ ਹੈ।

# ਰਾਜਸਥਾਨ ਪੁਲਸ ਦੀ ਕਾਰਵਾਈ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ : ਐਡਵੋਕੇਟ ਧਾਮੀ

ਅੰਮ੍ਰਿਤਸਰ/ਟਾਂਡਾ ਉੜਮੁੜ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਗੰਗਾਨਗਰ ਸਥਿਤ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਖੇ ਰਾਜਸਥਾਨ ਪੁਲਸ ਵੱਲੋਂ ਗੁਰੂ ਕੇ ਲੰਗਰਾਂ ਦੀ ਬੇਅਦਬੀ ਕਰਨ, ਕੌਮ ਦੇ ਸ਼ਹੀਦ, ਹੋਰ ਸ਼ਹੀਦ ਸਿੰਘਾਂ ਦੇ ਪੋਸਟਰ ਪਾੜਨ ਅਤੇ ਸਿੱਖ ਆਗੂ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਨੂੰ ਗ੍ਰਿਫਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਗੁਰੂ ਕੇ ਲੰਗਰਾਂ ਵਿੱਚ ਇਸ ਤਰ੍ਹਾਂ ਦਾ ਵਿਵਹਾਰ ਕਰਨਾ ਅਤੇ ਸਿੱਖ ਸ਼ਹੀਦਾਂ ਨਾਲ ਸਬੰਧਤ ਪੋਸਟਰਾਂ ਨੂੰ ਪਾੜਨਾ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਾਰਵਾਈ ਹੈ।



ਉਨ੍ਹਾਂ ਕਿਹਾ ਕਿ ਕਿਸੇ ਵੀ ਮਸਲੇ ਨੂੰ ਹੱਲ ਕਰਨ ਲਈ ਕਾਨੂੰਨੀ ਅਤੇ ਸੰਵਿਧਾਨਕ ਤਰੀਕੇ ਮੌਜੂਦ ਹਨ, ਪਰ ਧਾਰਮਿਕ ਸਥਾਨ 'ਤੇ ਪੁਲਿਸ ਦੀ ਅਜਿਹੀ ਕਾਰਵਾਈ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਠਹਿਰਾਈ ਜਾ ਸਕਦੀ। ਉਨ੍ਹਾਂ ਕਿਹਾ ਕਿ ਰਾਜਸਥਾਨ ਦੇ ਸਿੱਖ ਆਗੂ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਲੰਮੇ ਸਮੇਂ ਤੋਂ ਸਿੱਖ ਮਸਲਿਆਂ ਸਬੰਧੀ ਆਵਾਜ਼ ਉਠਾਉਂਦੇ ਆ ਰਹੇ ਹਨ ਅਤੇ ਉਨ੍ਹਾਂ ਨੂੰ ਕਥਿਤ ਤੌਰ 'ਤੇ ਝੂਠੇ ਕੇਸ ਵਿੱਚ ਗ੍ਰਿਫਤਾਰ ਕਰਨਾ ਸਿੱਖਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਪੁਲਿਸ ਦੀ ਇਹ ਕਾਰਵਾਈ ਸਿੱਖਾਂ ਪ੍ਰਤੀ ਧੱਕੇਸ਼ਾਹੀ ਅਤੇ ਪੱਖਪਾਤੀ ਰਵੱਈਏ ਦਾ ਪ੍ਰਗਟਾਵਾ ਹੈ। ਐਡਵੋਕੇਟ ਧਾਮੀ ਨੇ ਰਾਜਸਥਾਨ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਗੰਗਾਨਗਰ ਦੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਖੇ ਵਾਪਰੀ ਪੂਰੀ ਘਟਨਾ ਦੀ ਨਿਰਪੱਖ ਜਾਂਚ ਕਰਵਾਈ ਜਾਵੇ, ਗੁਰਦੁਆਰਾ ਸਾਹਿਬ ਦੀ ਮਰਯਾਦਾ ਅਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਵਿਰੁੱਧ ਦਰਜ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਸਿਟ ਅੱਗੇ ਪੇਸ਼ ਨਹੀਂ ਹੋਏ ਮਜੀਠੀਆ ਤੇ ਭੋਲਾ

ਪਟਿਆਲਾ : ਕਰੀਬ 6,000 ਕਰੋੜ ਰੁਪਏ ਦੇ ਕਥਿਤ ਡਰੱਗ ਮਾਮਲੇ 'ਚ ਸਾਬਕਾ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਤੇ ਜਗਦੀਸ਼ ਸਿੰਘ ਭੋਲਾ ਵਿਸ਼ੇਸ਼ ਜਾਂਚ ਟੀਮ (ਸਿੱਟ) ਅੱਗੇ ਪੇਸ਼ ਨਹੀਂ ਹੋਏ। ਹਾਲਾਂਕਿ ਮਜੀਠੀਆ ਦੀ ਕਾਨੂੰਨੀ ਟੀਮ ਨੇ 'ਸਿੱਟ' ਕੋਲ ਪਹੁੰਚ ਕਰਕੇ ਮਜੀਠੀਆ ਦੇ ਨਾ ਆਉਣ ਸੰਬੰਧੀ ਦੱਸਿਆ ਹੈ, ਪਰ ਭੋਲਾ ਦੇ 'ਸਿੱਟ' ਸਾਹਮਣੇ ਪੇਸ਼ ਹੋਣ ਸੰਬੰਧੀ ਕੁਝ ਸਪੱਸ਼ਟ ਨਹੀਂ ਹੋ ਸਕਿਆ। ਇਸ ਕੇਸ ਨੂੰ 5 ਸਾਲ ਦੇ ਕਰੀਬ ਸਮਾਂ ਹੋਣ ਦੇ ਬਾਵਜੂਦ ਵੀ ਹਾਲੇ ਤੱਕ ਅਦਾਲਤ 'ਚ ਸ. ਮਜੀਠੀਆ ਖ਼ਿਲਾਫ਼ 'ਸਿੱਟ' ਵਲੋਂ ਕੋਈ ਪੁਖ਼ਤਾ ਸਬੂਤ ਪੇਸ਼ ਨਹੀਂ ਕੀਤੇ ਗਏ। ਸੂਤਰਾਂ ਵਲੋਂ ਦੱਸਿਆ ਜਾ ਰਿਹਾ ਹੈ ਕਿ ਜੇਕਰ ਮਜੀਠੀਆ ਤੇ ਭੋਲਾ ਅੱਜ 'ਸਿੱਟ' ਸਾਹਮਣੇ ਪੇਸ਼ ਹੁੰਦੇ ਤਾਂ ਉਨ੍ਹਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਸਵਾਲ-ਜਵਾਬ ਕੀਤੇ ਜਾਣ ਦੀ ਸੰਭਾਵਨਾ ਸੀ। ਇਸੇ ਦੌਰਾਨ ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ.





ਮਜੀਠੀਆ ਨੂੰ 'ਸਿੱਟ' ਵਲੋਂ ਨੋਟਿਸ ਭੇਜ ਕੇ ਸੱਦਣਾ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਕੇਸ ਦੀ ਪੜਤਾਲ ਮਾਰਚ 2025 'ਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਸੀ। ਐਡ. ਕਲੇਰ ਨੇ ਕਿਹਾ ਕਿ ਸ. ਮਜੀਠੀਆ ਪਟਿਆਲਾ ਵਿਖੇ 'ਸਿੱਟ' ਸਾਹਮਣੇ ਪੇਸ਼ ਵੀ ਹੋਏ ਸੀ, ਪਰ ਫਿਰ ਵੀ ਅਫ਼ਸਰਾਂ ਵਲੋਂ ਉਨ੍ਹਾਂ ਨੂੰ ਨੋਟਿਸ ਭੇਜ ਕੇ ਬੁਲਾਉਣਾ ਸਿੱਧੇ ਤੌਰ 'ਤੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੈ।

# ਭਾਜਪਾ ਐਮ.ਪੀ. ਰਾਮਵੀਰ ਸਿੰਘ ਬਿਧੂੜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਕੀਤੀ ਖਿਮਾ ਜਾਚਨਾ

## ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਘਰ ਅਫ਼ਸੋਸ ਲਈ ਜਾਣ 'ਤੇ ਮੰਗੀ ਮੁਆਫ਼ੀ

ਅੰਮ੍ਰਿਤਸਰ : ਦਿੱਲੀ ਤੋਂ ਭਾਜਪਾ ਦੇ ਸਾਂਸਦ ਰਾਮਵੀਰ ਸਿੰਘ ਬਿਧੂੜੀ ਜੋ ਬੀਤੇ ਦਿਨੀਂ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਦੇ ਘਰ ਅਫ਼ਸੋਸ ਲਈ ਗਏ ਸਨ ਉਹ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖਿਮਾ ਜਾਚਨਾ ਕਰਨ ਪੁੱਜੇ। ਇਸ ਤੋਂ ਪਹਿਲਾਂ ਬਿਧੂੜੀ ਵੱਲੋਂ 5 ਸਤੰਬਰ 2026 ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਰੂਪ ਵਿੱਚ ਖਿਮਾ ਜਾਚਨਾ ਭੇਜੀ ਗਈ ਸੀ। ਅੱਜ ਸ੍ਰੀ ਬਿਧੂੜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਰੂਪ ਵਿੱਚ ਨਤਮਸਤਕ ਹੋ ਕੇ ਗੁਰੂ ਸਾਹਿਬ ਪਾਸੋਂ ਖਿਮਾ ਜਾਚਨਾ ਕੀਤੀ ਹੈ। ਉਪਰੰਤ ਉਹ ਸਕੱਤਰੇਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਮਿਲੇ ਤੇ ਆਪਣਾ ਖਿਮਾ ਜਾਚਨਾ ਪੱਤਰ ਸੌਂਪਿਆ ਤੇ ਪੱਖ ਰੱਖਿਆ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਸਾਂਸਦ ਰਾਮਵੀਰ ਸਿੰਘ ਬਿਧੂੜੀ ਨੇ ਆਪਣੀ ਗਲਤੀ ਦਾ ਅਹਿਸਾਸ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਖਿਮਾ ਜਾਚਨਾ ਕੀਤੀ ਹੈ।



ਆਪਣੀ ਖਿਮਾ ਜਾਚਨਾ ਵਿੱਚ ਬਿਧੂੜੀ ਨੇ ਕਿਹਾ ਕਿ ਉਹ ਹਮੇਸ਼ਾ ਸੱਜਣ ਕੁਮਾਰ ਦੇ ਵਿਰੋਧ ਵਿੱਚ ਸਿੱਖ ਕਤਲੇਆਮ ਦੇ ਦੋਸ਼ੀ ਹੋਣ ਕਰਕੇ ਬੋਲਦੇ ਰਹੇ ਹਨ । ਉਨ੍ਹਾਂ ਮੰਨਿਆ ਕਿ ਅਜਿਹੇ ਬੰਦੇ ਦੇ ਅਫ਼ਸੋਸ ਉੱਤੇ ਜਾਣਾ ਵੀ ਪਾਪ ਹੈ ਜਿਸ ਨੇ ਸਿੱਖ ਕਤਲੇਆਮ ਵਿੱਚ ਹਿੱਸਾ ਪਾਇਆ ਹੋਵੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਹੋਰ ਵੀ ਕਈ ਸਿਆਸੀ ਆਗੂ ਖ਼ਾਸਕਰ ਕਾਂਗਰਸ ਪਾਰਟੀ ਨਾਲ ਸਬੰਧਤ ਉੱਥੇ ਗਏ ਸਨ, ਉਨ੍ਹਾਂ ਨੂੰ ਵੀ ਬਿਧੂੜੀ ਦੀ ਖਿਮਾ ਜਾਚਨਾ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਸਿੱਖ ਕੌਮ ਪਾਸੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਮੌਕੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੀ ਹਾਜ਼ਰ ਰਹੇ।

# ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੀਤੀ ਅਰਦਾਸ, ਦਿੱਲੀ ਕਮੇਟੀ ਨੇ ਮਨਾਇਆ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ

ਅੰਮ੍ਰਿਤਸਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ ਪੂਰਨ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ। ਇਸ ਸਬੰਧੀ ਕਮੇਟੀ ਦੇ ਅਧੀਨ ਵੱਖ-ਵੱਖ ਗੁਰੂ ਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਗਏ ਤੇ ਮੁੱਖ ਸਮਾਗਮ ਗੁਰਦੁਆਰਾ ਨਾਨਕ ਪਿਆਊ ਸਾਹਿਬ ਵਿਖੇ ਹੋਇਆ ਜਿਥੇ ਗੁਰਮਤਿ ਦੀਵਾਨ ਦੌਰਾਨ ਰਾਗੀ ਸਿੰਘਾਂ ਨੇ ਗੁਰੂ ਕੀ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਕਿਹਾ ਕਿ ਗੁਰੂ ਸਾਹਿਬਾਨ ਨਾਲ ਸਬੰਧਤ ਦਿਹਾੜੇ ਅਸੀਂ ਮਨਾਉਂਦੇ ਹਾਂ ਤਾਂ ਜੋ ਸਾਡੀ ਨੌਜਵਾਨ ਪੀੜੀ ਆਪਣੇ ਇਤਿਹਾਸ ਤੋਂ ਜਾਣੂ ਹੋਵੇ। ਉਹਨਾਂ ਕਿਹਾ ਕਿ ਅੱਜ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਾਠ ਕਰਨ ਦੀ ਸ਼ੁਰੂਆਤ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਵੱਲੋਂ ਉੱਚੇ ਇਕ ਓਂਕਾਰ ਸ਼ਬਦ ਨੂੰ ਪੜ੍ਹਦੇ ਹਾਂ ਜਿਸ ਰਾਹੀਂ ਗੁਰੂ ਸਾਹਿਬ ਨੇ ਬਖਸ਼ਿਸ਼ ਕੀਤਾ ਸੀ ਕਿ ਪਰਮਾਤਮਾ ਇਕ ਹੈ। ਉਹਨਾਂ ਕਿਹਾ ਕਿ ਜਦੋਂ ਇਹ ਦਿਹਾੜੇ ਅਸੀਂ ਮਨਾਉਂਦੇ ਹਾਂ ਤਾਂ ਸਾਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਖਾਲਸਾ ਰੂਪ ਧਾਰ ਕੇ ਜੀਵਨ ਬਤੀਤ ਕਰਾਂਗੇ। ਉਹਨਾਂ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਨੇ ਬਹੁਤ ਬਖਸ਼ਿਸ਼ ਕਰ ਕੇ ਗੁਰਸਿੱਖੀ ਜੀਵਨ ਬਖਸ਼ਿਆ ਹੈ। ਉਹਨਾਂ ਕਿਹਾ ਕਿ ਗੁਰਬਾਣੀ ਨਾਲ ਜੁੜ ਕੇ ਅਸੀਂ ਆਪਣਾ ਜਨਮ ਸਫਲ ਕਰ ਸਕਦੇ ਹਾਂ।



ਉਹਨਾਂ ਕਿਹਾ ਕਿ ਅੱਜ ਦੇ ਦਿਹਾੜੇ ਅਸੀਂ ਅਕਾਲ ਪੁਰਖ਼ ਅੱਗੇ ਅਰਦਾਸ ਕਰਦੇ ਹਾਂ ਕਿ ਕਰਤਾਰਪੁਰ ਸਾਹਿਬ ਲਾਂਘਾ ਫਿਰ ਤੋਂ ਖੁੱਲ੍ਹੇ ਅਤੇ ਸਾਰੀਆਂ ਸੰਗਤਾਂ ਉਸ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣ ਜਿਥੇ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਆਖ਼ਰੀ 18 ਸਾਲ ਗੁਜ਼ਾਰੇ ਤੇ ਖੇਤੀ ਕਰਦਿਆਂ ਸਭ ਨੂੰ ਕੀਰਤ ਕਰੋ, ਨਾਪਜਪੋ ਤੇ ਵੰਡ ਛਕੋ ਦਾ ਸੰਦੇਸ਼ ਦਿੱਤਾ। ਇਸ ਮੌਕੇ ਉਹਨਾਂ ਇਹ ਜ਼ਿਕਰ ਵੀ ਕੀਤਾ ਕਿ ਕਿਵੇਂ ਸੰਗਤਾਂ ਦੇ ਸਹਿਯੋਗ ਨਾਲ ਮੌਜੂਦਾ ਟੀਮ ਵੱਲੋਂ ਜਿਥੇ ਸਿੱਖਿਆ ਖੇਤਰ ਵਿਚ ਸੁਧਾਰ ਕੀਤਾ ਗਿਆ ਹੈ ਉੱਥੇ ਹੀ ਅਗਾਹਾਂ ਵੀ ਸੰਗਤਾਂ ਦੇ ਨਾਲ ਮਿਲ ਕੇ ਅਸੀਂ ਇਹਨਾਂ ਸਹੂਲਤਾਂ ਦਾ ਹੋਰ ਵਿਸਥਾਰ ਕਰਨ ਵਾਸਤੇ ਵਚਨਬੱਧ ਹਾਂ ਤੇ ਸਾਨੂੰ ਆਸ ਹੈ ਕਿ ਸੰਗਤਾਂ ਪਹਿਲਾਂ ਦੇ ਮੁਕਾਬਲੇ ਹੋਰ ਵੱਧ ਚੜ੍ਹ ਕੇ ਸਾਨੂੰ ਸਹਿਯੋਗ ਦੇਣਗੀਆਂ।

# ਜੰਮੂ-ਕਸ਼ਮੀਰ 'ਚ ਪੰਜਾਬੀ ਦੀ ਬਹਾਲੀ ਨੂੰ ਲੈ ਕੇ ਸਿੱਖ ਭਾਈਚਾਰੇ ਵਲੋਂ ਪ੍ਰਦਰਸ਼ਨ

ਜੰਮੂ : ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਜੰਮੂ ਪੰਜਾਬੀ ਮੋਰਚਾ ਦੇ ਬੈਨਰ ਹੇਠ ਇੱਥੇ ਸ਼ਾਂਤਮਈ ਰੋਸ ਰੈਲੀ ਕੀਤੀ, ਜਿਸ ਵਿਚ ਜੰਮੂ ਅਤੇ ਕਸ਼ਮੀਰ ਵਿਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਉਤਸ਼ਾਹਿਤ ਕਰਨ ਅਤੇ ਬਹਾਲ ਕਰਨ ਦੀ ਮੰਗ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਉਪ ਰਾਜਪਾਲ ਦੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਸਕੂਲਾਂ ਦੇ ਪਾਠਕ੍ਰਮ ਵਿਚ ਪੰਜਾਬੀ ਨੂੰ ਸ਼ਾਮਿਲ ਕਰਨ ਅਤੇ ਇਸ ਨੂੰ ਭਾਈਚਾਰਕ ਭਾਸ਼ਾ ਵਜੋਂ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ। ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸੁਰਜਨ ਸਿੰਘ ਨੇ ਕਿਹਾ ਕਿ ਇਹ ਰੋਸ ਪ੍ਰਦਰਸ਼ਨ ਸਕੂਲਾਂ ਵਿਚ ਪੰਜਾਬੀ ਨੂੰ ਬਹਾਲ ਕਰਨ ਦੀ ਲੰਬੇ ਸਮੇਂ ਤੋਂ ਲਟਕ ਰਹੀ ਮੰਗ ਨੂੰ ਉਜਾਗਰ ਕਰਨ ਲਈ ਕੀਤਾ ਗਿਆ ਸੀ। '1947 ਤੋਂ ਬਹੁਤ ਪਹਿਲਾਂ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਸੀ, ਪਰ ਬਾਅਦ ਵਿਚ ਪੰਜਾਬ ਤੋਂ ਬਾਹਰ ਇਸ ਨੂੰ ਪਾਠਕ੍ਰਮ ਵਿਚੋਂ ਹਟਾ ਦਿੱਤਾ ਗਿਆ। ਅਸੀਂ ਲੰਬੇ ਸਮੇਂ ਤੋਂ ਉਪ ਰਾਜਪਾਲ ਦੇ ਪ੍ਰਸ਼ਾਸਨ ਨੂੰ ਇਸ ਨੂੰ ਲਾਗੂ ਕਰਨ



ਦੀ ਅਪੀਲ ਕਰ ਰਹੇ ਹਾਂ, ਪਰ ਕਿਸੇ ਵੀ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਪੰਜਾਬੀ ਸਾਡੀ ਮਾਤ ਭਾਸ਼ਾ ਹੈ,' ਸਿੰਘ ਨੇ ਕਿਹਾ। ਉਨ੍ਹਾਂ ਕਿਹਾ ਕਿ ਉਪ ਰਾਜਪਾਲ ਨੇ ਪਹਿਲਾਂ ਨੌਜਵਾਨਾਂ ਦੀਆਂ ਚਿੰਤਾਵਾਂ ਨੂੰ ਸਵੀਕਾਰ ਕੀਤਾ ਸੀ। 'ਇੱਥੇ ਜੰਮੂ ਵਿਚ ਇਸ ਸਮੇਂ ਰੋਸ ਪ੍ਰਦਰਸ਼ਨ ਚੱਲ ਰਿਹਾ ਹੈ। ਜੇਕਰ ਸਾਡੀਆਂ ਚਿੰਤਾਵਾਂ ਦਾ ਸੁਹਿਰਦ ਢੰਗ ਨਾਲ ਹੱਲ ਨਾ ਕੀਤਾ ਗਿਆ, ਤਾਂ ਅਸੀਂ ਰੋਸ ਪ੍ਰਦਰਸ਼ਨਾਂ ਅਤੇ ਧਰਨਿਆਂ ਰਾਹੀਂ ਇਸ ਮੰਗ ਨੂੰ ਅੱਗੇ ਵਧਾਵਾਂਗੇ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



### ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

**(ਲੜੀ-20)**

ਨੀ ਦਾਈਏ! ਨੀ ਦਾਈਏ!
ਨਿੰਮ੍ਹਾਂ-ਨਿੰਮ੍ਹਾਂ ਦੀਵਾ ਨੀ ਜਗਾ।
ਨੀ ਸੱਸੀਏ! ਨੀ ਸੱਸੀਏ!
ਜੰਮ ਪਈ ਕਾਣੀ ਨੀ ਬਲਾ।
ਵੇ ਦਿਓਰਾ! ਵੇ ਦਿਓਰਾ!
ਡੂੰਘਾ ਜਿਹਾ ਟੋਆ ਵੇ ਪੁਟਾ।
ਵੇ ਦਿਓਰਾ! ਵੇ ਦਿਓਰਾ!
ਦੱਬਿਆ ਕਾਣੀ ਵੇ ਬਲਾ।
ਬੱਲੇ ਬੱਲੇ ਬਈ ਮੋਢੇ ਕੀ ਲਾਵਾਂ,
ਮੇਰੀ ਕੁੜੀ ਠੂੰਗ ਲਈ ਕਾਵਾਂ।
ਬੱਲੇ ਬੱਲੇ ਬਈ ਘਰ ਘਰ ਪੁੱਤ ਜੰਮਦੇ,
ਤੇਰੀ ਚੰਦਰੀ ਨੀਅਤ ਨੂੰ ਕੁੜੀਆਂ।

ਅਜੇ ਵੀ ਧੀਆਂ ਲਈ ਲਿਖੀ ਲੋਰੀ ਵਿਚ ਚਿੰਤਾ ਦਾ ਪ੍ਰਗਟਾਵਾ, ਸਹਿਮ ਅਤੇ ਡਰ ਹੈ। ਪੰਜਾਬੀ ਦੇ ਪ੍ਰਸਿੱਧ ਸ਼ਾਇਰ 'ਗੁਰਭਜਨ ਗਿੱਲ' ਦੀ ਭਰੂਣ ਹੱਤਿਆ ਬਾਰੇ 'ਲੋਰੀ' ਧੀਆਂ ਦੀ ਅਜੋਕੀ ਸਥਿਤੀ ਨੂੰ ਸਪਸ਼ਟ ਕਰ ਰਹੀ ਹੈ:

ਮਾਏਂ ਨੀ ਅਣਜੰਮੀ ਧੀ ਨੂੰ,
ਆਪਣੇ ਨਾਲੋਂ ਵਿਛੜੇ ਜੀਅ ਨੂੰ।
ਜਾਂਦੀ ਵਾਰੀ ਮਾਏਂ ਨੀ ਇਕ ਲੋਰੀ ਦੇ ਦੇ,
ਬਾਬਲ ਤੋਂ ਭਾਵੇਂ ਚੋਰੀ ਨੀ ਇਕ ਲੋਰੀ ਦੇ ਦੇ।

ਕਮਲਜੀਤ ਨੀਲੋਂ ਦੀ 'ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ' ਲੋਰੀ ਵੀ ਸਾਡੇ ਸਭਿਆਚਾਰ ਵਿਚ ਧੀਆਂ ਦੀ ਸਥਿਤੀ ਦੀ ਸੰਵੇਦਨਸ਼ੀਲ ਪੇਸ਼ਕਾਰੀ ਹੈ। ਡਾ. ਪ੍ਰਿਤਪਾਲ ਸਿੰਘ ਮਹਿਰੋਕ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਔਰਤ ਮਨ ਨੇ ਧੀ ਪਿਆਰ ਪ੍ਰਤੀ ਪ੍ਰਗਟਾਵਾ ਕਰਨ ਲਈ ਵਿਰਲੀਆਂ-ਟਾਂਵੀਆਂ ਲੋਰੀਆਂ ਦੀ ਰਚਨਾ ਜ਼ਰੂਰ ਕੀਤੀ ਹੈ। ਉਨ੍ਹਾਂ ਦੇ ਉਸ ਲੇਖ ਵਿਚ ਧੀਆਂ ਲਈ ਸਿਰਫ਼ ਇਕ ਲੋਰੀ ਦਰਜ ਹੈ। ਇਸ ਲੋਰੀ ਵਿਚ ਇਕ ਮਾਂ ਦੀ ਧੀ ਖੂਹ ਤੋਂ ਪਾਣੀ ਲੈਣ ਜਾਂਦੀ ਹੈ, ਮੀਂਹ ਵਰ੍ਹਨ ਲੱਗਦਾ ਹੈ ਅਤੇ ਮਾਂ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ। ਗੁੱਡੀ ਮੇਰੀ ਬੀਬੀ ਰਾਣੀ, ਭਰ ਲਿਆਵੇ ਖੂਹੇ ਤੋਂ ਪਾਣੀ। ਛਮ-ਛਮ ਬਰਸਿਆ ਮੀਂਹ, ਡਿੱਗ ਪਈ ਮੇਰੀ ਰਾਣੀ ਧੀ। ਸੌਂ ਜਾ ਮੇਰੀ ਧੀ ਧਿਆਣੀ।

ਇਕ ਹੋਰ ਬੋਲੀ ਵੀ ਮਿਲੀ ਹੈ:

ਬੱਲੇ ਬੱਲੇ ਬਈ ਕੀ ਲੱਪ ਰਿਓੜੀਆਂ ਦੀ,
ਮੇਰੀ ਰੋਂਦੀ ਨਾ ਵਰਾਈ ਕਰਤਾਰੋ।
ਬੱਲੇ ਬੱਲੇ ਬਈ ਨਾਲ਼ੇ ਮੁੰਡੇ ਰੰਨਾਂ ਭਾਲਦੇ,
ਨਾਲੇ ਕੁੜੀਆਂ ਜੰਮਣ ਤੋਂ ਡਰਦੇ।

ਸਮਾਜ ਦੀ ਇਸ ਦੋਗਲੀ ਨੀਤੀ ਅਤੇ ਭਰੂਣ ਹੱਤਿਆ ਦੀ ਨਿਖੇਧੀ ਹਰਜਿੰਦਰ ਕੰਗ ਨੇ ਨਿਮਨਲਿਖਤ ਟੱਪੇ ਦੇ ਰੂਪ ਵਿਚ ਪੇਸ਼ ਕੀਤੀ ਹੈ:

ਫੁੱਲ ਨਦੀਆਂ 'ਚ ਤਾਰਦੇ ਓ,
ਮਾਵਾਂ ਨੂੰ ਤਾਂ ਰੱਬ ਮੰਨਦੇ,
ਧੀਆਂ ਕੁੱਖਾਂ ਵਿਚ ਮਾਰਦੇ ਓ।

ਇਸ ਨੂੰ ਸੋਚ ਵਿਚ ਆ ਰਿਹਾ ਪਰਿਵਰਤਨ ਕਹਿ ਸਕਦੇ ਹਾਂ। ਆਸ ਹੈ ਕਿ ਭਵਿੱਖ ਵਿਚ ਧੀਆਂ ਲਈ ਬਿਨਾਂ ਕਿਸੇ ਚਿੰਤਾ ਅਤੇ ਭੈਅ ਦਾ ਪ੍ਰਗਟਾਵਾ ਕੀਤਿਆਂ ਲੋਰੀਆਂ ਜ਼ਰੂਰ ਲਿਖੀਆਂ ਜਾਣਗੀਆਂ।

**ਕੁੜਮਾਈ**

ਸਾਡੇ ਸਭਿਆਚਾਰ ਵਿਚ ਜਨਮ ਵੇਲੇ ਤੋਂ ਹੀ ਧੀ ਦੇ ਮਾਪਿਆਂ ਨੂੰ ਉਸ ਦੇ ਵਿਆਹ ਦੀ ਚਿੰਤਾ ਲੱਗ ਜਾਂਦੀ ਹੈ ਅਤੇ ਪੁੱਤਰ ਦੇ ਮਾਪਿਆਂ ਦੇ ਦਿਲ ਵਿਚ ਉਸ ਨੂੰ ਘੋੜੀ ਚੜ੍ਹਾਉਣ ਦਾ ਚਾਅ ਉਛਾਲੇ ਲੈਣ ਲੱਗ ਪੈਂਦਾ ਹੈ। ਪਹਿਲਾਂ-ਪਹਿਲ ਕੁੜੀ ਦੇ ਜਵਾਨ ਹੁੰਦਿਆਂ ਹੀ ਮਾਪਿਆਂ ਵਲੋਂ ਨਾਈ ਰਾਹੀਂ ਯੋਗ ਵਰ ਲੱਭ ਕੇ, ਉਸਦੇ ਹੱਥ ਰੁਪਈਆ ਘੱਲ ਕੇ ਕੁੜਮਾਈ ਕਰ ਲਈ ਜਾਂਦੀ ਸੀ। ਇਸ ਨੂੰ ਰੋਕਾ ਵੀ ਕਿਹਾ ਜਾਂਦਾ ਸੀ। ਨਾਈ ਦੋਵਾਂ ਪਰਿਵਾਰਾਂ ਦੀ ਹੈਸੀਅਤ ਮੁਤਾਬਿਕ ਰਿਸ਼ਤਾ ਲੱਭਦੇ ਹੋਏ ਪੰਜਾਬੀ ਦੇ ਅਖਾਣ 'ਮੱਝ ਲਾਣੇ ਦੀ ਅਤੇ ਧੀ ਘਰਾਣੇ ਦੀ' 'ਤੇ ਫੁੱਲ ਚੜ੍ਹਾਉਣਾ ਆਪਣਾ ਪਰਮ ਕਰਤੱਵ ਸਮਝਦਾ ਸੀ। ਉਹ ਰਿਸ਼ਤਾ ਲੱਭਦੇ ਵਕਤ ਇਮਾਨਦਾਰੀ ਨਾਲ਼ ਖ਼ਾਨਦਾਨ ਦੀ ਪੜਚੋਲ ਕਰਦਾ ਸੀ। ਉਹ ਆਪਣੀ ਪੂਰੀ ਤਸੱਲੀ ਤੋਂ ਬਾਅਦ ਰਿਸ਼ਤੇ ਦੀ ਦੱਸ ਪਾਉਂਦਾ ਸੀ। ਇਸ ਤੋਂ ਬਾਅਦ ਵਿਚ ਕੁੜੀ ਵਾਲੇ ਮਖਾਣੇ, ਰੁਪਈਏ, ਪੰਜ ਮਿਸ਼ਰੀ ਦੇ ਕੂਜੇ, ਪੰਜ ਛੁਆਰੇ, ਕੇਸਰ ਆਦਿ ਲੈ ਕੇ ਮੁੰਡੇ ਵਾਲੇ ਘਰ ਪੁੱਜਦੇ ਸਨ। ਮੁੰਡੇ ਵਾਲੇ ਘਰ ਰਿਸ਼ਤੇਦਾਰ ਇੱਕਠੇ ਹੁੰਦੇ ਸਨ। ਮੁੰਡਾ ਮੰਗ ਲਿਆ ਸਮਝਿਆ ਜਾਂਦਾ ਸੀ। ਪੰਡਿਤ ਨੂੰ ਪੁੱਛ ਕੇ ਕਈ ਵਾਰੀ ਛੇ ਮਹੀਨੇ ਜਾਂ ਸਾਲ ਤੱਕ ਵਿਆਹ ਦੀ ਤਾਰੀਖ਼ ਮੁਕੱਰਰ ਕੀਤੀ ਜਾਂਦੀ ਸੀ। ਇਸ ਨੂੰ ਸਾਹਾ ਕਢਾਉਣਾ ਵੀ ਕਿਹਾ ਜਾਂਦਾ ਸੀ। ਦੇਖਣ ਦਿਖਾਉਣ ਦਾ ਰਿਵਾਜ ਉੱਥੇ ਹੀ ਨਹੀਂ ਹੁੰਦਾ ਸੀ। ਇਸ ਤੋਂ ਬਾਅਦ ਬਲੈਕ ਐਂਡ ਵਾਈਟ ਫ਼ੋਟੋ ਦਿਖਾ ਕੇ ਵਿਚੋਲੇ ਰਾਹੀਂ, ਰਸਤੇ-ਕੰਢੇ, ਕਿਸੇ ਮੇਲੇ-ਮੁਸ੍ਹਾਬੇ ਜਾਂ ਕਿਸੇ ਮੁਕਰੱਰ ਥਾਂ 'ਤੇ ਦੂਰੋਂ ਹੀ ਮੁੰਡੇ ਨੂੰ ਕੁੜੀ ਅਤੇ ਕੁੜੀ ਨੂੰ ਮੁੰਡਾ ਦਿਖਾ ਕੇ ਉਨ੍ਹਾਂ ਦੀ ਰਾਇ ਪੁੱਛੀ ਜਾਣ ਲੱਗੀ ਸੀ।

ਸਮੇਂ ਦੇ ਨਾਲ ਇਸ ਰਸਮ ਵਿਚ ਵੱਡੀ ਤਬਦੀਲੀ ਆਈ ਹੈ। ਹੁਣ ਰਿਸ਼ਤੇ ਅਖ਼ਬਾਰੀ ਇਸ਼ਤਿਹਾਰਾਂ ਰਾਹੀਂ, ਮੈਰਿਜ ਏਜੰਸੀਆਂ ਦੁਆਰਾ ਜਾਂ ਆਪਣੀ ਪਸੰਦ ਦੇ ਹੀ ਕਰਵਾਏ ਜਾਂਦੇ ਹਨ। ਨਵੀਂ ਪੀੜ੍ਹੀ ਪ੍ਰੇਮ ਵਿਆਹ ਨੂੰ ਤਰਜ਼ੀਹ ਦੇ ਰਹੀ ਹੈ। ਅੱਜ ਮੁੰਡੇ-ਕੁੜੀ ਵਲੋਂ ਆਪਣੀ ਪਸੰਦ ਮਾਂ-ਬਾਪ ਨੂੰ ਦੱਸ ਦਿੱਤੀ ਜਾਂਦੀ ਹੈ ਅਤੇ ਮਾਪੇ ਉਨ੍ਹਾਂ ਦੇ ਪਿਆਰ ਨੂੰ ਸਮਝਦੇ ਹੋਏ ਵਿਆਹ ਲਈ ਰਾਜੀ ਹੁੰਦੇ ਹੋਏ ਵਿਆਹ (ਅਰੇਂਜ ਮੈਰਿਜ) ਕਰਦੇ ਹਨ। ਸਮਾਜ ਵੀ ਇਸ ਨੂੰ ਸਵੀਕਾਰ ਕਰ ਰਿਹਾ ਹੈ। ਅਜੋਕੇ ਸਮੇਂ ਵਿਚ ਕੁੜੀ ਦਾ ਬਾਬਲ ਬਾਕੀ ਰਿਸ਼ਤੇਦਾਰਾਂ ਸਮੇਤ ਮੁੰਡੇ ਵਾਲ਼ੇ ਘਰ ਜਾਂ ਮੈਰਿਜ ਪੈਲੇਸ ਵਿਚ ਸ਼ਗਨ ਲੈ ਕੇ ਪਹੁੰਚਦਾ ਹੈ। ਇਸ ਰਸਮ ਦਾ ਉਦੇਸ਼ ਮੁੰਡੇ ਅਤੇ ਕੁੜੀ ਦਾ ਰਿਸ਼ਤਾ ਪੱਕਾ ਕਰਨਾ ਅਤੇ ਦੋਵਾਂ ਪਰਿਵਾਰਾਂ ਵਲੋਂ ਇਕ ਦੂਜੇ ਨਾਲ ਰਿਸ਼ਤੇ ਨੂੰ ਗੰਢ ਦੇਣਾ ਹੀ ਹੈ। ਰਿਸ਼ਤਾ ਪੱਕਾ ਕਰਨ ਤੋਂ ਬਾਅਦ ਵਿਆਹ ਜਿੰਨੀ ਜਲਦੀ ਹੋ ਸਕੇ ਮੁਕਰੱਰ ਕੀਤਾ ਜਾਂਦਾ ਹੈ। ਕਈ ਵਾਰੀ ਕਈ ਥਾਵਾਂ ਤੇ ਮੰਗਣੀ ਦੀ ਰਸਮ ਤੇ ਵਿਆਹ ਜਿੰਨਾ ਖ਼ਰਚਾ ਹੀ ਹੋ ਜਾਂਦਾ ਹੈ। ਇਹ ਰਸਮ ਘਰ ਦੀ ਬਜਾਏ ਮੈਰਿਜ ਪੈਲੇਸ ਵਿਚ ਸਿਰਫ਼ ਸ਼ਾਨੋ-ਸ਼ੌਕਤ ਲਈ ਕੀਤੀ ਜਾਂਦੀ ਹੈ। ਇਹ ਰਸਮ ਇਕ ਤਰ੍ਹਾਂ ਨਾਲ ਧੀ ਦੇ ਮਾਪਿਆਂ ਲਈ ਵਾਧੂ ਖ਼ਰਚਾ ਹੈ। ਇਸਦੇ ਉਲਟ ਪਹਿਲੇ ਸਮਿਆਂ ਵਿਚ ਕੀਤੀ ਜਾਣ ਵਾਲੀ ਇਹ ਰਸਮ ਬਿਲਕੁਲ ਸਾਦ-ਮੁਰਾਦੀ ਹੁੰਦੀ ਸੀ। ਮੰਗਣੀ ਵੇਲੇ ਗਾਏ ਜਾਣ ਵਾਲੇ ਨਿਮਨ ਲਿਖਤ ਗੀਤਾਂ ਤੋਂ ਇਸਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਚੰਨਣ ਦੀ ਚੌਂਕੀ ਮੈਂ ਡਾਹੀ ਵੀਰਾ,
ਉੱਤੇ ਬੈਠਾ ਵੇ ਤੂੰ।
ਮੁੱਖ ਤਾਂ ਉੱਤੇ ਚੁੱਕ ਵੇ,
ਤੇਰੇ ਸਹੁਰੇ ਨੂੰ ਦਿਖਾ ਦੇ ਮੂੰਹ।
ਮੈਂ ਤਾਂ ਹੁਣ ਸੁਣਿਆਂ,
ਮੰਗਣਾਂ ਤਾਂ ਹੋ ਗਿਆ ਵੇ ਜੋਗੀਆ!
ਸੁਣ-ਸੁਣ ਹੋਈ ਦਿਲਗੀਰ,
ਲੱਗੀਆਂ ਨੂੰ ਨਾ ਤੋੜੀਏ।
ਬਾਗ਼ਾਂ 'ਚ ਲੱਗੇ ਆ 'ਖ਼ਰੋਟ,
ਛੰਮ-ਛੰਮ ਕਿਉਂ ਰੋਨੀ ਏਂ?
ਐਵੇਂ ਕਹੇਂ ਭੁੱਲੇ ਲੋਕ,
ਜਿੰਦੇ ਨੀ ਮੇਰੀਏ।

(ਚਲਦਾ)



# ਧਰਮ ਪਰਿਵਰਤਨ ਦੀਆਂ ਜੜ੍ਹਾਂ

**ਡਾ. ਜਗਸੀਰ ਸਿੰਘ ਬਰਾੜ**

ਆਮ ਤੌਰ 'ਤੇ ਪੰਜਾਬ 'ਚ ਧਰਮ ਪਰਿਵਰਤਨ ਨੂੰ ਬਹੁਤ ਦਾ ਨਿਮਨ ਮੰਨਿਆ ਜਾਂਦਾ ਹੈ ਪਰ ਜ਼ਰੂਰੀ ਨਹੀਂ ਕਿ ਸਾਰੇ ਪਰਿਵਰਤਨ ਬੁਰਾਈ ਹੋਣ ਤੇ ਸਮਾਜ ਇਸ ਵੱਲ ਹੀ ਸੇਧ ਹੋਵੇ। ਪਿਛਲੇ ਕੁਝ ਸਮੇਂ ਤੋਂ ਪੰਜਾਬ ਬਹੁਧਰਮੀ ਪਰਿਵਰਤਨਾਂ ਦਾ ਸਾਹਮਣਾ ਕਰ ਰਿਹਾ ਹੈ। ਬੇਸ਼ੱਕ ਧਰਮ ਮਨੁੱਖ ਦੀ ਨਿੱਜੀ ਆਸਥਾ ਦਾ ਵਿਸ਼ਾ ਹੈ ਪਰ ਜਦੋਂ ਕਿਸੇ ਸਮਾਜ 'ਚ ਧਾਰਮਿਕ ਪਛਾਣ ਨਾਲ ਜੁੜੇ ਬਦਲਾਅ ਵਿਆਪਕ ਜਨਤਕ ਚਰਚਾ ਦਾ ਹਿੱਸਾ ਬਣਨ ਲੱਗਣ ਤਾਂ ਉਹ ਕੇਵਲ ਨਿੱਜੀ ਚੋਣ ਤੱਕ ਸੀਮਤ ਨਹੀਂ ਰਹਿੰਦੇ। ਧਰਮ ਪਰਿਵਰਤਨ ਨੂੰ ਲੈ ਕੇ ਵਧਦੀ ਰਾਜਨੀਤਿਕ ਬਹਿਸ ਨੇ ਇਸ ਮੁੱਦੇ ਨੂੰ ਸਿਰਫ਼ ਧਾਰਮਿਕ ਨਹੀਂ, ਸਗੋਂ ਸਮਾਜ-ਵਿਗਿਆਨ ਦੇ ਕੇਂਦਰੀ ਵਿਸ਼ੇ ਵਜੋਂ ਸਥਾਪਿਤ ਕਰ ਦਿੱਤਾ ਹੈ। ਕਿਸੇ ਵੀ ਖਿੱਤੇ ਦੀ ਸਮਾਜਿਕ ਬਣਤਰ ਉਸ ਦੀ ਜਨਸੰਖਿਆ ਬਣਤਰ 'ਤੇ ਨਿਰਭਰ ਕਰਦੀ ਹੈ। ਇਹ ਸਮਾਜਿਕ ਬਣਤਰ ਹੀ ਉਸ ਖਿੱਤੇ ਵਿਸ਼ੇਸ਼ ਦੇ ਨਾਲ-ਨਾਲ ਉਸ ਦੇ ਸੰਵਿਧਾਨ ਨੂੰ ਦੂਜੇ ਖਿੱਤਿਆਂ ਤੇ ਸੰਵਿਧਾਨਾਂ ਤੋਂ ਨਿਵੇਕਲਾ ਹੈ। ਭਾਰਤ ਸਰਕਾਰ ਵੱਲੋਂ ਕਰਵਾਈ ਗਈ ਜਨਗਣਨਾ 2011 ਅਨੁਸਾਰ, ਪੰਜਾਬ 'ਚ ਉਸ ਸਮੇਂ 57.69 ਪ੍ਰਤੀਸ਼ਤ ਸਿੱਖ, 38.49 ਫ਼ੀਸਦ ਹਿੰਦੂ, 1.74 ਫ਼ੀਸਦ ਮੁਸਲਿਮ ਤੇ 1.26 ਫ਼ੀਸਦ ਈਸਾਈ ਸਨ। ਪੰਜਾਬ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਨਾਇਤੁੱਲਾ ਰਹਿਮਾਨ ਇਨ੍ਹਾਂ ਅੰਕੜਿਆਂ ਦਾ ਹਕੀਕਤ ਦੇ ਨੇੜੇ ਨਾ ਹੋਣ ਦਾ ਇਕ ਕਾਰਨ ਇਹ ਮੰਨਦੇ ਹਨ ਕਿ ਲੋਕ ਨਿਮਨ ਤੌਰ 'ਤੇ ਪ੍ਰਾਰਥਨਾ ਸਭਾਵਾਂ 'ਚ ਸ਼ਾਮਲ ਤਾਂ ਹੁੰਦੇ ਹਨ, ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਪੰਜਾਬ 'ਚ ਕੁਝ ਧਰਮ-ਵਿਗਿਆਨੀ ਇਸ ਦਲੀਲ ਦਿੰਦੇ ਹਨ ਕਿ ਚਰਚਾਂ 'ਚ ਨਿਮਨ ਧਾਰਮਿਕ ਨੂੰ ਹਰ ਸਥਿਤੀ 'ਚ ਅਧਿਕਾਰਤ ਧਰਮ ਪਰਿਵਰਤਨ ਨਹੀਂ ਮੰਨਿਆ ਜਾ ਸਕਦਾ। ਪੰਜਾਬੀ ਭਾਵੇਂ ਕਿਸੇ ਵੀ ਧਰਮ ਦੇ ਹੋਣ, ਉਨ੍ਹਾਂ ਲਈ ਹੁਣ ਚਰਚ ਜਾਣਾ ਆਮ ਹੋ ਰਿਹਾ ਹੈ। ਬੇਸ਼ੱਕ ਭਾਰਤੀ ਸੰਵਿਧਾਨ ਦਾ ਆਰਟੀਕਲ 25 ਧਰਮ ਦੀ ਆਜ਼ਾਦੀ ਬਾਰੇ ਹੈ ਪਰ ਇਸ ਦੀ ਵਿਆਖਿਆ ਵੱਖ-ਵੱਖ ਮਸਲਿਆਂ ਤੇ ਅਦਾਲਤਾਂ 'ਚ ਵੱਖ-ਵੱਖ ਕੀਤੀ ਗਈ ਹੈ। ਭਾਰਤ ਦੇ 12 ਸੂਬਿਆਂ ਨੇ ਧਰਮ ਪਰਿਵਰਤਨ ਨੂੰ ਰੋਕਣ ਲਈ ਕਾਨੂੰਨ ਬਣਾਏ ਹਨ। ਭਾਵੇਂ ਪੰਜਾਬ 'ਚ ਅਜਿਹਾ ਕੋਈ ਵੀ ਕਾਨੂੰਨ ਨਹੀਂ ਹੈ ਪਰ ਸੁਪਰੀਮ ਕੋਰਟ ਦੁਆਰਾ ਦਿੱਤੇ ਗਏ ਫ਼ੈਸਲੇ ਦਾ ਅਸਰ ਪੰਜਾਬ 'ਚ ਵੀ ਸਿੱਧੇ-ਅਸਿੱਧੇ ਤੌਰ 'ਤੇ ਵੇਖਣ ਨੂੰ ਮਿਲਦਾ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਅਨੁਸਾਰ ਧਰਮ ਪਰਿਵਰਤਨ ਕਰਨ ਨਾਲ ਅਨੁਸੂਚਿਤ ਜਾਤੀ ਦਾ ਦਰਜਾ ਪੂਰੀ ਤਰ੍ਹਾਂ ਖ਼ਤਮ ਹੋ ਜਾਂਦਾ ਹੈ। ਭਾਵ ਇਸ ਨਾਲ ਐੱਸਸੀ/ਐੱਸਟੀ ਐਕਟ ਤਹਿਤ ਮਿਲਣ ਵਾਲੇ ਅਧਿਕਾਰਾਂ ਦੇ ਸਾਰੇ ਹੱਕ ਖ਼ਤਮ ਹੋ ਜਾਂਦੇ ਹਨ। ਇਹ ਵਰਤਾਰਾ ਹੋਰ ਵੀ ਜ਼ਿਆਦਾ ਚਰਚਾ 'ਚ ਆ ਜਾਂਦਾ ਹੈ, ਜਦੋਂ ਦੇਸ਼ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਜਨਗਣਨਾ ਰਿਪੋਰਟ ਧਰਮ ਪਰਿਵਰਤਨ ਦੇ ਮੁੱਦੇ ਨੂੰ ਵੱਡੇ ਪੱਧਰ 'ਤੇ ਇਸ ਨੂੰ ਉਭਾਰਿਆ ਗਿਆ ਤੇ ਕਿਹਾ ਗਿਆ ਕਿ ਆਉਣ ਵਾਲੇ ਸੱਤ ਸਾਲਾਂ 'ਚ ਪੰਜਾਬ 'ਚ ਧਰਮ ਪਰਿਵਰਤਨ ਰੋਕੂ ਕਾਨੂੰਨ ਲਿਆਂਦਾ ਜਾਵੇਗਾ। ਸਪੱਸ਼ਟ ਹੈ ਕਿ ਪੰਜਾਬ 'ਚ ਧਰਮ ਪਰਿਵਰਤਨ ਦਾ ਮੁੱਦਾ ਹੁਣ ਅਜਿਹਾ ਸਮਾਜਿਕ ਵਰਤਾਰਾ ਬਣ ਚੁੱਕਾ ਹੈ, ਜਿਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਮਾਝਾ ਅਤੇ ਦੁਆਬਾ ਖੇਤਰਾਂ 'ਚ ਪਿਛਲੇ ਕੁਝ ਸਾਲਾਂ ਦੌਰਾਨ ਈਸਾਈ-ਵੱਖੀਆਂ ਚਰਚਾਂ, ਹੋਮ ਚਰਚਾਂ, ਪ੍ਰਾਰਥਨਾ ਕੇਂਦਰਾਂ ਤੇ ਪ੍ਰਚਾਰਾਂ ਦੀ ਗਿਣਤੀ 'ਚ ਕਾਫ਼ੀ ਵਾਧਾ ਹੋਇਆ ਹੈ। ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ 'ਚ ਈਸਾਈ ਵਸੋਂ ਸਭ ਤੋਂ ਜ਼ਿਆਦਾ ਹੈ। ਅੰਮ੍ਰਿਤਸਰ ਤੇ ਜਲੰਧਰ ਖੇਤਰਾਂ ਦੁਆਲੇ ਤੇ ਤੀਸਰੇ ਸਥਾਨ 'ਤੇ ਆਉਂਦੇ ਹਨ। ਜਲੰਧਰ, ਕਪੂਰਥਲਾ, ਗੁਰਦਾਸਪੁਰ ਤੇ ਨਵਾਂਸ਼ਹਿਰ ਵਰਗੇ ਖੇਤਰਾਂ 'ਚ ਸੁਤੰਤਰ ਚਰਚਾਂ, ਪ੍ਰਾਰਥਨਾ ਕੇਂਦਰਾਂ ਤੇ ਧਾਰਮਿਕ ਇਕੱਠਾਂ ਦੀ ਗਿਣਤੀ 'ਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਪੰਜਾਬੀ ਸਮਾਜ 'ਚ ਧਰਮ ਦੇ ਨਾਲ-ਨਾਲ ਗੀਤਾਂ ਦੀ ਵੀ ਆਪਣੀ ਅਹਿਮੀਅਤ ਹੈ। ਪੰਜਾਬ ਦੇ ਧਾਰਮਿਕ ਜੀਵਨ ਦੀ ਇਕ ਵਿਲੱਖਣ ਵਿਸ਼ੇਸ਼ਤਾ ਇਹ ਵੀ ਰਹੀ ਹੈ ਕਿ ਲੋਕ ਆਪਣੀ ਮੂਲ ਧਾਰਮਿਕ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਖ-ਵੱਖ ਧਾਰਮਿਕ ਸਥਾਨਾਂ ਤੇ ਪ੍ਰਾਰਥਨਾ ਕੇਂਦਰਾਂ ਨਾਲ ਵੀ ਜੁੜੇ ਰਹਿੰਦੇ ਹਨ। ਧਰਮ ਪਰਿਵਾਰਤਨ ਬਾਰੇ ਕੋਈ ਵੀ ਰਾਇ ਕਾਇਮ ਕਰਨ ਤੋਂ ਪਹਿਲਾਂ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਆਖ਼ਰ ਇਸ ਦੀਆਂ ਅਸਲ ਜੜ੍ਹਾਂ ਕਿੱਥੇ ਪਈਆਂ ਹਨ। ਇਸ ਮੁੱਦੇ ਨੂੰ ਸਮਝਣ ਲਈ ਸਿਰਫ਼ ਅੰਕੜਿਆਂ ਦੀ ਬਜਾਏ ਸਮਾਜਿਕ ਅਤੇ ਸੱਭਿਆਚਾਰਕ ਸੰਦਰਭਾਂ ਨੂੰ ਵੀ ਸਮਝਣਾ ਜ਼ਰੂਰੀ ਹੈ। ਕਿਉਂਕਿ ਕਿਤੇ ਨਾ ਕਿਤੇ ਇਹ ਲੋਕਾਂ ਦੀਆਂ ਭਾਵਨਾਵਾਂ ਨਾਲ ਵੀ ਜੁੜਿਆ ਹੈ।



# ਪੁੱਤ ! ਅੱਜ ਚਿੱਤ ਖ਼ੁਸ਼ ਹੋ ਗਿਆ..। 'ਟੂੰ-ਟੂੰ ਆਲੀ ਬੇਬੇ' ਮੇਲੋ ਦਾ ਹੋਇਆ ਮੁੱਖ ਮੰਤਰੀ ਨਾਲ ਮੇਲ

## ਗੁਰਮੇਲ ਕੌਰ ਉਰਫ਼ ਮੇਲੋ ਦੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ ਵੀਡੀਓ






ਚੰਡੀਗੜ੍ਹ : 'ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਦੂਸਰੀ ਕਿਸ਼ਤ ਮਿਲਣ 'ਤੇ ਬਾਗੋ-ਬਾਗ਼ ਹੋਈ 75 ਵਰ੍ਹਿਆਂ ਦੀ ਔਰਤ ਗੁਰਮੇਲ ਕੌਰ ਉਰਫ਼ ਮੇਲੋ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ। ਸੋਸ਼ਲ ਮੀਡੀਆ 'ਤੇ ਛਾਈ ਰਹਿਣ ਵਾਲੀ ਪੇਂਡੂ ਬਜ਼ੁਰਗ ਔਰਤ ਮੁੱਖ ਮੰਤਰੀ ਰਿਹਾਇਸ਼ 'ਤੇ ਭਗਵੰਤ ਮਾਨ ਨੂੰ ਜੱਫੀ ਪਾ ਕੇ ਮਿਲੀ ਅਤੇ ਆਸ਼ੀਰਵਾਦ ਦਿੱਤਾ। ਬਜ਼ੁਰਗ ਨੇ ਕਿਹਾ ਕਿ ਪੁੱਤ! ਅੱਜ ਚਿੱਤ ਖ਼ੁਸ਼ ਹੋ ਗਿਆ। ਮੁੱਖ ਮੰਤਰੀ ਨੇ ਬਜ਼ੁਰਗ ਗੁਰਮੇਲ ਕੌਰ ਨੂੰ ਸੂਟ ਤੇ ਫੁਲਕਾਰੀ ਆਦਿ ਭੇਟ ਕੀਤੀ। ਇਸ ਮਾਈ ਨੇ ਕਿਹਾ ਕਿ ਬਹੁਤ ਦੇਰ ਤੋਂ ਮਿਲਣ ਦੀ ਇੱਛਾ ਸੀ। ਬਠਿੰਡਾ ਜ਼ਿਲ੍ਹੇ ਦੇ ਪਿੰਡ ਆਦਮਪੁਰਾ ਦੇ ਦਲਿਤ ਪਰਿਵਾਰ ਦੀ ਗੁਰਮੇਲ ਕੌਰ ਉਰਫ਼ ਮੇਲੋ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਉਹ ਆਖ ਰਹੀ ਹੈ, "ਅੱਜ ਫੇਰ ਹੋ ਗਈ ਟੂੰ-ਟੂੰ, ਬਹੁਤ ਚਾਅ ਚੜ੍ਹ ਗਿਆ।" ਉਹ ਅੱਗੇ ਆਖਦੀ ਹੈ, "ਅੱਜ ਤਿੰਨ ਹਜ਼ਾਰ ਆ ਗਏ।" ਵੀਡੀਓ ਵਿੱਚ ਉਸ ਦੀ ਖ਼ੁਸ਼ੀ ਝਲਕ ਰਹੀ ਹੈ। ਮੁੱਖ ਮੰਤਰੀ ਨੇ ਇੱਕ ਸਟੇਜ ਤੋਂ ਇਸ ਬਜ਼ੁਰਗ ਦਾ ਜ਼ਿਕਰ ਵੀ ਕੀਤਾ ਸੀ। ਵੀਡੀਓ ਵਾਇਰਲ ਹੋਣ ਮਗਰੋਂ ਮੁੱਖ ਮੰਤਰੀ ਦਫ਼ਤਰ ਨੇ ਇਸ ਗ਼ਰੀਬ ਔਰਤ ਦੇ ਪਰਿਵਾਰ ਨਾਲ ਸੰਪਰਕ ਕੀਤਾ।

ਮੁੱਖ ਮੰਤਰੀ ਮਾਨ ਨੇ ਇਸ ਬਜ਼ੁਰਗ ਔਰਤ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਸਪੈਸ਼ਲ ਗੱਡੀ ਇਸ ਬਜ਼ੁਰਗ ਔਰਤ ਲਈ ਭੇਜੀ ਗਈ। ਮਾਰਕਫੈੱਡ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਨੇ ਦੱਸਿਆ ਕਿ ਇਹ ਬਜ਼ੁਰਗ ਮੇਰੇ ਹਲਕੇ ਰਾਮਪੁਰਾ ਫੂਲ ਦੇ ਪਿੰਡ ਆਦਮਪੁਰਾ ਦੀ ਹੈ, ਜਿਸ ਦਾ ਪਤੀ ਚੌਕੀਦਾਰ ਹੈ ਅਤੇ ਦੋਵੇਂ ਲੜਕੇ ਦਿਹਾੜੀ ਤੇ ਡਰਾਈਵਰੀ ਕਰਦੇ ਹਨ। ਦੱਸਣਯੋਗ ਹੈ ਕਿ ਇਸ ਔਰਤ ਦਾ ਪਰਿਵਾਰ ਕਾਂਗਰਸ ਨਾਲ ਤੱਅਲੁਕ ਰੱਖਦਾ ਹੈ।

# ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਦੇ ਘਰ ਬਾਹਰ ਆਮ ਆਦਮੀ ਪਾਰਟੀ ਦਾ ਜ਼ੋਰਦਾਰ ਪ੍ਰਦਰਸ਼ਨ; ਪੁਲਿਸ ਨੇ ਬੈਰੀਕੇਡ ਲਗਾ ਕੇ ਰੋਕੇ ਵਿਧਾਇਕ ਤੇ ਵਰਕਰ





ਅੰਮ੍ਰਿਤਸਰ : ਪੰਜਾਬ ਸਰਕਾਰ ਦੇ ਅਧਿਕਾਰੀਆਂ ਅਤੇ ਮੁੱਖ ਮੰਤਰੀ ਦਫ਼ਤਰ ਨਾਲ ਜੁੜੇ ਆਗੂਆਂ 'ਤੇ ਕੇਂਦਰੀ ਜਾਂਚ ਬਿਊਰੋ (CBI) ਵੱਲੋਂ ਕੀਤੀ ਜਾ ਰਹੀ ਛਾਪੇਮਾਰੀ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ (AAP) ਨੇ ਭਾਰਤੀ ਜਨਤਾ ਪਾਰਟੀ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਅੰਮ੍ਰਿਤਸਰ ਵਿਖੇ ਆਪ ਵਿਧਾਇਕਾਂ ਅਤੇ ਵੱਡੀ ਗਿਣਤੀ ਪਾਰਟੀ ਵਰਕਰਾਂ ਨੇ ਭਾਜਪਾ ਦੇ ਸੀਨੀਅਰ ਆਗੂ ਤਰੁਣ ਚੁੱਘ ਦੇ ਘਰ ਦਾ ਘਿਰਾਓ ਕਰਨ ਲਈ ਰੋਸ ਮਾਰਚ ਕੱਢਿਆ, ਜਿਨ੍ਹਾਂ ਨੂੰ ਪੁਲਿਸ ਨੇ ਭਾਰੀ ਬੈਰੀਕੇਡਿੰਗ ਲਗਾ ਕੇ ਰੋਕ ਲਿਆ।

ਸਥਾਨ : ਅੰਮ੍ਰਿਤਸਰ (ਪੰਜਾਬ)

ਪ੍ਰਦਰਸ਼ਨਕਾਰੀ : ਆਮ ਆਦਮੀ ਪਾਰਟੀ (AAP) ਦੇ ਵਿਧਾਇਕ ਅਤੇ ਵਰਕਰ

ਨਿਸ਼ਾਨੇ 'ਤੇ : ਤਰੁਣ ਚੁੱਘ (ਰਾਸ਼ਟਰੀ ਜਨਰਲ ਸਕੱਤਰ/ਸੀਨੀਅਰ ਆਗੂ, BJP)

ਮੁੱਖ ਕਾਰਨ : ਪੰਜਾਬ ਸਰਕਾਰ ਦੇ ਅਹੁਦੇਦਾਰਾਂ 'ਤੇ CBI ਦੀ ਕਾਰਵਾਈ ਵਿਰੁੱਧ ਰੋਸ

ਪੁਲਿਸ ਕਾਰਵਾਈ : ਰੋਸ ਮਾਰਚ ਨੂੰ ਤਰੁਣ ਚੁੱਘ ਦੇ ਘਰ ਵੱਲ ਵਧਣ ਤੋਂ ਰੋਕਣ ਲਈ ਬੈਰੀਕੇਡਿੰਗ

ਏਜੰਸੀ : ਏ.ਐੱਨ.ਆਈ.

ਘਟਨਾਕ੍ਰਮ ਅਤੇ ਸਿਆਸੀ ਪਿਛੋਕੜ

ਬੈਰੀਕੇਡਾਂ ਅੱਗੇ ਡਟੇ 'ਆਪ' ਆਗੂ ਤੇ ਵਰਕਰ: ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਕਾਰਕੁਨਾਂ ਨੇ ਕੇਂਦਰ ਸਰਕਾਰ ਅਤੇ ਜਾਂਚ ਏਜੰਸੀਆਂ ਦੀ ਕਥਿਤ ਦੁਰਵਰਤੋਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਜਦੋਂ ਪ੍ਰਦਰਸ਼ਨਕਾਰੀ ਤਰੁਣ ਚੁੱਘ ਦੀ ਰਿਹਾਇਸ਼ ਵੱਲ ਵਧਣ ਲੱਗੇ ਤਾਂ ਪੁਲਿਸ ਵੱਲੋਂ ਪਹਿਲਾਂ ਹੀ ਲਗਾਏ ਗਏ ਬੈਰੀਕੇਡਾਂ ਨੇ ਉਨ੍ਹਾਂ ਦਾ ਰਾਹ ਰੋਕ ਲਿਆ, ਜਿਸ ਕਾਰਨ ਪੁਲਿਸ ਅਤੇ ਵਰਕਰਾਂ ਵਿਚਾਲੇ ਤਿੱਖੀ ਬਹਿਸਬਾਜ਼ੀ ਹੋਈ।

ਸੀ.ਬੀ.ਆਈ. ਛਾਪਿਆਂ ਵਿਰੁੱਧ ਗੁੱਸਾ: 'ਆਪ' ਲੀਡਰਸ਼ਿਪ ਨੇ ਦੋਸ਼ ਲਾਇਆ ਕਿ ਭਾਜਪਾ ਚੋਣਾਂ ਨੇੜੇ ਆਉਂਦੀਆਂ ਦੇਖ ਕੇ ਕੇਂਦਰੀ ਏਜੰਸੀਆਂ ਰਾਹੀਂ ਪੰਜਾਬ ਸਰਕਾਰ ਦੇ ਅਕਸ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਛਾਪੇਮਾਰੀਆਂ ਸਿਰਫ਼ ਵਿਰੋਧੀ ਧਿਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਬਦਨਾਮ ਕਰਨ ਲਈ ਕੀਤੀਆਂ ਜਾ ਰਹੀਆਂ ਹਨ।

**ਸਿਆਸੀ ਗਰਮਾ-ਗਰਮੀ:**

ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਸੀ.ਬੀ.ਆਈ. ਦੀ ਚੱਲ ਰਹੀ ਪੜਤਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਂਦਰ 'ਤੇ ਕੀਤੇ ਹਮਲਿਆਂ ਦਰਮਿਆਨ ਅੰਮ੍ਰਿਤਸਰ ਵਿੱਚ ਹੋਏ ਇਸ ਜ਼ਮੀਨੀ ਪ੍ਰਦਰਸ਼ਨ ਨੇ ਸੂਬੇ ਦੇ ਸਿਆਸੀ ਮਾਹੌਲ ਨੂੰ ਹੋਰ ਭਖਾ ਦਿੱਤਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਨੇ ਧੂਰੀ ਵਿਖੇ 14 MLD ਸਮਰੱਥਾ ਵਾਲੇ ਵਾਟਰ ਟਰੀਟਮੈਂਟ ਪਲਾਂਟ ਦਾ ਰੱਖਿਆ ਨੀਂਹ ਪੱਥਰ

ਸੰਗਰੂਰ/ਧੂਰੀ (ਪੰਜਾਬ), (ANI): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਵਿਧਾਨ ਸਭਾ ਹਲਕੇ ਧੂਰੀ (ਜ਼ਿਲ੍ਹਾ ਸੰਗਰੂਰ) ਦੇ ਵਸਨੀਕਾਂ ਨੂੰ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਇੱਕ ਵੱਡੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਹੈ। ਮੁੱਖ ਮੰਤਰੀ ਵੱਲੋਂ ਧੂਰੀ ਵਿਖੇ 14 ਮਿਲੀਅਨ ਲੀਟਰ ਪ੍ਰਤੀ ਦਿਨ (14 MLD) ਦੀ ਸਮਰੱਥਾ ਵਾਲੇ ਨਵੇਂ ਵਾਟਰ ਟਰੀਟਮੈਂਟ ਪਲਾਂਟ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਉਨ੍ਹਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਥਾਨਕ ਨੁਮਾਇੰਦਿਆਂ ਨਾਲ ਗਰੁੱਪ ਫ਼ੋਟੋ ਵੀ ਖਿਚਵਾਈ।

ਮੁੱਖ ਵੇਰਵੇ

ਸਥਾਨ : ਧੂਰੀ, ਜ਼ਿਲ੍ਹਾ ਸੰਗਰੂਰ (ਪੰਜਾਬ)

ਪ੍ਰੋਜੈਕਟ : ਵਾਟਰ ਟਰੀਟਮੈਂਟ ਪਲਾਂਟ (Water Treatment Plant)

ਸਮਰੱਥਾ : 14 ਮਿਲੀਅਨ ਲੀਟਰ ਪ੍ਰਤੀ ਦਿਨ (14 MLD)

ਨੀਂਹ ਪੱਥਰ ਰੱਖਣ ਵਾਲੀ ਸ਼ਖ਼ਸੀਅਤ ਭਗਵੰਤ ਮਾਨ (ਮੁੱਖ ਮੰਤਰੀ, ਪੰਜਾਬ)

ਮੁੱਖ ਮਕਸਦ : ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਨੂੰ ਨਹਿਰੀ/ਸਾਫ਼ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣਾ

ਪ੍ਰੋਜੈਕਟ ਦੀ ਅਹਿਮੀਅਤ

ਧੂਰੀ ਵਾਸੀਆਂ ਨੂੰ ਮਿਲੇਗਾ ਸਾਫ਼ ਪਾਣੀ: 14 MLD ਦੀ ਸਮਰੱਥਾ ਵਾਲਾ ਇਹ ਵਾਟਰ ਟਰੀਟਮੈਂਟ ਪਲਾਂਟ ਮੁਕੰਮਲ ਹੋਣ ਤੋਂ ਬਾਅਦ ਧੂਰੀ ਸ਼ਹਿਰ ਅਤੇ ਲਾਗਲੇ ਖੇਤਰਾਂ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਵੱਡੀ ਘਾਟ ਨੂੰ ਪੂਰਾ ਕਰੇਗਾ।

ਜ਼ਮੀਨੀ ਪਾਣੀ 'ਤੇ ਨਿਰਭਰਤਾ ਘਟੇਗੀ: ਇਸ ਪ੍ਰੋਜੈਕਟ ਨਾਲ ਧਰਤੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਅਤੇ ਦੂਸ਼ਿਤ ਪਾਣੀ ਦੀ ਸਮੱਸਿਆ ਤੋਂ ਲੋਕਾਂ ਨੂੰ ਰਾਹਤ ਮਿਲੇਗੀ।

ਹਲਕੇ ਦੇ ਵਿਕਾਸ ਕਾਰਜਾਂ ਨੂੰ ਹੁਲਾਰਾ: ਮੁੱਖ ਮੰਤਰੀ ਵਜੋਂ ਭਗਵੰਤ ਮਾਨ ਵੱਲੋਂ ਆਪਣੇ ਹਲਕੇ ਵਿੱਚ ਬੁਨਿਆਦੀ ਢਾਂਚੇ ਅਤੇ ਨਾਗਰਿਕ ਸਹੂਲਤਾਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇਹ ਇੱਕ ਵੱਡਾ ਕਦਮ ਹੈ।



**ਸਦੀ ਦਾ ਲੇਖਾ-ਜੋਖਾ — ਸੱਤਾ, ਸੰਘ ਅਤੇ ਬਹੁਲਵਾਦ ਦਾ ਭਵਿੱਖ ਵਿਚਾਰਧਾਰਕ ਦਬਦਬਾ ਅਤੇ ਗੰਭੀਰ ਸਵਾਲ**

**ਸੌ ਸਾਲਾਂ ਦਾ ਇਤਿਹਾਸ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਦਾ ਨਾਮ ਨਹੀਂ; ਇਹ ਕਿਸੇ ਵਿਚਾਰਧਾਰਾ ਵੱਲੋਂ ਪੂਰੇ ਦੇਸ਼ ਦੀ ਰੂਹ, ਸੰਵਿਧਾਨਕ ਬੁਨਿਆਦ ਅਤੇ ਸਮਾਜਿਕ ਤਾਣੇ-ਬਾਣੇ 'ਤੇ ਪਾਏ ਗਏ ਪ੍ਰਭਾਵਾਂ ਦਾ ਬੇਬਾਕ ਲੇਖਾ-ਜੋਖਾ ਹੁੰਦਾ ਹੈ। 1925 ਵਿੱਚ ਨਾਗਪੁਰ ਵਿਖੇ ਮੁੱਠੀ ਭਰ ਵਲੰਟੀਅਰਾਂ ਨਾਲ ਸ਼ੁਰੂ ਹੋਇਆ 'ਰਾਸ਼ਟਰੀ ਸਵੈਮ-ਸੇਵਕ ਸੰਘ' (RSS) ਅੱਜ 2026 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਤੀ, ਨਿਆਂ, ਸੱਤਾ ਅਤੇ ਸੱਭਿਆਚਾਰਕ ਦਿਸ਼ਾ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰ ਚੁੱਕਾ ਹੈ। ਪਰ ਇਸ ਇੱਕ ਸਦੀ ਦੇ ਸਫ਼ਰ ਨੇ ਭਾਰਤ ਦੇ ਬਹੁਲਵਾਦੀ ਸਰੂਪ ਅਤੇ ਸੰਵਿਧਾਨਕ ਧਰਮ-ਨਿਰਪੱਖਤਾ ਅੱਗੇ ਡੂੰਘੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਸਿੱਖ ਕੌਮ ਦੀ ਸੁਤੰਤਰ ਪਛਾਣ, ਪ੍ਰਭੁਸੱਤਾ ਅਤੇ ਪੰਥਕ ਖੁਦਮੁਖਤਿਆਰੀ ਨੂੰ ਆਪਣੇ ਵਿਸ਼ਾਲ 'ਹਿੰਦੂ ਸੱਭਿਅਤਾ' ਦੇ ਦਾਇਰੇ ਵਿੱਚ ਸਮੋਣ (ਅਸਿਮਿਲੇਟ ਕਰਨ) ਦੀਆਂ ਨਿਰੰਤਰ ਕੋਸ਼ਿਸ਼ਾਂ ਨੇ ਇੱਕ ਗੰਭੀਰ ਵਿਚਾਰਧਾਰਕ ਟਕਰਾਅ ਨੂੰ ਜਨਮ ਦਿੱਤਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਖੋਜ-ਪੱਤਰ ਕਿਸੇ ਸਿਆਸੀ ਨਾਅਰੇਬਾਜ਼ੀ ਤੋਂ ਮੁਕਤ ਹੋ ਕੇ, ਨਿਰੋਲ ਇਤਿਹਾਸਕ ਅਤੇ ਅਕਾਦਮਿਕ ਦਸਤਾਵੇਜ਼ਾਂ ਦੀ ਰੌਸ਼ਨੀ ਵਿੱਚ ਸੰਘ ਦੇ ਪੂਰੇ ਤੰਤਰ ਦੀ ਚੀਰ-ਫਾੜ ਕਰਦਾ ਹੈ। ਇਹ ਵਿਸ਼ਲੇਸ਼ਣ ਗਾਂਧੀ ਕਤਲ ਦੇ ਇਤਿਹਾਸਕ ਵਿਵਾਦਾਂ, ਆਜ਼ਾਦੀ ਤੋਂ ਬਾਅਦ ਲੱਗੀਆਂ ਤਿੰਨ ਪਾਬੰਦੀਆਂ, ਬਿਨਾਂ ਰਜਿਸਟ੍ਰੇਸ਼ਨ ਵਾਲੇ ਅਸਪਸ਼ਟ ਸੰਗਠਨਾਤਮਕ ਢਾਂਚੇ ਅਤੇ ਭਾਜਪਾ ਰਾਹੀਂ ਰਾਜਸੱਤਾ ਉੱਤੇ ਬਣੇ ਅਸਾਧਾਰਨ ਗਲਬੇ ਤੋਂ ਲੈ ਕੇ ਅਮਰੀਕਾ (ਵਿਸ਼ੇਸ਼ ਤੌਰ 'ਤੇ ਕੈਲੀਫੋਰਨੀਆ) ਵਿੱਚ ਫੈਲੇ ਇਸਦੇ ਕੌਮਾਂਤਰੀ ਲਾਬਿੰਗ ਨੈੱਟਵਰਕ ਦੀਆਂ ਅਸਲ ਪਰਤਾਂ ਨੂੰ ਨੰਗਾ ਕਰਦਾ ਹੈ। ਜਦੋਂ ਭਾਰਤ ਨੂੰ ਇੱਕ ਬਹੁ-ਸੱਭਿਆਚਾਰਕ ਗਣਰਾਜ ਤੋਂ ਬਹੁਗਿਣਤੀਵਾਦੀ 'ਹਿੰਦੂ ਰਾਸ਼ਟਰ' ਵਿੱਚ ਤਬਦੀਲ ਕਰਨ ਦੀ ਮੁਹਿੰਮ ਆਪਣੇ ਸਿਖ਼ਰਾਂ 'ਤੇ ਹੈ, ਇਹ ਲਿਖਤ ਹਰ ਸੁਚੇਤ ਪਾਠਕ, ਖੋਜੀ ਅਤੇ ਕੌਮਾਂਤਰੀ ਨੀਤੀ-ਘਾੜੇ ਲਈ ਇੱਕ ਲਾਜ਼ਮੀ ਇਤਿਹਾਸਕ ਦਸਤਾਵੇਜ਼ ਹੈ। ਇਹ ਸਵਾਲ ਸਿਰਫ਼ ਸੰਘ ਦੀ ਪਹਿਲੀ ਸਦੀ ਦਾ ਨਹੀਂ, ਸਗੋਂ ਸਮੁੱਚੇ ਦੱਖਣੀ ਏਸ਼ੀਆ ਦੇ ਲੋਕਤੰਤਰੀ ਭਵਿੱਖ ਅਤੇ ਘੱਟ ਗਿਣਤੀਆਂ ਦੀ ਹੋਂਦ ਦਾ ਹੈ। ਅਸੀਂ ਕੈਲੀਫੋਰਨੀਆਂ ਤੋਂ ਅਮਰੀਕਾ ਦੇ ਉਘੇ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ (MD) ਦਾ ਇਹ ਬੇਬਾਕ ਨਿੱਠ ਕੇ ਕੀਤਾ ਗਿਆ ਇਤਿਹਾਸਕ ਅਧਿਐਨ ਖੋਜ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। -- ਸਤਨਾਮ ਸਿੰਘ ਖਾਲਸਾ**



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਰਾਸ਼ਟਰੀ ਸਵੈਮ-ਸੇਵਕ ਸੰਘ ਸੌ ਸਾਲਾਂ ਦੇ ਮੋੜ 'ਤੇ

# ਸੰਗਠਨ, ਵਿਚਾਰਧਾਰਾ, ਰਾਜਨੀਤਿਕ ਤਾਕਤ, ਅਤੇ ਅੰਤਰਰਾਸ਼ਟਰੀ ਪਹੁੰਚ, 1925-2026

**(ਪਿਛਲੇ ਅੰਕ ਦੀ ਬਾਕੀ)**

2. ਅੰਤਰਰਾਸ਼ਟਰੀ ਦਮਨ ਬਿੱਲ (SB 509): 2025 ਵਿੱਚ, ਨਿਊਸਮ ਨੇ SB 509 ਨੂੰ ਵੀਟੋ ਕਰ ਦਿੱਤਾ, ਜੋ ਕਿ ਇੱਕ ਦੋ-ਪੱਖੀ ਬਿੱਲ ਸੀ ਜਿਸ ਤਹਿਤ ਕੈਲੀਫੋਰਨੀਆ ਵਿੱਚ ਅੰਤਰਰਾਸ਼ਟਰੀ ਦਮਨ (ਵਿਦੇਸ਼ੀ ਸਰਕਾਰਾਂ ਵੱਲੋਂ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣਾ) ਦੀ ਪਛਾਣ ਕਰਨ ਅਤੇ ਕਾਰਵਾਈ ਕਰਨ ਲਈ ਸਿਖਲਾਈ ਦੀ ਲੋੜ ਸੀ। ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਸਮੂਹਾਂ ਨੇ ਬਿੱਲ ਦਾ ਸਮਰਥਨ ਕੀਤਾ; CoHNA ਨੇ ਇਸਦਾ ਵਿਰੋਧ ਕੀਤਾ ਅਤੇ ਵੀਟੋ ਦਾ ਸਵਾਗਤ ਕੀਤਾ, ਇਹ ਦਲੀਲ ਦਿੰਦੇ ਹੋਏ ਕਿ ਇਸਦੀਆਂ ਪਰਿਭਾਸ਼ਾਵਾਂ ਪ੍ਰਵਾਸੀ ਭਾਈਚਾਰਿਆਂ ਨੂੰ ਬਦਨਾਮ ਕਰਨ ਦਾ ਖ਼ਤਰਾ ਪੈਦਾ ਕਰਦੀਆਂ ਹਨ। ਨਿਊਸਮ ਨੇ ਫੈਡਰਲ ਨੀਤੀ ਨਾਲ ਤਾਲਮੇਲ ਦੀ ਲੋੜ 'ਤੇ ਜ਼ੋਰ ਦਿੱਤਾ। ਇੱਥੇ ਵੀ, ਸੰਗਠਿਤ ਪ੍ਰਵਾਸੀ ਵਿਰੋਧ ਸਪੱਸ਼ਟ ਹੈ, ਜਦੋਂ ਕਿ ਇਹ ਦਾਅਵਾ ਕਰਨਾ ਕਿ 'RSS ਦੇ ਸਹਿਯੋਗੀਆਂ ਨੇ ਗਵਰਨਰ ਤੋਂ ਬਿੱਲ ਵੀਟੋ ਕਰਵਾਇਆ', ਜਨਤਕ ਸਬੂਤਾਂ ਤੋਂ ਬਾਹਰ ਦੀ ਗੱਲ ਹੈ। ਪ੍ਰਭਾਵ ਦਾ ਅਧਿਐਨ ਲਾਬਿੰਗ ਰਿਕਾਰਡਾਂ, ਮੀਟਿੰਗਾਂ, ਦਾਨ, ਗਠਜੋੜ ਸੰਚਾਰਾਂ ਅਤੇ ਬਿੱਲ ਦੀ ਭਾਸ਼ਾ ਵਿੱਚ ਤਬਦੀਲੀਆਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ—ਨਾ ਕਿ ਸਿਰਫ਼ ਅੰਤਿਮ ਨਤੀਜੇ ਤੋਂ ਅੰਦਾਜ਼ਾ ਲਗਾ ਕੇ।

**15. ਸ਼ਤਾਬਦੀ ਵਰ੍ਹੇ ਵਿੱਚ ਅੰਤਰਰਾਸ਼ਟਰੀ ਪੜਤਾਲ**

ਜਦੋਂ ਮੋਹਨ ਭਾਗਵਤ ਨੇ 25 ਅਗਸਤ 2026 ਤੋਂ ਸੰਯੁਕਤ ਰਾਜ ਅਮਰੀਕਾ, ਕੈਨੇਡਾ ਅਤੇ ਯੂਨਾਈਟਿਡ ਕਿੰਗਡਮ ਦਾ ਦੌਰਾ ਕਰਨ ਦੀ ਤਿਆਰੀ ਕੀਤੀ, ਤਾਂ ਆਲੋਚਕਾਂ ਨੇ ਅਧਿਕਾਰਤ ਮਾਨਤਾ ਦੇ ਵਿਰੁੱਧ ਲਾਮਬੰਦੀ ਕੀਤੀ, ਅਤੇ ਕੈਨੇਡਾ ਵਿੱਚ ਕੁਝ ਸੰਗਠਨਾਂ ਤੇ ਰਾਜਨੀਤਿਕ ਹਸਤੀਆਂ ਨੇ ਉਹਨਾਂ ਦੇ ਦਾਖਲੇ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ। ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (USCIRF) ਨੇ RSS ਨਾਲ ਜੁੜੀਆਂ ਉਹਨਾਂ ਸ਼ਖਸੀਅਤਾਂ ਵਿਰੁੱਧ ਪਾਬੰਦੀਆਂ ਦੀ ਮੰਗ ਕੀਤੀ ਜਿਨ੍ਹਾਂ ਨੂੰ ਉਹ ਗੰਭੀਰ ਧਾਰਮਿਕ-ਸੁਤੰਤਰਤਾ ਉਲੰਘਣਾਵਾਂ ਨਾਲ ਜੋੜਦਾ ਹੈ ਅਤੇ ਉੱਚ-ਪੱਧਰੀ ਸਨਮਾਨਾਂ ਵਿਰੁੱਧ ਅਪੀਲ ਕੀਤੀ।

ਇਸ ਦੌਰੇ ਦੇ ਸਮਰਥਕਾਂ ਨੇ ਇਹਨਾਂ ਅਪੀਲਾਂ ਨੂੰ ਵਿਚਾਰਧਾਰਕ ਜਾਂ ਵਿਤਕਰੇ ਭਰਪੂਰ ਦੱਸ ਕੇ ਰੱਦ ਕਰ ਦਿੱਤਾ ਅਤੇ ਰਿਪੋਰਟਾਂ ਅਨੁਸਾਰ 100 ਤੋਂ ਵੱਧ ਕੈਨੇਡੀਅਨ ਸੰਗਠਨਾਂ ਨੇ ਉਹਨਾਂ ਦੇ ਦੌਰੇ ਦੇ ਅਧਿਕਾਰ ਦਾ ਬਚਾਅ ਕੀਤਾ। ਇਹ ਵਿਵਾਦ ਭਾਰਤੀ ਵਿਚਾਰਧਾਰਕ ਰਾਜਨੀਤੀ ਦੇ ਵਿਸ਼ਵੀਕਰਨ ਨੂੰ ਦਰਸਾਉਂਦੇ ਹਨ: ਪ੍ਰਵਾਸੀ ਸੰਸਥਾਵਾਂ ਹੁਣ ਨਾ ਸਿਰਫ਼ ਭਾਰਤ ਦੇ ਘਰੇਲੂ ਰਿਕਾਰਡ 'ਤੇ ਸਵਾਲ ਉਠਾਉਂਦੀਆਂ ਹਨ, ਸਗੋਂ ਵਿਦੇਸ਼ਾਂ ਵਿੱਚ ਇਸਦੀਆਂ ਸਭ ਤੋਂ ਸ਼ਕਤੀਸ਼ਾਲੀ ਸਮਾਜਿਕ ਲਹਿਰਾਂ ਦੀ ਜਾਇਜ਼ਤਾ, ਪਹੁੰਚ ਅਤੇ ਜਨਤਕ ਸਥਿਤੀ ਦਾ ਵੀ ਮੁਕਾਬਲਾ ਕਰਦੀਆਂ ਹਨ।

16. ਸਿੱਟਾ

RSS ਦੇ ਪਹਿਲੇ ਸੌ ਸਾਲ ਇੱਕ ਅਜਿਹੇ ਸੰਗਠਨਾਤਮਕ ਢਾਂਚੇ ਨੂੰ ਪ੍ਰਗਟ ਕਰਦੇ ਹਨ ਜੋ ਲੋਕਤੰਤਰੀ ਜਨਤਕ ਰਾਜਨੀਤੀ ਲਈ ਅਸਾਧਾਰਨ ਤੌਰ 'ਤੇ ਅਨੁਕੂਲ ਹੈ। ਇਹ ਚੋਣਾਂ ਤੋਂ ਪਹਿਲਾਂ ਲੋਕਾਂ 'ਤੇ ਕਾਨੂੰਨ ਤੋਂ ਪਹਿਲਾਂ ਸੱਭਿਆਚਾਰ 'ਤੇ, ਅਤੇ ਰਸਮੀ ਨਿਯੰਤਰਣ ਤੋਂ ਪਹਿਲਾਂ ਨੈੱਟਵਰਕਾਂ 'ਤੇ ਨਿਵੇਸ਼ ਕਰਦਾ ਹੈ। ਇਸਦਾ ਪ੍ਰਭਾਵ ਸਿਖਿਅਤ ਕਾਡਰਾਂ, ਸਾਂਝੇ ਬਿਰਤਾਂਤਾਂ, ਸਮਾਜ ਸੇਵਾ, ਸੰਬੰਧਿਤ ਸੰਸਥਾਵਾਂ ਅਤੇ ਅਜਿਹੇ ਸਬੰਧਾਂ ਰਾਹੀਂ ਫੈਲਦਾ ਹੈ ਜੋ ਅਕਸਰ ਅਸਲੀ ਹੁੰਦੇ ਹਨ ਪਰ ਸਿਰਫ਼ ਕਾਨੂੰਨੀ ਮਲਕੀਅਤ ਤੱਕ ਸੀਮਤ ਨਹੀਂ ਹੁੰਦੇ। ਇਹ ਢਾਂਚਾ ਲਚਕਤਾ, ਲੰਬੀ ਉਮਰ ਅਤੇ ਕਈ ਵਾਰ ਜਵਾਬਦੇਹੀ ਤੋਂ ਬਚਣ ਦੀ ਸਹੂਲਤ ਦਿੰਦਾ ਹੈ।

RSS ਦੀ ਸਭ ਤੋਂ ਮਜ਼ਬੂਤ ਆਲੋਚਨਾ ਬਿਨਾਂ ਸਬੂਤਾਂ ਵਾਲੇ ਦਾਅਵਿਆਂ 'ਤੇ ਨਿਰਭਰ ਨਹੀਂ ਕਰਦੀ। ਸੰਗਠਨ 'ਤੇ ਤਿੰਨ ਵਾਰ ਪਾਬੰਦੀ ਲਗਾਈ ਗਈ ਸੀ, ਪਰ ਪਾਬੰਦੀਆਂ ਦੇ ਕਾਨੂੰਨੀ ਇਤਿਹਾਸ ਵੱਖਰੇ ਸਨ। ਗੋਡਸੇ ਦੇ ਹਿੰਦੂ-ਰਾਸ਼ਟਰਵਾਦੀ ਸਬੰਧ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਹਨ, ਪਰ ਗਾਂਧੀ ਦੇ ਕਤਲ ਲਈ ਸੰਸਥਾਗਤ ਜ਼ਿੰਮੇਵਾਰੀ ਅਦਾਲਤ ਵਿੱਚ ਸਾਬਤ ਨਹੀਂ ਹੋਈ ਸੀ। HSS ਸੰਸਥਾਵਾਂ ਸਪੱਸ਼ਟ ਵਿਚਾਰਧਾਰਕ ਅਤੇ ਸੰਗਠਨਾਤਮਕ ਸਮਾਨਤਾਵਾਂ ਸਾਂਝੀਆਂ ਕਰਦੀਆਂ ਹਨ, ਪਰ ਰਸਮੀ ਨਿਯੰਤਰਣ ਨੂੰ ਹਰੇਕ ਦੇਸ਼ ਦੇ ਕਾਨੂੰਨੀ ਦਾਇਰੇ ਅਨੁਸਾਰ ਹੀ ਸਾਬਤ ਕੀਤਾ ਜਾਣਾ ਚਾਹੀਦਾ ਹੈ। ਹਿੰਦੂ ਅਮਰੀਕੀ ਸਮੂਹਾਂ ਨੇ ਕੈਲੀਫੋਰਨੀਆ ਦੇ ਕਾਨੂੰਨਾਂ ਨੂੰ ਰੋਕਣ ਵਿੱਚ ਭੂਮਿਕਾ ਨਿਭਾਈ, ਪਰ ਗਵਰਨਰ ਪੱਧਰ 'ਤੇ ਸਿੱਧਾ ਕਾਰਨ ਸਬੂਤਾਂ ਤੋਂ ਬਿਨਾਂ ਸਥਾਪਿਤ ਨਹੀਂ ਕੀਤਾ ਜਾ ਸਕਦਾ।

**ਇਹ ਸ਼ੁੱਧਤਾ ਮੁੱਖ ਦਲੀਲ ਨੂੰ ਹੋਰ ਮਜ਼ਬੂਤ ਕਰਦੀ ਹੈ:** RSS ਨੇ ਭਾਰਤ ਨੂੰ ਇੱਕ ਰਸਮੀ ਤੌਰ 'ਤੇ ਬਹੁਲਵਾਦੀ (pluralist) ਰਾਸ਼ਟਰਵਾਦੀ ਸਹਿਮਤੀ ਤੋਂ ਇੱਕ ਅਜਿਹੀ ਰਾਜਨੀਤਿਕ ਵਿਵਸਥਾ ਵੱਲ ਲਿਜਾਣ ਵਿੱਚ ਮਦਦ ਕੀਤੀ ਹੈ ਜਿੱਥੇ ਹਿੰਦੂ ਸੱਭਿਆਚਾਰਕ ਪਛਾਣ ਕੌਮੀ ਸਾਂਝ ਦੀਆਂ ਹੱਦਾਂ ਨੂੰ ਤੈਅ ਕਰਦੀ ਹੈ। ਕੀ ਇਸ ਵਿਕਾਸ ਨੂੰ ਰਾਸ਼ਟਰੀ ਪੁਨਰ-ਸੁਰਜੀਤੀ ਵਜੋਂ ਦਰਸਾਇਆ ਜਾਵੇ ਜਾਂ ਬਹੁਗਿਣਤੀਵਾਦੀ ਲੋਕਤੰਤਰੀ ਗਿਰਾਵਟ ਵਜੋਂ— ਇਹੀ RSS ਦੀ ਦੂਜੀ ਸਦੀ ਦਾ ਸਭ ਤੋਂ ਵੱਡਾ ਨਿਰਣਾਇਕ ਵਿਵਾਦ ਹੈ।




ਨੋਟਸ ਅਤੇ ਚੋਣਵੇਂ ਸਰੋਤ (Notes and selected sources)

1. ਕ੍ਰਿਸਟੋਫ ਜਾਫਰਲੋਟ, ਦ ਹਿੰਦੂ ਨੈਸ਼ਨਲਿਸਟ ਮੂਵਮੈਂਟ ਐਂਡ ਇੰਡੀਅਨ ਪਾਲੀਟਿਕਸ (ਕੋਲੰਬੀਆ ਯੂਨੀਵਰਸਿਟੀ ਪ੍ਰੈਸ, 1996)।
2. ਵਾਲਟਰ ਕੇ. ਐਂਡਰਸਨ ਅਤੇ ਸ਼੍ਰੀਧਰ ਡੀ. ਦਾਮਲੇ, ਦ ਬ੍ਰਦਰਹੁੱਡ ਇਨ ਸੈਫਰਨ (ਵੈਸਟਵਿਊ ਪ੍ਰੈਸ, 1987), ਅਤੇ ਦ ਆਰ.ਐਸ.ਐਸ: ਏ ਵਿਊ ਟੂ ਦ ਇਨਸਾਈਡ (ਪੈਂਗੁਇਨ, 2018)।
3. ਥਾਮਸ ਬਲੌਮ ਹੈਨਸਨ, ਦ ਸੈਫਰਨ ਵੇਵ: ਡੈਮੋਕਰੇਸੀ ਐਂਡ ਹਿੰਦੂ ਨੈਸ਼ਨਲਿਜ਼ਮ ਇਨ ਮਾਡਰਨ ਇੰਡੀਆ (ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 1999)।
4. ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਰਿਸਰਚ ਡਾਇਰੈਕਟੋਰੇਟ / ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ਼ ਕੈਨੇਡਾ, 'ਦ ਸੰਘ ਪਰਿਵਾਰ', 10 ਮਈ 2024।
5. ਯੂਨਾਈਟਿਡ ਕਿੰਗਡਮ ਸਰਕਾਰ, ਚੈਰਿਟੀ ਕਮਿਸ਼ਨ ਇਨਕੁਆਇਰੀ ਰਿਪੋਰਟ-ਹਿੰਦੂ ਸਵੈਮ-ਸੇਵਕ ਸੰਘ (UK), 2 ਸਤੰਬਰ 2016।
6. ਐਸੋਸੀਏਟਿਡ ਪ੍ਰੈਸ, 'ਕੈਲੀਫੋਰਨੀਆ ਦੇ ਗਵਰਨਰ ਨੇ ਜਾਤੀ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਵੀਟੋ ਕੀਤਾ', 7 ਅਕਤੂਬਰ 2023।
7. ਕੈਲੀਫੋਰਨੀਆ ਲੈਜਿਸਲੇਚਰ, SB 509 (2025-2026), ਦਰਜ ਟੈਕਸਟ ਅਤੇ ਵਿਧਾਨਕ ਇਤਿਹਾਸ।
8. ਸਿੱਖ ਕੋਲੀਸ਼ਨ, 'ਕੈਲੀਫੋਰਨੀਆ ਦੇ ਟਰਾਂਸਨੈਸ਼ਨਲ ਰਿਪ੍ਰੈਸ਼ਨ ਬਿੱਲ ਦੇ ਵੀਟੋ 'ਤੇ ਬਿਆਨ', 14 ਅਕਤੂਬਰ 2025।
9. ਕੋਲੀਸ਼ਨ ਆਫ਼ ਹਿੰਦੂਜ਼ ਆਫ਼ ਨੌਰਥ ਅਮਰੀਕਾ (CoHNA), SB 509 ਵੀਟੋ ਦਾ ਸਵਾਗਤ ਕਰਦਾ ਬਿਆਨ, 13 ਅਕਤੂਬਰ 2025।
10. ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ (USCIRF), 'ਭਾਰਤ ਵਿੱਚ ਧਾਰਮਿਕ ਸੁਤੰਤਰਤਾ ਦੀਆਂ ਸਥਿਤੀਆਂ।'
11. ਦ ਕਾਰਵਾਂ (The Caravan), 'ਇਤਿਹਾਸ ਦੇ ਸਭ ਤੋਂ ਵੱਡੇ ਕੱਟੜ-ਸੱਜੇਪੱਖੀ ਨੈੱਟਵਰਕ ਦਾ ਪਰਦਾਫਾਸ਼', 10 ਦਸੰਬਰ 2025।
12. ਨਿਊਜ਼ਲੌਂਡਰੀ (Newslaundry), 'ਅਮਰੀਕਾ ਵਿੱਚ RSS ਲਾਬਿੰਗ ਦੇ ਰਹੱਸ ਦੀ ਅੰਦਰੂਨੀ ਕਹਾਣੀ', 24 ਨਵੰਬਰ 2025।
13. ਹਿੰਦੁਸਤਾਨ ਟਾਈਮਜ਼, 'ਅਮਰੀਕੀ ਲਾਬੀ ਫਰਮ ਨੇ ਕਿਹਾ ਕਿ RSS ਹੁਣ ਉਸਦਾ ਕਲਾਇੰਟ ਨਹੀਂ ਹੈ', 31 ਜਨਵਰੀ 2026।
14. ਮਾਰਥਾ ਸੀ. ਨੁਸਬੌਮ, ਦ ਕਲੈਸ਼ ਵਿਦਇਨ: ਡੈਮੋਕਰੇਸੀ, ਰਿਲੀਜੀਅਸ ਵਾਇਲੈਂਸ, ਐਂਡ ਇੰਡੀਆਜ਼ ਫਿਊਚਰ (ਹਾਰਵਰਡ ਯੂਨੀਵਰਸਿਟੀ ਪ੍ਰੈਸ, 2007)।
15. ਜੇ. ਐਲ. ਕਪੂਰ, ਮਹਾਤਮਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਦੀ ਜਾਂਚ ਲਈ ਕਮਿਸ਼ਨ ਦੀ ਰਿਪੋਰਟ (ਭਾਰਤ ਸਰਕਾਰ, 1969)।
16. ਇਕਨਾਮਿਕ ਐਂਡ ਪੋਲੀਟੀਕਲ ਵੀਕਲੀ (EPW), 'RSS 'ਤੇ ਪਾਬੰਦੀ ਕਿਵੇਂ ਹਟਾਈ ਗਈ', ਫਰਵਰੀ 1948-ਜੁਲਾਈ 1949 ਦੀ ਪਾਬੰਦੀ ਦੇ ਦਸਤਾਵੇਜ਼।
17. ਗਾਂਧੀ ਹੈਰੀਟੇਜ ਪੋਰਟਲ, 20 ਜਨਵਰੀ 1948 ਦੀ ਅਸਫਲ ਕੋਸ਼ਿਸ਼ ਅਤੇ 30 ਜਨਵਰੀ 1948 ਦੇ ਕਤਲ ਦਾ ਵੇਰਵਾ।

**(ਸਮਾਪਤ)**

# ਐੱਸ ਆਈ ਆਰ ਦਾ ਪੜ੍ਹਾਈ 'ਤੇ ਅਸਰ

ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਪ੍ਰਸ਼ਾਸਨਿਕ ਅਤੇ ਸਿਆਸੀ ਕਾਰਨਾਂ ਕਰਕੇ ਲਗਾਤਾਰ ਸਵਾਲਾਂ ਦੇ ਘੇਰੇ ਵਿੱਚ ਹੈ। ਕਰੋੜਾਂ ਯੋਗ ਨਾਗਰਿਕਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਕੱਟੇ ਜਾਣ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਚੋਣ ਕਮਿਸ਼ਨ ਨੇ ਆਪਣੇ ਸੂਬਾਈ ਚੋਣ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਉਨ੍ਹਾਂ ਖੇਤਰਾਂ ਵਿੱਚ, ਜਿੱਥੇ ਵੋਟਰ ਸੂਚੀ ਦੀ ਸੁਧਾਈ ਦਾ ਕੰਮ ਮੁਕੰਮਲ ਹੋ ਚੁੱਕਾ ਹੈ, 'ਰਹਿ ਗਏ' ਅਤੇ ਨਵੇਂ ਵੋਟਰਾਂ ਨੂੰ ਸ਼ਾਮਿਲ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ। ਇਸ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਦਾ ਤੀਜਾ ਪੜਾਅ ਇਸ ਵੇਲੇ ਜਾਰੀ ਹੈ, ਜਿਸ ਦੇ ਵਿਸ਼ਾਲ ਪਸਾਰ ਨੇ ਇੱਕ ਵੱਖਰੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਸਮੱਸਿਆ ਇਹ ਹੈ ਕਿ ਬਹੁਤੇ ਬੂਥ ਲੈਵਲ ਅਫਸਰ (ਬੀ ਐੱਲ ਓ) ਸਰਕਾਰੀ ਸਕੂਲਾਂ ਦੇ ਅਧਿਆਪਕ ਹਨ, ਜਿਨ੍ਹਾਂ ਦਾ ਵਧਦਾ ਕੰਮ ਹੁਣ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਉੱਤੇ ਭਾਰੀ ਪੈਣ ਲੱਗਾ ਹੈ।

ਕਰਨਾਟਕ ਵਿੱਚ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਦਾ ਮਿਡ-ਟਰਮ ਪ੍ਰੀਖਿਆਵਾਂ ਵਿੱਚ ਮਾੜਾ ਹਾਲ ਰਿਹਾ ਕਿਉਂਕਿ ਉਨ੍ਹਾਂ ਦੇ ਅਧਿਆਪਕ ਪਿਛਲੇ ਤਿੰਨ ਮਹੀਨਿਆਂ ਤੋਂ ਐੱਸ ਆਈ ਆਰ ਦੀ ਡਿਊਟੀ 'ਤੇ ਸਨ ਅਤੇ ਸਕੂਲਾਂ ਵਿੱਚ ਪੜ੍ਹਾਈ ਠੱਪ ਰਹੀ। ਪੜ੍ਹਾਈ ਦੇ ਨੁਕਸਾਨ ਦੀ ਤਸਦੀਕ ਮਹਾਰਾਸ਼ਟਰ, ਪੰਜਾਬ, ਹਰਿਆਣਾ ਅਤੇ ਦਿੱਲੀ ਤੋਂ ਆਈਆਂ ਰਿਪੋਰਟਾਂ ਵੀ ਕਰਦੀਆਂ ਹਨ। ਅਧਿਆਪਕ ਆਪਣੇ ਦਿਨ ਦਾ ਵੱਡਾ ਹਿੱਸਾ ਵੋਟਰਾਂ ਦੀ ਪੜਤਾਲ, ਮੀਟਿੰਗਾਂ ਅਤੇ ਡੇਟਾ ਤਿਆਰ ਕਰਨ ਵਿੱਚ ਲਗਾ ਰਹੇ ਹਨ। ਮੁੰਬਈ ਦੇ ਇੱਕ ਸਕੂਲ ਵਿੱਚ ਤਾਂ 34 ਵਿੱਚੋਂ 24 ਅਧਿਆਪਕ ਬੀ ਐੱਲ ਓ ਵਜੋਂ ਡਿਊਟੀਆਂ ਨਿਭਾਅ ਰਹੇ ਸਨ।



ਵੋਟਰ ਸੂਚੀਆਂ ਦੀ ਸੁਧਾਈ ਬੇਸ਼ੱਕ ਬਹੁਤ ਜ਼ਰੂਰੀ ਹੈ ਤਾਂ ਜੋ ਕੋਈ ਵੀ ਅਸਲ ਵੋਟਰ ਬਾਹਰ ਨਾ ਰਹਿ ਜਾਵੇ, ਪਰ ਸਵਾਲ ਇਹ ਹੈ ਕਿ ਕੀ ਅਜਿਹੀ ਕਵਾਇਦ ਬੱਚਿਆਂ ਦੀ ਕਈ ਮਹੀਨਿਆਂ ਦੀ ਪੜ੍ਹਾਈ ਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀਂ ਚਲਾਈ ਜਾ ਸਕਦੀ? ਸਿੱਖਿਆ ਦਾ ਅਧਿਕਾਰ ਕਾਨੂੰਨ ਦੀ ਧਾਰਾ 27, ਚੋਣ ਨਾਲ ਜੁੜੀਆਂ ਡਿਊਟੀਆਂ ਸਮੇਤ ਕੁਝ ਖ਼ਾਸ ਅਪਵਾਦਾਂ ਨੂੰ ਛੱਡ ਕੇ, ਗ਼ੈਰ-ਵਿੱਦਿਅਕ ਕੰਮਾਂ ਲਈ ਅਧਿਆਪਕਾਂ ਦੀ ਤਾਇਨਾਤੀ 'ਤੇ ਪਾਬੰਦੀ ਲਗਾਉਂਦੀ ਹੈ। ਦਿੱਲੀ ਹਾਈਕੋਰਟ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਐੱਸ ਆਈ ਆਰ ਦੀਆਂ ਜ਼ਿੰਮੇਵਾਰੀਆਂ ਅਧਿਆਪਕਾਂ ਲਈ ਅਸਹਿ ਬੋਝ ਨਹੀਂ ਬਣਨੀਆਂ ਚਾਹੀਦੀਆਂ ਅਤੇ ਨਾ ਹੀ ਉਨ੍ਹਾਂ ਦੀ ਪੜ੍ਹਾਉਣ ਦੀ ਜ਼ਿੰਮੇਵਾਰੀ ਵਿੱਚ ਕੋਈ ਖ਼ਲਲ ਪੈਣਾ ਚਾਹੀਦਾ ਹੈ। ਇਸ ਦਿਸ਼ਾ ਵਿੱਚ ਪਹਿਲ ਦੇ ਆਧਾਰ ਉੱਤੇ ਫ਼ੌਰੀ ਸੁਧਾਰਾਤਮਕ ਕਦਮ ਚੁੱਕਣੇ ਚਾਹੀਦੇ ਹਨ। ਸਕੂਲਾਂ ਨੂੰ ਇਨ੍ਹਾਂ ਅਧਿਆਪਕਾਂ ਦੇ ਮੁੜ ਨਿਯਮਿਤ ਤੌਰ 'ਤੇ ਕਲਾਸਾਂ ਸ਼ੁਰੂ ਕਰਨ ਤੋਂ ਬਾਅਦ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦਾ ਨਵੇਂ ਸਿਰੇ ਤੋਂ ਮੁਲਾਂਕਣ ਕਰਨਾ ਚਾਹੀਦਾ ਹੈ ਤਾਂ ਜੋ ਪ੍ਰੀਖਿਆ ਦੇ ਨਤੀਜਿਆਂ ਵਿੱਚ ਬੱਚਿਆਂ ਨੂੰ ਬਿਨਾਂ ਕਿਸੇ ਕਸੂਰ ਤੋਂ ਨੁਕਸਾਨ ਨਾ ਝੱਲਣਾ ਪਵੇ। ਚੋਣਾਂ ਦੀ ਪਵਿੱਤਰਤਾ ਅਤੇ ਨਿਰਵਿਘਨ ਸਿੱਖਿਆ, ਦੋਵੇਂ ਹੀ ਸਮਾਜਿਕ ਅਤੇ ਸਰਕਾਰੀ ਜ਼ਿੰਮੇਵਾਰੀਆਂ ਹਨ। ਭਾਰਤ ਨੂੰ ਭਰੋਸੇਯੋਗ ਵੋਟਰ ਸੂਚੀ ਅਤੇ ਸੁਚਾਰੂ ਢੰਗ ਨਾਲ ਚੱਲਦੇ ਕਲਾਸਰੂਮ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਲਈ ਮਜਬੂਰ ਨਹੀਂ ਹੋਣਾ ਚਾਹੀਦਾ।

# ਬਿਨਾਂ ਸਹਿਮਤੀ ਵਾਲੇ ਫ਼ੈਸਲੇ ਰੱਦ ਕਰਾਂਗੇ: ਸੁਪਰੀਮ ਕੋਰਟ

## ਗਿਆਨੇਸ਼ ਤੇ ਹੋਰਾਂ ਦੀ ਜਵਾਬਦੇਹੀ ਤੈਅ ਕਰਾਂਗੇ: ਰਾਹੁਲ ਗਾਂਧੀ





ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਦੋ ਚੋਣ ਕਮਿਸ਼ਨਰਾਂ (ਈ ਸੀ'ਜ਼) ਦੀ ਸਹਿਮਤੀ ਤੋਂ ਬਗੈਰ ਚੋਣ ਕਮਿਸ਼ਨ ਵੱਲੋਂ ਕਥਿਤ ਕਈ ਫੈਸਲੇ ਲੈਣ ਦਾ ਦਾਅਵਾ ਕਰਦੀਆਂ ਪਟੀਸ਼ਨਾਂ 'ਤੇ ਚੋਣ ਕਮਿਸ਼ਨ ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤੇ ਹਨ। ਸਿਖਰਲੀ ਅਦਾਲਤ ਨੇ ਸਾਫ਼ ਕਰ ਦਿੱਤਾ ਕਿ ਉਹ ਕਾਨੂੰਨ ਤੋਂ ਬਾਹਰ ਜਾ ਕੇ ਜਾਂ ਸਹਿਮਤੀ ਤੋਂ ਬਗ਼ੈਰ ਲਏ ਫੈਸਲਿਆਂ ਨੂੰ ਰੱਦ ਕਰੇਗੀ। ਕੋਰਟ ਨੇ ਹਾਲਾਂਕਿ ਪਟੀਸ਼ਨ ਦੇ ਨਿਬੇੜੇ ਤੱਕ ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਨੂੰ ਕੋਈ ਵੀ ਫੈਸਲਾ ਲੈਣ ਤੋਂ ਰੋਕਣ ਸਬੰਧੀ ਅੰਤਰਿਮ ਹੁਕਮ ਪਾਸ ਕਰਨ ਤੋਂ ਨਾਂਹ ਕਰ ਦਿੱਤੀ। ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੌਏਮਾਲਿਆ ਬਾਗਚੀ ਤੇ ਜਸਟਿਸ ਵੀ ਮੋਹਨਾ ਉੱਤੇ ਆਧਾਰਿਤ ਬੈਂਚ ਨੇ ਕਿਹਾ ਕਿ ਉਹ ਕਾਨੂੰਨ ਵਿੱਚ ਮੌਜੂਦ ਉਸ 'ਛੋਟ' ਵਾਲੀ ਧਾਰਾ ਦੀ ਪੜਚੋਲ ਕਰ ਸਕਦੀ ਹੈ, ਜੋ ਮੁੱਖ ਚੋਣ ਕਮਿਸ਼ਨਰ ਨੂੰ ਅਹੁਦਾ ਛੱਡਣ ਤੋਂ ਬਾਅਦ ਵੀ ਸੁਰੱਖਿਆ ਪ੍ਰਦਾਨ ਕਰਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਸ ਨੇ ਵੱਖ ਵੱਖ ਰਾਜਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਦੌਰਾਨ ਚੋਣ ਕਮਿਸ਼ਨ ਵੱਲੋਂ ਵਰਤੇ ਜਾਂਦੇ ਫਾਰਮ 6 ਵਿੱਚ ਕਿਸੇ ਵੀ ਤਰ੍ਹਾਂ ਦੇ ਫੇਰਬਦਲ ਦੀ ਮਨਜ਼ੂਰੀ ਨਹੀਂ ਦਿੱਤੀ।

ਬੈਂਚ ਨੇ ਕਿਹਾ, "ਅਸੀਂ ਸਾਰੇ ਫੈਸਲਿਆਂ ਦੀ ਘੋਖ ਕਰਾਂਗੇ। ਜੇ ਕੋਈ ਫੈਸਲਾ ਕਾਨੂੰਨ ਮੁਤਾਬਕ ਨਾ ਹੋਇਆ, ਤਾਂ ਅਸੀਂ ਇਸ ਨੂੰ ਰੱਦ ਕਰਾਂਗੇ। ਤੁਸੀਂ ਅਦਾਲਤ ਦੀ ਤਾਕਤ ਨੂੰ ਜਾਣਦੇ ਹੋ।" ਬੈਂਚ ਨੇ ਕਿਹਾ ਕਿ ਸੀ ਈ ਸੀ ਨੂੰ ਮਿਲੀ ਛੋਟ ਤਾਂ ਜੱਜਾਂ ਕੋਲ ਵੀ ਨਹੀਂ ਹੈ। ਪਟੀਸ਼ਨਰ ਰਾਕੇਸ਼ ਕੁਮਾਰ ਸਿੰਘ ਵੱਲੋਂ ਪੇਸ਼ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਕੁਮਾਰ ਨੂੰ ਕੋਈ ਅਗਲਾ ਫੈਸਲਾ ਲੈਣ ਤੋਂ ਰੋਕਣ ਲਈ ਅੰਤਰਿਮ ਹੁਕਮਾਂ ਦੀ ਮੰਗ ਕੀਤੀ। ਸਿੰਘ ਨੇ ਇਹ ਕਹਿੰਦਿਆਂ ਸੀ ਈ ਸੀ ਨੂੰ ਮੁਅੱਤਲ ਕਰਨ ਦੀ ਮੰਗ ਕੀਤੀ ਕਿ ਦੇਸ਼ ਦਾ ਹਰੇਕ ਨਾਗਰਿਕ ਵੋਟਿੰਗ ਅਧਿਕਾਰਾਂ ਦੇ ਹਵਾਲੇ ਨਾਲ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਬੈਂਚ ਨੇ ਐਡਵੋਕੇਟ ਸ਼ੈਲੇਂਦਰ ਮਨੀ ਤ੍ਰਿਪਾਠੀ ਵੱਲੋਂ ਦਾਇਰ ਸਬੰਧਤ ਪਟੀਸ਼ਨ ਉੱਤੇ ਵੀ ਨੋਟਿਸ ਜਾਰੀ ਕੀਤਾ ਤੇ ਇਸ ਨੂੰ ਸਿੰਘ ਦੀ ਪਟੀਸ਼ਨ ਨਾਲ ਜੋੜ ਦਿੱਤਾ।

ਬੈਂਚ ਨੇ ਕਿਹਾ ਕਿ ਜੇ ਸੀ ਈ ਸੀ ਨੂੰ ਮੁਅੱਤਲ ਕੀਤਾ ਤਾਂ ਚੋਣ ਕਮਿਸ਼ਨ ਦਾ ਕੰਮਕਾਰ ਰੁਕ ਜਾਵੇਗਾ। ਬੈਂਚ ਨੇ ਕਿਹਾ, "ਚੋਣਾਂ ਕੌਣ ਕਰਵਾਏਗਾ?" ਉਂਝ ਕੋਰਟ ਨੇ ਕਿਹਾ ਕਿ ਚੋਣ ਕਮਿਸ਼ਨ ਨੂੰ ਸੰਵਿਧਾਨਕ ਹੁਕਮਾਂ ਮੁਤਾਬਕ ਕੰਮ ਕਰਨਾ ਪੈਂਦਾ ਹੈ। ਸਿੰਘ ਨੇ ਜਦੋਂ ਦਲੀਲ ਦਿੱਤੀ ਕਿ ਦੋ ਚੋਣ ਕਮਿਸ਼ਨਰ ਕੰਮਕਾਰ ਚਲਾ ਸਕਦੇ ਹਨ ਤਾਂ ਬੈਂਚ ਨੇ ਕਿਹਾ ਕਿ ਕੋਈ ਵੀ ਹੁਕਮ ਪਾਸ ਕਰਨ ਤੋਂ ਪਹਿਲਾਂ ਉਸ ਨੂੰ ਸਬੰਧਤ ਵਿਅਕਤੀਆਂ ਦਾ ਪੱਖ ਜਾਣਨਾ ਹੋਵੇਗਾ।

ਸਿੰਘ ਨੇ ਬੇਨਤੀ ਕੀਤੀ ਕਿ ਅਦਾਲਤ ਨੂੰ ਇਹ ਹੁਕਮ ਦੇਣਾ ਚਾਹੀਦਾ ਹੈ ਕਿ ਚੋਣ ਕਮਿਸ਼ਨ ਸਿਰਫ਼ ਸਰਬਸੰਮਤੀ ਨਾਲ ਜਾਂ ਬਹੁਮਤ ਨਾਲ ਹੀ ਫੈਸਲੇ ਲਵੇ। ਇਸ ਉੱਤੇ ਸੀ ਜੇ ਆਈ ਨੇ ਕਿਹਾ, "ਇਸ ਲਈ ਲਾਜ਼ਮੀ ਕਾਨੂੰਨ ਮੌਜੂਦ ਹੈ ਤੇ ਅਸੀਂ ਉਨ੍ਹਾਂ ਤੋਂ ਇਸ ਦੀ ਪਾਲਣਾ ਦੀ ਉਮੀਦ ਕਰਦੇ ਹਾਂ। ਜੇ ਕੋਈ ਉਲੰਘਣਾ ਹੋਈ, ਅਸੀਂ ਇਸ ਨੂੰ ਪੂਰੀ ਤਰ੍ਹਾਂ ਰੱਦ ਕਰ ਸਕਦੇ ਹਾਂ। ਜੇ ਕੋਈ ਫੈਸਲਾ ਕਾਨੂੰਨ ਤੋਂ ਬਾਹਰ ਜਾ ਕੇ ਲਿਆ ਜਾਂ ਸਰਬਸੰਮਤੀ ਨਾ ਹੋਈ, ਤਾਂ ਇਹ ਕੋਰਟ ਉਨ੍ਹਾਂ ਫੈਸਲਿਆਂ ਨੂੰ ਰੱਦ ਕਰ ਸਕਦੀ ਹੈ।" ਜਸਟਿਸ ਬਾਗਚੀ ਨੇ ਕਿਹਾ ਕਿ ਕੋਰਟ ਦੂਜੀ ਧਿਰ ਦਾ ਪੱਖ ਸੁਣੇ ਬਗੈਰ ਐਕਸ ਪਾਰਟੀ ਹੁਕਮ ਨਹੀਂ ਸੁਣਾ ਸਕਦੀ।

ਸਿੰਘ ਨੇ ਦਾਅਵਾ ਕੀਤਾ ਕਿ ਇਕ ਰੋਜ਼ਨਾਮਚੇ ਦੀ ਰਿਪੋਰਟ ਮਗਰੋਂ ਉੱਠੇ ਵਿਵਾਦ ਤੋਂ ਬਾਅਦ ਚੋਣ ਕਮਿਸ਼ਨ ਨੇ ਪ੍ਰੈੱਸ ਰਿਲੀਜ਼ ਜਾਰੀ ਕੀਤੀ ਸੀ, ਜਿਸ ਤੋਂ ਇਹ ਪ੍ਰਭਾਵ ਜਾਂਦਾ ਸੀ ਕਿ ਮਜ਼ਮੂਨ 'ਚ ਲਾਏ ਦੋਸ਼ ਸਹੀ ਹਨ। ਚੀਫ ਜਸਟਿਸ ਕਾਂਤ ਨੇ ਕਿਹਾ ਕਿ ਉਹ ਮਹਿਜ਼ ਅਖ਼ਬਾਰ ਦੀ ਰਿਪੋਰਟ ਦੇ ਆਧਾਰ ਉੱਤੇ ਕੋਈ ਹੁਕਮ ਨਹੀਂ ਦੇ ਸਕਦੇ।

ਇਸੇ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਇਸ ਗੱਲ ਵਿੱਚ ਹੁਣ ਕੋਈ ਸ਼ੱਕ ਸ਼ੁਬ੍ਹਾ ਨਹੀਂ ਕਿ ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਗਿਆਨੇਸ਼ ਕੁਮਾਰ ਨੇ ਫਾਰਮ 6 ਵਿੱਚ 'ਗ਼ੈਰ-ਕਾਨੂੰਨੀ ਤੇ ਇਕਪਾਸੜ' ਤਰੀਕੇ ਨਾਲ ਤਬਦੀਲੀ ਕੀਤੀ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਸੀ ਈ ਸੀ ਸਮੇਤ, 'ਜਮਹੂਰੀਅਤ ਉੱਤੇ ਕੀਤੇ ਅਪਰਾਧਿਕ ਹਮਲੇ' ਵਿੱਚ ਸ਼ਾਮਲ ਸਾਰਿਆਂ ਦੀ ਜਵਾਬਦੇਹੀ ਨਿਰਧਾਰਿਤ ਕੀਤੀ ਜਾਵੇਗੀ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਇਹ ਟਿੱਪਣੀ ਸੁਪਰੀਮ ਕੋਰਟ ਦੇ ਉਸ ਬਿਆਨ ਮਗਰੋਂ ਆਈ ਹੈ ਜਿਸ ਵਿੱਚ ਅਦਾਲਤ ਨੇ ਕਿਹਾ ਹੈ ਕਿ ਉਸ ਨੇ ਵੱਖ-ਵੱਖ ਰਾਜਾਂ ਵਿੱਚ ਵੋਟਰ ਸੂਚੀਆਂ ਦੀ 'ਵਿਸ਼ੇਸ਼ ਸੁਧਾਈ' ਦੌਰਾਨ ਚੋਣ ਕਮਿਸ਼ਨ ਵੱਲੋਂ ਵਰਤੇ ਜਾ ਰਹੇ 'ਫਾਰਮ 6' ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨੂੰ ਮਨਜ਼ੂਰੀ ਨਹੀਂ ਦਿੱਤੀ। ਗਾਂਧੀ ਨੇ ਕਿਹਾ ਕਿ ਇਹ ਇਕ ਹੋਰ ਸਬੂਤ ਹੈ ਕਿ ਸੀ ਈ ਸੀ ਨੇ ਭਾਜਪਾ ਨੂੰ ਲਾਹਾ ਦੇਣ ਲਈ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ। ਗਾਂਧੀ ਨੇ ਐਕਸ 'ਤੇ ਕੀਤੀ ਟਿੱਪਣੀ ਨਾਲ ਚੋਣ ਕਮਿਸ਼ਨ ਦੇ 26 ਸਤੰਬਰ ਦੇ ਬਿਆਨ ਅਤੇ 1 ਅਕਤੂਬਰ ਦੀ ਆਪਣੀ ਪੋਸਟ ਨੂੰ ਵੀ ਟੈਗ ਕੀਤਾ। ਫਾਰਮ 6 ਅਜਿਹੀ ਅਰਜ਼ੀ ਹੈ, ਜਿਸ ਰਾਹੀਂ ਕੋਈ ਯੋਗ ਵਿਅਕਤੀ ਪਹਿਲੀ ਵਾਰ ਵੋਟਰ ਸੂਚੀ ਵਿੱਚ ਆਪਣਾ ਨਾਮ ਸ਼ਾਮਲ ਕਰਵਾਉਣ ਲਈ ਬੇਨਤੀ ਕਰਦਾ ਹੈ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀਆਂ ਤਿੰਨ ਮੰਗਾਂ-ਸੀ ਈ ਸੀ ਗਿਆਨੇਸ਼ ਕੁਮਾਰ ਦਾ ਅਸਤੀਫ਼ਾ, ਐੱਸ ਆਈ ਆਰ ਨੂੰ ਰੱਦ ਕਰਨਾ ਅਤੇ ਈ ਵੀ ਐੱਮ ਦੀ ਥਾਂ ਬੈਲੇਟ ਪੇਪਰ ਰਾਹੀਂ ਚੋਣ- ਹਨ, ਤੇ ਇਨ੍ਹਾਂ ਬਾਰੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਕਾਂਗਰਸੀ ਵਰਕਰ ਤੇ 'ਇੰਡੀਆ' ਬਲਾਕ ਦੇ ਭਾਈਵਾਲ ਇਨ੍ਹਾਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਹਨ।

ਇਸ ਦੌਰਾਨ ਕਾਂਗਰਸ ਪਾਰਟੀ ਨੇ ਦੋਸ਼ ਲਾਇਆ ਕਿ ਸੀ ਈ ਸੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕਹਿਣ 'ਤੇ ਸੰਵਿਧਾਨ ਦੀ ਰੂਹ ਨਾਲ 'ਧੋਖਾ' ਕੀਤਾ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਇਹ ਗੱਲ ਹੁਣ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਸੀ ਈ ਸੀ ਨੇ 'ਝੂਠ' ਬੋਲਿਆ। ਉਨ੍ਹਾਂ ਐਕਸ 'ਤੇ ਕਿਹਾ, "ਸੀ ਈ ਸੀ ਨੇ ਖ਼ੁਦ ਫਾਰਮ 6 ਵਿੱਚ ਫੇਰਬਦਲ ਕੀਤੇ ਤਾਂ ਕਿ ਜੈੱਨ ਜ਼ੀ ਵੋਟਰਾਂ ਨੂੰ ਹਟਾਇਆ ਜਾ ਸਕੇ, ਜਿਨ੍ਹਾਂ ਤੋਂ ਪ੍ਰਧਾਨ ਮੰਤਰੀ ਬੁਰੀ ਤਰ੍ਹਾਂ ਡਰੇ ਹੋਏ ਹਨ।" ਪਾਰਟੀ ਦੇ ਮੀਡੀਆ ਤੇ ਪ੍ਰਚਾਰ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਐਕਸ 'ਤੇ ਕਿਹਾ, "ਈ ਸੀ ਆਈ ਨੇ ਇਹ ਦਾਅਵਾ ਕਰਦਿਆਂ ਵਿਵਾਦਿਤ 'ਫਾਰਮ 6' ਦੇ ਐਲਾਨਨਾਮੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਸੁਪਰੀਮ ਕੋਰਟ ਨੇ 'ਫਾਰਮ 6' ਉੱਤੇ ਮੋਹਰ ਲਗਾਈ ਸੀ। ਹੁਣ ਖ਼ੁਦ ਅਦਾਲਤ ਨੇ ਇਸ ਦਾਅਵੇ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ ਅਤੇ ਸਾਫ਼ ਕੀਤਾ ਹੈ ਕਿ ਉਸ ਨੇ ਭਾਰਤੀ ਚੋਣ ਕਮਿਸ਼ਨ ਵੱਲੋਂ ਵਰਤੇ ਜਾ ਰਹੇ ਸੋਧੇ ਹੋਏ 'ਫਾਰਮ 6' ਨੂੰ ਮਨਜ਼ੂਰੀ ਨਹੀਂ ਦਿੱਤੀ ਸੀ।" ਉਨ੍ਹਾਂ ਕਿਹਾ, "ਗਿਆਨੇਸ਼ ਕੁਮਾਰ ਨੂੰ ਜਲਦੀ ਕਟਹਿਰੇ 'ਚ ਖੜ੍ਹਨਾ ਹੋਵੇਗਾ।"

# ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਏ.ਆਈ.ਐਸ.ਏ. ਕਾਰਕੁਨਾਂ ਵਲੋਂ ਰੋਸ ਮਾਰਚ ਲਗਭਗ 200 ਪ੍ਰਦਰਸ਼ਨਕਾਰੀ ਹਿਰਾਸਤ 'ਚ ਲਏ ਗਏ

ਨਵੀਂ ਦਿੱਲੀ : ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਰੋਸ ਪ੍ਰਗਟ ਕਰਦਿਆਂ ਤੇ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਵਿਦਿਆਰਥੀ ਜਥੇਬੰਦੀ ਏ.ਆਈ.ਐਸ.ਏ. ਸਮੇਤ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਮੁੜ ਦਿੱਲੀ 'ਚ ਰੋਸ ਮਾਰਚ ਕੱਢਿਆ। ਪ੍ਰਦਰਸ਼ਨਕਾਰੀਆਂ ਨੇ ਪਟੇਲ ਚੌਕ ਤੋਂ ਜੰਤਰ-ਮੰਤਰ ਵੱਲ ਕੂਚ ਕਰਦਿਆਂ ਚੋਣ ਕਮਿਸ਼ਨਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਲਗਭਗ 150 ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਵਲੋਂ ਹਿਰਾਸਤ 'ਚ ਲਿਆ ਗਿਆ, ਜਿਨ੍ਹਾਂ 'ਚ ਏ.ਆਈ.ਐਸ.ਏ. ਦੀ ਕੌਮੀ ਪ੍ਰਧਾਨ ਨੇਹਾ ਬੋਰਾ, ਕਾਰਕੁਨ ਯੋਗਿੰਦਰ ਯਾਦਵ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਸ਼ਾਮਲ ਸਨ। ਏ.ਆਈ.ਐਸ.ਏ. ਮੈਂਬਰਾਂ ਨੇ ਦੱਸਿਆ ਕਿ ਸੀਨੀਅਰ ਵਕੀਲ ਕਪਿਲ ਸਿੱਬਲ, ਨਿਤਿਆ ਰਾਮਕ੍ਰਿਸ਼ਨਨ, ਪੱਲਵ ਸਿਸੋਦੀਆ ਤੇ ਪ੍ਰਸ਼ਾਂਤ ਭੂਸ਼ਣ ਦੇ ਨਾਲ-ਨਾਲ ਕਾਰਕੁਨ ਯੋਗਿੰਦਰ ਯਾਦਵ ਵੀ ਮਾਰਚ ਦੌਰਾਨ ਬੋਰਾ ਤੇ ਹੋਰ ਵਿਦਿਆਰਥੀਆਂ ਨਾਲ ਸ਼ਾਮਲ ਹੋਏ। ਜਦੋਂ ਪ੍ਰਦਰਸ਼ਨਕਾਰੀ ਵਿਰੋਧ ਵਾਲੀ ਥਾਂ ਨੇੜੇ ਇਕੱਠੇ ਹੋਏ ਤਾਂ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ 'ਚ ਲੈਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਸੁਰੱਖਿਆ ਕਰਮਚਾਰੀ ਕਈ ਥਾਵਾਂ 'ਤੇ ਤਾਇਨਾਤ ਕੀਤੇ ਗਏ ਸਨ ਤੇ ਜੰਤਰ-ਮੰਤਰ ਵੱਲ ਜਾਣ ਵਾਲੀਆਂ ਸੜਕਾਂ 'ਤੇ ਬੈਰੀਕੇਡ ਲਗਾਏ ਗਏ ਸਨ। ਏ.ਆਈ.ਐਸ.ਏ. ਮੈਂਬਰਾਂ ਨੇ ਦੋਸ਼ ਲਾਇਆ ਕਿ ਪੁਲਿਸ ਕਾਰਵਾਈ ਦੌਰਾਨ ਇਕ ਪੁਰਸ਼ ਪੁਲਿਸ ਅਧਿਕਾਰੀ ਨੇ ਬੋਰਾ ਨਾਲ ਬਦਸਲੂਕੀ ਵੀ ਕੀਤੀ ਤੇ ਦਿੱਲੀ ਪੁਲਿਸ ਦੇ ਇਕ ਹੋਰ ਅਧਿਕਾਰੀ ਨੇ ਉਸ ਨਾਲ ਬਦਤਮੀਜ਼ੀ ਕੀਤੀ। ਹਾਲਾਂਕਿ ਇਨ੍ਹਾਂ ਦੋਸ਼ਾਂ ਦੀ ਤੁਰੰਤ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਜਾ ਸਕੀ। ਇਹ ਨਵੀਂ ਲਾਮਬੰਦੀ ਉਦੋਂ ਹੋਈ ਜਦੋਂ ਸ਼ੁੱਕਰਵਾਰ ਨੂੰ ਹਿਰਾਸਤ 'ਚ ਲਏ ਗਏ ਲੋਕਾਂ ਵਿਚ ਸ਼ਾਮਲ ਬੋਰਾ ਨੇ ਕਾਰਕੁਨਾਂ ਨੂੰ ਦੁਪਹਿਰ 1 ਵਜੇ ਜੰਤਰ-ਮੰਤਰ ਵਾਪਸ ਆਉਣ ਤੇ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਕਰਨ ਤੇ ਚੋਣ ਸੂਚੀਆਂ ਦੀ ਐਸ.ਆਈ.ਆਰ. (ਵਿਸ਼ੇਸ਼ ਤੀਬਰ ਸੋਧ) ਬਾਰੇ ਚਿੰਤਾਵਾਂ ਉਠਾਉਣ ਲਈ ਆਪਣਾ ਪ੍ਰਦਰਸ਼ਨ ਜਾਰੀ ਰੱਖਣ ਦਾ ਸੱਦਾ ਦਿੱਤਾ। ਇਹ ਘਟਨਾਕ੍ਰਮ ਉਸ ਸਮੇਂ ਵਾਪਰਿਆ ਹੈ ਜਦੋਂ ਇਕ ਦਿਨ ਪਹਿਲਾਂ ਜੰਤਰ-ਮੰਤਰ ਤੇ ਆਸ-ਪਾਸ ਦੇ ਇਲਾਕਿਆਂ ਤੋਂ ਲਗਭਗ 1,000 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ 'ਚ ਲਿਆ ਗਿਆ ਸੀ, ਕਿਉਂਕਿ ਪੁਲਿਸ ਤੇ ਅਰਧ-ਸੈਨਿਕ ਬਲਾਂ ਨੇ ਪ੍ਰਦਰਸ਼ਨਕਾਰੀਆਂ ਦੇ ਵੱਡੇ ਸਮੂਹਾਂ ਨੂੰ ਵਿਰੋਧ ਵਾਲੀ ਥਾਂ 'ਤੇ ਪਹੁੰਚਣ ਤੋਂ ਰੋਕ ਦਿੱਤਾ ਸੀ। ਹਿਰਾਸਤ ਵਿਚ ਲਏ ਗਏ ਬਹੁਤ ਸਾਰੇ ਲੋਕਾਂ ਨੂੰ ਬਾਅਦ 'ਚ ਰਿਹਾਅ ਕਰ ਦਿੱਤਾ ਗਿਆ ਸੀ।



# ਚੌਧਰੀ ਮਹਿੰਦਰ ਸਿੰਘ ਟਿਕੈਤ ਦੇ ਜਨਮ ਦਿਹਾੜੇ ਮੌਕੇ ਕਿਸਾਨ ਭਵਨ ਸਿਸੌਲੀ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ





ਮੁਜ਼ੱਫ਼ਰਨਗਰ/ਸਿਸੌਲੀ : ਕਿਸਾਨਾਂ ਦੇ ਹੱਕਾਂ-ਹਿੱਤਾਂ ਲਈ ਉਮਰ ਭਰ ਲੜਨ ਵਾਲੇ ਕਿਸਾਨ ਮਸੀਹਾ ਮਹਾਤਮਾ ਚੌਧਰੀ ਮਹਿੰਦਰ ਸਿੰਘ ਟਿਕੈਤ ਜੀ ਦੇ ਜਨਮ ਦਿਹਾੜੇ ਦੇ ਪਵਿੱਤਰ ਅਵਸਰ 'ਤੇ ਕਿਸਾਨ ਭਵਨ, ਸਿਸੌਲੀ (ਮੁਜ਼ੱਫ਼ਰਨਗਰ) ਵਿਖੇ 4 ਤੋਂ 6 ਅਕਤੂਬਰ ਤੱਕ ਸ਼੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਗਏ।

ਇਸ ਮੌਕੇ ਕਿਸਾਨ ਆਗੂਆਂ ਵੱਲੋਂ ਸਮੂਹ ਸੰਗਤਾਂ ਅਤੇ ਕਿਸਾਨ ਵਰਗ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰੀ ਭਰ ਕੇ ਇਲਾਹੀ ਬਾਣੀ ਦਾ ਆਨੰਦ ਮਾਣਨ ਅਤੇ ਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਕੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ।




# ਪਾਕਿ: ਸਰਕਾਰ ਨਾਲ ਗੱਲਬਾਤ ਅਸਫਲ ਹੋਣ 'ਤੇ ਇਮਰਾਨ ਖਾਨ ਦੀ ਪਾਰਟੀ PTI ਨੇ ਸ਼ੁਰੂ ਕੀਤਾ ਮਾਰਚ





ਇਸਲਾਮਾਬਾਦ/ਪੇਸ਼ਾਵਰ : ਇਸਲਾਮਾਬਾਦ/ਪੇਸ਼ਾਵਰ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪੀਟੀਆਈ ਨੇ ਐਤਵਾਰ ਨੂੰ ਸਰਕਾਰ ਨਾਲ ਗੱਲਬਾਤ ਅਸਫਲ ਹੋਣ ਤੋਂ ਬਾਅਦ ਖੈਬਰ ਪਖਤੂਨਖਵਾ ਤੋਂ ਇਸਲਾਮਾਬਾਦ ਵੱਲ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਸੋਹੇਲ ਅਫਰੀਦੀ ਨੇ ਲੱਕੀ ਮਰਵਾਤ ਦੇ ਗਾਂਧੀ ਚੌਕ ਤੋਂ ਇਸ ਮਾਰਚ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਉਹ 8 ਅਕਤੂਬਰ ਨੂੰ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਕਾਫ਼ਲੇ ਦੇ ਖੈਰਾਬਾਦ ਪਹੁੰਚਣ ਤੋਂ ਬਾਅਦ ਆਪਣੀ ਅਗਲੀ ਕਾਰਵਾਈ ਦਾ ਐਲਾਨ ਕਰਨਗੇ। ਇਸ ਤੋਂ ਪਹਿਲਾਂ ਪੀਟੀਆਈ ਅਤੇ ਸਰਕਾਰ ਵਿਚਕਾਰ ਗੱਲਬਾਤ ਦੌਰਾਨ ਪਾਰਟੀ ਦੀਆਂ ਮੁੱਖ ਮੰਗਾਂ 'ਤੇ ਚਰਚਾ ਹੋਈ, ਜਿਸ ਵਿੱਚ ਜੇਲ੍ਹ ਵਿੱਚ ਬੰਦ ਖਾਨ ਨਾਲ ਤੁਰੰਤ ਮੁਲਾਕਾਤ ਕਰਵਾਉਣ ਅਤੇ ਉਨ੍ਹਾਂ ਨੂੰ ਅਜਿਹੇ ਹਸਪਤਾਲ ਵਿੱਚ ਤਬਦੀਲ ਕਰਨਾ ਸ਼ਾਮਲ ਹੈ, ਜਿੱਥੇ ਪ੍ਰਾਈਵੇਟ ਡਾਕਟਰ ਉਸਦੀ ਜਾਂਚ ਅਤੇ ਇਲਾਜ ਕਰ ਸਕਣ। ਗੱਲਬਾਤ ਦਾ ਪਹਿਲਾ ਦੌਰ ਸ਼ੁੱਕਰਵਾਰ ਨੂੰ ਹੋਇਆ। ਦੋਵਾਂ ਧਿਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਗੱਲਬਾਤ ਜਾਰੀ ਰੱਖਣ ਲਈ ਸਹਿਮਤੀ ਪ੍ਰਗਟਾਈ ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਪੀਟੀਆਈ ਨੇ ਖਾਨ ਨੂੰ ਹਸਪਤਾਲ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਸੀ, ਜਦੋਂ ਕਿ ਸਰਕਾਰ ਚਾਹੁੰਦੀ ਸੀ ਕਿ ਪਾਰਟੀ 4 ਅਕਤੂਬਰ ਦੇ ਆਪਣੇ ਵਿਰੋਧ ਪ੍ਰਦਰਸ਼ਨ ਨੂੰ ਰੱਦ ਕਰੇ।

ਸਰਕਾਰੀ ਵਾਰਤਾਕਾਰਾਂ ਅਤੇ ਖਾਨ ਦੀ ਪਾਰਟੀ ਦੇ ਨੇਤਾਵਾਂ ਵਿਚਕਾਰ ਗੱਲਬਾਤ ਦਾ ਦੂਜਾ ਦੌਰ ਸ਼ਨੀਵਾਰ ਸ਼ਾਮ 5 ਵਜੇ ਦੇ ਕਰੀਬ ਸ਼ੁਰੂ ਹੋਇਆ ਅਤੇ ਕਈ ਘੰਟਿਆਂ ਤੱਕ ਚੱਲਿਆ। ਐਤਵਾਰ ਸਵੇਰੇ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋ ਗਈ। ਪੀਟੀਆਈ ਨੇ 27 ਸਤੰਬਰ ਨੂੰ ਇਸਲਾਮਾਬਾਦ ਮਾਰਚ ਦੀ ਯੋਜਨਾ ਬਣਾਈ ਸੀ ਪਰ ਬਾਅਦ ਵਿੱਚ ਇਸਨੂੰ 4 ਅਕਤੂਬਰ ਤੱਕ ਮੁਲਤਵੀ ਕਰ ਦਿੱਤਾ ਗਿਆ। ਖਾਨ (73) 2023 ਤੋਂ ਜੇਲ੍ਹ ਵਿੱਚ ਹਨ ਅਤੇ ਉਨ੍ਹਾਂ 'ਤੇ 100 ਤੋਂ ਵੱਧ ਮਾਮਲੇ ਹਨ, ਜਿਨ੍ਹਾਂ ਵਿੱਚ ਭ੍ਰਿਸ਼ਟਾਚਾਰ ਅਤੇ ਹਿੰਸਾ ਭੜਕਾਉਣ ਦੇ ਦੋਸ਼ ਸ਼ਾਮਲ ਹਨ। ਉਹ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿੱਚ ਬੰਦ ਹੈ।

ਇਸ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਰਾਜਨੀਤਿਕ ਸਲਾਹਕਾਰ ਰਾਣਾ ਸਨਾਉੱਲਾ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਇਸਲਾਮਾਬਾਦ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸੰਘੀ ਸਰਕਾਰ ਨੇ ਪਹਿਲਾਂ ਹੀ ਵਾਧੂ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਸਨ ਅਤੇ ਰਾਜਧਾਨੀ ਵੱਲ ਜਾਣ ਵਾਲੀਆਂ ਸੜਕਾਂ 'ਤੇ ਸ਼ਿਪਿੰਗ ਕੰਟੇਨਰ ਲਗਾ ਦਿੱਤੇ ਸਨ ਤਾਂ ਜੋ ਪ੍ਰਦਰਸ਼ਨਕਾਰੀਆਂ ਨੂੰ ਇਸਲਾਮਾਬਾਦ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ।

ਇਸ ਤੋਂ ਇਲਾਵਾ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਲਾਹੌਰ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਸੋਹੇਲ ਅਫਰੀਦੀ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਚੱਲ ਰਹੇ ਰਾਜਨੀਤਿਕ ਟਕਰਾਅ ਦੌਰਾਨ ਕਿਸੇ ਦੀ ਜਾਨ ਜਾਂਦੀ ਹੈ ਤਾਂ ਉਹ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਸਰਕਾਰ ਅਦਾਲਤੀ ਹੁਕਮਾਂ ਦੀ ਕਿਸੇ ਵੀ ਉਲੰਘਣਾ ਦੀ ਇਜਾਜ਼ਤ ਨਹੀਂ ਦੇਵੇਗੀ। ਉਨ੍ਹਾਂ ਮੀਡੀਆ ਨੂੰ ਕਿਹਾ, 'ਜੇਕਰ ਇੱਕ ਵੀ ਵਿਅਕਤੀ ਮਾਰਿਆ ਜਾਂਦਾ ਹੈ, ਤਾਂ ਸੋਹੇਲ ਅਫਰੀਦੀ ਜ਼ਿੰਮੇਵਾਰ ਹੋਵੇਗਾ।' ਗ੍ਰਹਿ ਮੰਤਰੀ ਨੇ ਕਿਹਾ ਕਿ ਸਰਕਾਰ ਨਿਆਂਇਕ ਹੁਕਮਾਂ ਦੀ ਕਿਸੇ ਵੀ ਉਲੰਘਣਾ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਕਿਸੇ ਵੀ ਫੈਸਲੇ ਨੂੰ ਲਾਗੂ ਕਰੇਗੀ।

# ਪੰਜਾਬ 'ਚ ਕਿਸੇ ਕੀਮਤ ਨਹੀਂ ਹੋਵੇਗਾ ਅਕਾਲੀ ਦਲ ਨਾਲ ਗਠਜੋੜ 2027 ਚ 117 ਸੀਟਾਂ ਤੇ ਇਕੱਲੇ ਲੜਾਂਗੇ ਚੋਣ : ਨਾਇਬ ਸੈਣੀ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਬਾਬਾ ਸੁਖਦੇਵ ਸਿੰਘ ਬੇਦੀ ਦੀ ਰਹਿਨੁਮਾਈ ਹੇਠ ਗੁਰੂ ਨਾਨਕ ਦਰਬਾਰ ਟਾਂਡਾ ਵਿਖੇ ਬਾਬਾ ਸ੍ਰੀ ਚੰਦ ਜੀ ਦੇ ਪ੍ਰਕਾਸ਼ ਦਿਹਾੜੇ ਤੇ ਪ੍ਰਕਾਸ਼ ਉਤਸਵ ਮਨਾਇਆ ਗਿਆ ਅਤੇ ਮੁੱਖ ਮਹਿਮਾਨ ਹਰਿਆਣੇ ਦੇ ਮੁੱਖ ਮੰਤਰੀ ਨੈਬ ਸਿੰਘ ਸੈਣੀ ਹੁਸ਼ਿਆਰਪੁਰ ਤੋਂ ਵਿਜੇ ਸਾਂਪਲਾ ਅਤੇ ਅਵਿਨਾਸ਼ ਰਾਏ ਖੰਨਾ ਪਹੁੰਚੇ ਅਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਵਿੱਚ ਐਸਲੇ ਹਾਲਾਤ ਬਹੁਤ ਚਿੰਤਾਜਨਕ ਬਣੇ ਹੋਏ ਹਨ ਅਤੇ ਲਾਈਨ ਆਰਡਰ ਦੀ ਸਥਿਤੀ ਅਤੇ ਦਿਨ ਬ ਦਿਨ ਜਿਹੜੇ ਕਤਲ ਹੋ ਰਹੇ ਹਨ ਉਸ ਦੇ ਕਾਰਨ ਪੰਜਾਬ ਦੇ ਵਿੱਚ ਦਹਿਸ਼ਤ ਦਾ ਮਾਹੌਲ ਹੈ ਸਿਰਫ ਬੀਜੇਪੀ ਦੀ ਸਰਕਾਰ ਹੀ ਪੰਜਾਬ ਦੇ ਵਿੱਚ ਇਹ ਸਭ ਕੁਝ ਖਤਮ ਕਰ ਸਕਦੀ ਹੈ ਅਤੇ ਆਉਣ ਵਾਲਾ ਜਿਹੜਾ ਸਮਾਂ 207 ਦਾ ਉਸ ਵਿੱਚ ਅਸੀਂ ਇਕੱਲੇ ਹੀ ਪੰਜਾਬ ਦੀਆਂ 117 ਸੀਟਾਂ ਤੇ ਚੋਣਾਂ ਲੜਾਂਗੇ ਅਕਾਲੀ ਦਲ ਦੇ ਨਾਲ ਕੋਈ ਗੱਠਜੋੜ ਨਹੀਂ ਹੋਵੇਗਾ, ਸਾਡਾ ਗਠਜੋੜ ਸਿਰਫ ਪੰਜਾਬ ਦੇ ਲੋਕ ਨਾਲ ਹੋਵੇਗਾ ਜ਼ੇਕਰ ਪੰਜਾਬ ਚ ਬੀਜੇਪੀ ਦੀ ਸਰਕਾਰ ਬਣਦੀ




ਹੈ ਤਾਂ ਹਰਿਆਣਾ ਵਾਂਗ ਪੰਜਾਬ ਨੂੰ ਇੱਕ ਖੁਸ਼ਹਾਲ ਸੂਬਾ ਬਣਾਵਾਂਗੇ ਤੇ ਨਸ਼ੇ ਨੂੰ ਜੜ੍ਹੋਂ ਖ਼ਤਮ ਕਰਾਂਗੇ

**ਲੋਕਤੰਤਰ ਦੀ ਪਰਖ਼ ਜਾਂ ਸੰਸਥਾਗਤ ਸਮਰਪਣ?**

**ਜਦੋਂ ਕਿਸੇ ਦੇਸ਼ ਦੇ ਨਾਗਰਿਕਾਂ ਦੇ ਦਿਲਾਂ ਵਿੱਚ ਆਪਣੀ ਹੀ ਵੋਟ ਦੀ ਤਾਕਤ ਨੂੰ ਲੈ ਕੇ ਖ਼ੌਫ਼ ਅਤੇ ਬੇਭਰੋਸਗੀ ਘਰ ਕਰ ਜਾਵੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਖ਼ਤਰਾ ਸਿਰਫ਼ ਸਰਕਾਰ ਬਦਲਣ ਦਾ ਨਹੀਂ, ਸਗੋਂ ਸਮੁੱਚੇ ਲੋਕਤੰਤਰ ਦੇ ਵਜੂਦ ਦਾ ਹੈ। ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਬਰਾਬਰ ਦਾ ਹੱਕ ਦਿੰਦਾ ਹੈ, ਪਰ ਅੱਜ ਜ਼ਮੀਨੀ ਹਕੀਕਤ ਇਹ ਸਵਾਲ ਖੜ੍ਹਾ ਕਰ ਰਹੀ ਹੈ ਕਿ ਕੀ ਸਾਡੀਆਂ ਸੰਵਿਧਾਨਕ ਸੰਸਥਾਵਾਂ ਸੱਚਮੁੱਚ ਨਿਰਪੱਖ ਰਹਿ ਗਈਆਂ ਹਨ? ਇੱਕ ਪਾਸੇ ਈ.ਵੀ.ਐੱਮ. (EVM) ਦੀ ਭਰੋਸੇਯੋਗਤਾ 'ਤੇ ਉੱਠਦੇ ਅਣਸੁਲਝੇ ਸਵਾਲ, ਚੋਣ ਕਮਿਸ਼ਨ ਦੇ ਸਾਫ਼ਟਵੇਅਰ ਵਿੱਚੋਂ ਵੋਟਾਂ ਬਹਾਲ ਕਰਨ ਦੇ ਵਿਕਲਪਾਂ ਦਾ ਅਚਾਨਕ ਗ਼ਾਇਬ ਹੋ ਜਾਣਾ, ਅਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਸਿਸਟਮ ਦਾ ਅੜਿੱਕਾ ਬਣਨਾ—ਕੀ ਇਹ ਮਹਿਜ਼ ਇਤਫ਼ਾਕ ਹਨ? ਦੂਜੇ ਪਾਸੇ, ਚੋਣਾਂ ਤੋਂ ਪਹਿਲਾਂ ਵਿਰੋਧੀ ਆਗੂਆਂ ਦੇ ਗਲ ਵਿੱਚ ਈ.ਡੀ. (ED) ਅਤੇ ਸੀ.ਬੀ.ਆਈ. (CBI) ਦਾ ਸ਼ਿਕੰਜਾ ਕੱਸਣਾ, ਜੇਲ੍ਹਾਂ ਵਿੱਚ ਡੱਕਣਾ, ਅਤੇ ਸੱਤਾਧਾਰੀ ਪਾਲੇ ਵਿੱਚ ਜਾਂਦਿਆਂ ਹੀ ਸਾਰੇ ਗੁਨਾਹਾਂ ਦਾ 'ਵਾਸ਼ਿੰਗ ਮਸ਼ੀਨ' ਵਾਂਗ ਧੁਲ ਜਾਣਾ ਸਾਡੇ ਰਾਜਨੀਤਿਕ ਸੱਭਿਆਚਾਰ ਦਾ ਨਵਾਂ ਦਸਤੂਰ ਬਣ ਚੁੱਕਾ ਹੈ। ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ, ਪੰਜਾਬ ਦੀ ਕਿਸਾਨੀ ਤੇ ਸਿਆਸੀ ਚੇਤਨਾ 'ਤੇ ਦਬਾਅ, ਹਰਿਆਣਾ ਦੇ ਹੈਰਾਨਕੁੰਨ ਨਤੀਜੇ, ਦਿੱਲੀ ਦੇ ਸੰਘੀ ਢਾਂਚੇ ਨੂੰ ਲੱਗੀ ਸੱਟ ਅਤੇ ਗੁਜਰਾਤ ਦਾ ਪ੍ਰਸ਼ਾਸਨਿਕ ਦਬਦਬਾ-ਇਹ ਸਭ ਵੱਖ-ਵੱਖ ਘਟਨਾਵਾਂ ਨਹੀਂ, ਬਲਕਿ ਇੱਕ ਵੱਡੇ ਸੰਕਟ ਦੀਆਂ ਕੜੀਆਂ ਹਨ। ਇਹ ਵਿਸ਼ੇਸ਼ ਲੇਖ ਕਿਸੇ ਸਿਆਸੀ ਧਿਰ ਦੇ ਪੱਖ ਜਾਂ ਵਿਰੋਧ ਦਾ ਦਸਤਾਵੇਜ਼ ਨਹੀਂ, ਸਗੋਂ ਦੇਸ਼ ਦੇ ਚੇਤੰਨ ਨਾਗਰਿਕਾਂ ਵੱਲੋਂ ਪ੍ਰਣਾਲੀ ਦੇ ਸਾਹਮਣੇ ਰੱਖਿਆ ਗਿਆ ਇੱਕ ਸਿੱਧਾ, ਬੇਬਾਕ ਅਤੇ ਇਤਿਹਾਸਕ ਸਵਾਲ ਹੈ: ਕੀ ਭਾਰਤ ਦਾ ਲੋਕਤੰਤਰ ਅਜੇ ਵੀ ਲੋਕਾਂ ਦੇ ਫ਼ਤਵੇ ਨਾਲ ਚੱਲਦਾ ਹੈ, ਜਾਂ ਫਿਰ ਕਿਸੇ ਡਿਜੀਟਲ ਕੋਡ ਅਤੇ ਜਾਂਚ ਏਜੰਸੀਆਂ ਦੇ ਸਹਿਮ ਨਾਲ ਤੈਅ ਹੋ ਰਿਹਾ ਹੈ? - ਸਤਨਾਮ ਸਿੰਘ ਖਾਲਸਾ**

# ਭਾਰਤੀ ਲੋਕਤੰਤਰ ਦੀ ਚੋਣ ਪ੍ਰਣਾਲੀ ਤੋਂ ਜਨਤਾ ਦੀ ਉਠਦੀ ਜਾ ਰਹੀ ਭਰੋਸੇਯੋਗਤਾ

ਭਾਰਤ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਹੈ, ਜਿੱਥੇ ਸੰਵਿਧਾਨ ਨੇ ਹਰ ਨਾਗਰਿਕ ਨੂੰ ਵੋਟ ਦਾ ਬਰਾਬਰ ਹੱਕ ਦੇ ਕੇ ਸੱਤਾ ਤੈਅ ਕਰਨ ਦੀ ਤਾਕਤ ਦਿੱਤੀ ਹੈ। ਪਰ ਪਿਛਲੇ ਕੁਝ ਸਾਲਾਂ ਦੌਰਾਨ ਦੇਸ਼ ਅੰਦਰ ਲੋਕ ਸਭਾ ਚੋਣਾਂ ਸਮੇਤ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ, ਚੋਣ ਪ੍ਰਕਿਰਿਆ ਅਤੇ ਸੰਵਿਧਾਨਕ ਸੰਸਥਾਵਾਂ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਗੰਭੀਰ ਸਵਾਲ ਉੱਠ ਰਹੇ ਹਨ। ਵਿਰੋਧੀ ਧਿਰਾਂ, ਸਿਵਲ ਸੁਸਾਇਟੀ ਅਤੇ ਆਮ ਨਾਗਰਿਕਾਂ ਦੇ ਇੱਕ ਵੱਡੇ ਵਰਗ ਵਿੱਚ ਇਹ ਖ਼ਦਸ਼ਾ ਬਣਿਆ ਹੋਇਆ ਹੈ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ (BJP) ਨੂੰ ਚੋਣ ਕਮਿਸ਼ਨ (ECI), ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (EVM), ਅਦਾਲਤੀ ਢਿੱਲ ਅਤੇ ਕੇਂਦਰੀ ਜਾਂਚ ਏਜੰਸੀਆਂ (ED, CBI) ਦੇ ਦਬਾਅ ਦਾ ਵੱਡਾ ਲਾਹਾ ਮਿਲ ਰਿਹਾ ਹੈ।

1. ਪੰਜਾਬ ਅਤੇ ਹੋਰ ਸੂਬੇ: ED, CBI ਦਾ ਡਰ ਅਤੇ 'ਵਾਸ਼ਿੰਗ ਮਸ਼ੀਨ' ਸਿਆਸਤ

ਦੇਸ਼ ਦੇ ਵੱਖ-ਵੱਖ ਸੂਬਿਆਂ, ਖ਼ਾਸ ਕਰਕੇ ਪੰਜਾਬ, ਦਿੱਲੀ, ਮਹਾਰਾਸ਼ਟਰ ਅਤੇ ਝਾਰਖੰਡ ਵਿੱਚ ਚੋਣਾਂ ਤੋਂ ਪਹਿਲਾਂ ਜਾਂ ਸਰਕਾਰਾਂ ਬਣਾਉਣ ਦੌਰਾਨ ਇੱਕ ਖ਼ਾਸ ਪੈਟਰਨ ਵੇਖਣ ਨੂੰ ਮਿਲਿਆ ਹੈ:

**ਵਿਰੋਧੀ ਆਗੂਆਂ 'ਤੇ ਸ਼ਿਕੰਜਾ ਤੇ ਖ਼ੌਫ਼ ਦਾ ਮਾਹੌਲ:** ਚੋਣਾਂ ਦੇ ਐਲਾਨ ਤੋਂ ਠੀਕ ਪਹਿਲਾਂ ਜਾਂ ਮੁਹਿੰਮ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ (ED) ਅਤੇ ਸੀ.ਬੀ.ਆਈ. (CBI) ਵੱਲੋਂ ਵਿਰੋਧੀ ਧਿਰ ਦੇ ਪ੍ਰਮੁੱਖ ਆਗੂਆਂ 'ਤੇ ਛਾਪੇਮਾਰੀ ਕੀਤੀ ਜਾਂਦੀ ਹੈ ਜਾਂ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਵੀ ਸਿਆਸੀ ਤੇ ਕਿਸਾਨੀ ਆਗੂਆਂ ਵਿੱਚ ਇਹ ਖ਼ਦਸ਼ਾ ਪ੍ਰਗਟਾਇਆ ਜਾਂਦਾ ਰਿਹਾ ਹੈ ਕਿ ਕੇਂਦਰ ਸਰਕਾਰ ਵਿਰੋਧ ਦੀ ਆਵਾਜ਼ ਦਬਾਉਣ ਲਈ ਏਜੰਸੀਆਂ ਦਾ ਇਸਤੇਮਾਲ ਕਰ ਰਹੀ ਹੈ।

**ਭਾਜਪਾ ਵਿੱਚ ਸ਼ਾਮਲ ਹੁੰਦਿਆਂ ਹੀ ਕੇਸ ਖ਼ਤਮ (ਵਾਸ਼ਿੰਗ ਮਸ਼ੀਨ ਸਿੰਡਰੋਮ):** ਕਈ ਸੂਬਿਆਂ (ਜਿਵੇਂ ਮਹਾਰਾਸ਼ਟਰ, ਅਸਾਮ, ਪੱਛਮੀ ਬੰਗਾਲ ਆਦਿ) ਵਿੱਚ ਇਹ ਉਦਾਹਰਣਾਂ ਸਾਹਮਣੇ ਆਈਆਂ ਹਨ ਕਿ ਜਿਨ੍ਹਾਂ ਵਿਰੋਧੀ ਆਗੂਆਂ 'ਤੇ ਭਾਜਪਾ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਗਾਉਂਦੀ ਸੀ ਅਤੇ ਜਿਨ੍ਹਾਂ ਪਿੱਛੇ ਏਜੰਸੀਆਂ ਲੱਗੀਆਂ ਹੋਈਆਂ ਸਨ, ਭਾਜਪਾ-ਆਰ.ਐੱਸ.ਐੱਸ. ਦੇ ਪਾਲੇ ਵਿੱਚ ਜਾਂਦੇ ਹੀ ਉਨ੍ਹਾਂ ਖ਼ਿਲਾਫ਼ ਜਾਂਚ ਠੰਢੇ ਬਸਤੇ ਵਿੱਚ ਪਾ ਦਿੱਤੀ ਗਈ ਜਾਂ ਕੇਸ ਬੰਦ ਕਰ ਦਿੱਤੇ ਗਏ। ਇਸ ਨਾਲ ਜਨਤਾ ਅੰਦਰ ਇਹ ਸੁਨੇਹਾ ਗਿਆ ਕਿ ਏਜੰਸੀਆਂ ਦਾ ਮਕਸਦ ਭ੍ਰਿਸ਼ਟਾਚਾਰ ਖ਼ਤਮ ਕਰਨਾ ਨਹੀਂ, ਸਗੋਂ ਸਿਆਸੀ ਦਲ-ਬਦਲ ਕਰਵਾ ਕੇ ਚੋਣਾਂ ਜਿੱਤਣਾ ਹੈ।

2. ਮੁੱਖ ਸੰਸਦੀ (ਲੋਕ ਸਭਾ) ਚੋਣਾਂ ਅਤੇ ਈ.ਵੀ.ਐੱਮ. (EVM) ਵਿਵਾਦ

ਦੇਸ਼ ਦੀਆਂ ਆਮ ਚੋਣਾਂ ਦੌਰਾਨ ਵੋਟਿੰਗ ਮਸ਼ੀਨਾਂ ਅਤੇ ਵੀ.ਵੀ.ਪੈਟ (VVPAT) ਸਲਿੱਪਾਂ ਦੀ ਗਿਣਤੀ ਨੂੰ ਲੈ ਕੇ ਵੱਡਾ ਵਿਵਾਦ ਰਿਹਾ ਹੈ:

**EVM ਦੀ ਭਰੋਸੇਯੋਗਤਾ 'ਤੇ ਸਵਾਲ:** ਵਿਰੋਧੀ ਧਿਰਾਂ ਦਾ ਦੋਸ਼ ਰਿਹਾ ਹੈ ਕਿ ਡਿਜੀਟਲ ਮਸ਼ੀਨਾਂ ਵਿੱਚ ਸਾਫ਼ਟਵੇਅਰ ਜਾਂ ਚਿੱਪ ਪੱਧਰ 'ਤੇ ਹੇਰਾਫੇਰੀ ਸੰਭਵ ਹੈ। ਲਗਭਗ ਸਾਰੀਆਂ ਵਿਰੋਧੀ ਪਾਰਟੀਆਂ 100% VVPAT ਪਰਚੀਆਂ ਦੇ ਮਿਲਾਨ ਦੀ ਮੰਗ ਕਰਦੀਆਂ ਰਹੀਆਂ ਹਨ।

**ਸੁਪਰੀਮ ਕੋਰਟ ਦਾ ਰੁਖ਼:** ਜਦੋਂ VVPAT ਸਲਿੱਪਾਂ ਦੀ ਮੁਕੰਮਲ ਗਿਣਤੀ ਦਾ ਮਾਮਲਾ ਦੇਸ਼ ਦੀ ਸਰਵਉੱਚ ਅਦਾਲਤ ਪਹੁੰਚਿਆ, ਤਾਂ ਅਦਾਲਤ ਨੇ ਚੋਣ ਕਮਿਸ਼ਨ ਦੀਆਂ ਤਕਨੀਕੀ ਦਲੀਲਾਂ ਨੂੰ ਸਵੀਕਾਰ ਕਰਦਿਆਂ ਬੈਲਟ ਪੇਪਰ ਵੱਲ ਵਾਪਸੀ ਜਾਂ 100% ਕਰਾਸ-ਵੈਰੀਫਿਕੇਸ਼ਨ ਦੀ ਮੰਗ ਖਾਰਜ ਕਰ ਦਿੱਤੀ। ਆਲੋਚਕਾਂ ਅਨੁਸਾਰ ਅਦਾਲਤ ਵੱਲੋਂ ਚੋਣ ਕਮਿਸ਼ਨ ਨੂੰ ਜਵਾਬਦੇਹ ਬਣਾਉਣ ਵਿੱਚ ਵਰਤੀ ਗਈ ਢਿੱਲ ਕਾਰਨ ਲੋਕਾਂ ਦੇ ਸ਼ੰਕੇ ਦੂਰ ਨਹੀਂ ਹੋ ਸਕੇ।

3. ਪੱਛਮੀ ਬੰਗਾਲ: 27 ਲੱਖ ਵੋਟਾਂ ਕੱਟਣ ਅਤੇ ਸਾਫ਼ਟਵੇਅਰ ਅੜਿੱਕੇ ਦਾ ਸੰਕਟ

ਪੱਛਮੀ ਬੰਗਾਲ ਵਿੱਚ ਚੋਣ ਕਮਿਸ਼ਨ ਦੇ ਪੋਰਟਲ ਅਤੇ ਸਾਫ਼ਟਵੇਅਰ ਕਾਰਜਪ੍ਰਣਾਲੀ ਨੇ ਇੱਕ ਵੱਡਾ ਸੰਵਿਧਾਨਕ ਵਿਵਾਦ ਖੜ੍ਹਾ ਕੀਤਾ ਹੈ:

**ਵੋਟਰ ਸੂਚੀਆਂ ਵਿੱਚੋਂ ਵੱਡੀ ਕਟੌਤੀ:** ਪੱਛਮੀ ਬੰਗਾਲ ਵਿੱਚ ਵਿਸ਼ੇਸ਼ ਸੋਧ (SIR) ਦੌਰਾਨ ਲਗਭਗ 27 ਲੱਖ ਨਾਗਰਿਕਾਂ ਦੀਆਂ ਵੋਟਾਂ ਕੱਟ ਦਿੱਤੀਆਂ ਗਈਆਂ। ਤ੍ਰਿਣਮੂਲ ਕਾਂਗਰਸ (TMC) ਦਾ ਦੋਸ਼ ਹੈ ਕਿ ਗ਼ਰੀਬ, ਘੱਟ-ਗਿਣਤੀ ਅਤੇ ਹਾਸ਼ੀਏ 'ਤੇ ਧੱਕੇ ਵਰਗਾਂ ਨੂੰ ਨਿਸ਼ਾਨਾ ਬਣਾ ਕੇ ਸੂਚੀ ਵਿੱਚੋਂ ਬਾਹਰ ਕੱਢਿਆ ਗਿਆ।

**ਸੁਪਰੀਮ ਕੋਰਟ ਦੇ ਜੱਜਾਂ ਦੇ ਹੱਥ ਬੰਨ੍ਹਣਾ:** ਸਰਵਉੱਚ ਅਦਾਲਤ ਦੇ ਨਿਰਦੇਸ਼ਾਂ ਤਹਿਤ ਪੀੜਤ ਵੋਟਰਾਂ ਦੀ ਸੁਣਵਾਈ ਲਈ ਵਿਸ਼ੇਸ਼ ਜੁਡੀਸ਼ੀਅਲ ਟ੍ਰਿਬਿਊਨਲ ਬਣਾਏ ਗਏ। ਪਰ ਜੱਜਾਂ ਨੇ ਖ਼ੁਲਾਸਾ ਕੀਤਾ ਕਿ ਚੋਣ ਕਮਿਸ਼ਨ ਦੇ ਪੋਰਟਲ 'ਤੇ ਵੋਟਾਂ ਮੁੜ ਦਰਜ (Restore) ਕਰਨ ਦਾ ਕੋਈ ਬਦਲ ਹੀ ਮੌਜੂਦ ਨਹੀਂ ਅਤੇ ਸਕ੍ਰੀਨ 'ਤੇ ਸਿਰਫ਼ "Option not available" ਆਉਂਦਾ ਹੈ।

**ਅਸਤੀਫ਼ੇ ਅਤੇ ਮਹਾਂ-ਦੋਸ਼ ਦੀ ਮੰਗ:** ਕਾਂਗਰਸ, ਟੀ.ਐੱਮ.ਸੀ. ਅਤੇ ਸ਼ਿਵ ਸੈਨਾ (UBT) ਨੇ ਮੁੱਖ ਚੋਣ ਕਮਿਸ਼ਨਰ (CEC) ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਦੋਸ਼ ਲਾਇਆ ਹੈ ਕਿ ਚੋਣ ਕਮਿਸ਼ਨ ਸੱਤਾਧਾਰੀ ਧਿਰ ਦੀ ਚੋਣ ਸ਼ਾਖਾ ਵਾਂਗ ਕੰਮ ਕਰ ਰਿਹਾ ਹੈ।

4. ਹਰਿਆਣਾ: ਐਗਜ਼ਿਟ ਪੋਲ ਬਨਾਮ EVM ਬੈਟਰੀ ਵਿਵਾਦ

ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਪਾਰਦਰਸ਼ਤਾ 'ਤੇ ਕਈ ਨਵੇਂ ਸਵਾਲ ਖੜ੍ਹੇ ਕੀਤੇ:

**ਅਣਕਿਆਸੇ ਨਤੀਜੇ:** ਲਗਭਗ ਸਾਰੇ ਸਰਵੇਖਣ ਅਤੇ ਜ਼ਮੀਨੀ ਰੁਝਾਨ ਵਿਰੋਧੀ ਧਿਰ ਦੇ ਹੱਕ ਵਿੱਚ ਸਨ, ਪਰ ਅੰਤਿਮ ਨਤੀਜੇ ਪੂਰੀ ਤਰ੍ਹਾਂ ਉਲਟ ਆਏ।

**EVM ਬੈਟਰੀ 'ਤੇ ਸਵਾਲ:** ਕਾਂਗਰਸ ਨੇ ਸ਼ਿਕਾਇਤ ਦਰਜ ਕਰਵਾਈ ਕਿ ਕਈ ਹਲਕਿਆਂ ਵਿੱਚ 99% ਬੈਟਰੀ ਵਾਲੀਆਂ ਮਸ਼ੀਨਾਂ ਵਿੱਚੋਂ ਨਿਕਲੇ ਵੋਟਾਂ ਦੇ ਰੁਝਾਨ ਅਚਾਨਕ ਭਾਜਪਾ ਵੱਲ ਝੁਕ ਗਏ, ਜਦਕਿ 60-70% ਬੈਟਰੀ ਵਾਲੀਆਂ ਆਮ ਮਸ਼ੀਨਾਂ ਦੇ ਨਤੀਜੇ ਵੱਖਰੇ ਸਨ। ਚੋਣ ਕਮਿਸ਼ਨ ਵੱਲੋਂ ਇਨ੍ਹਾਂ ਇਤਰਾਜ਼ਾਂ ਨੂੰ ਸਿਰੇ ਤੋਂ ਨਕਾਰਨ ਕਾਰਨ ਜਨਤਕ ਭਰੋਸੇ ਨੂੰ ਠੇਸ ਪਹੁੰਚੀ।

5. ਦਿੱਲੀ: ਸੰਘੀ ਢਾਂਚੇ ਨੂੰ ਢਾਹ ਅਤੇ ਨੇਤਾਵਾਂ ਦੀ ਗ੍ਰਿਫ਼ਤਾਰੀ

ਰਾਜਧਾਨੀ ਦਿੱਲੀ ਵਿੱਚ ਆਮ ਆਦਮੀ ਪਾਰਟੀ (AAP) ਦੀ ਸਰਕਾਰ ਦੌਰਾਨ ਕੇਂਦਰ ਸਰਕਾਰ ਅਤੇ ਜਾਂਚ ਏਜੰਸੀਆਂ ਦੀ ਭੂਮਿਕਾ ਸਭ ਤੋਂ ਵੱਧ ਵਿਵਾਦਿਤ ਰਹੀ:

**ਚੋਣਾਂ ਦੌਰਾਨ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ:** ਲੋਕ ਸਭਾ ਚੋਣਾਂ ਦੇ ਐਲਾਨ ਤੋਂ ਤੁਰੰਤ ਬਾਅਦ ਬੈਠੇ ਮੁੱਖ ਮੰਤਰੀ ਅਤੇ ਮੰਤਰੀਆਂ ਨੂੰ 54 ਵੱਲੋਂ ਜੇਲ੍ਹ ਭੇਜਿਆ ਗਿਆ, ਜਿਸ ਨਾਲ ਵਿਰੋਧੀ ਧਿਰ ਦੀ ਚੋਣ ਮੁਹਿੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

**ਲੈਵਲ ਪਲੇਇੰਗ ਫੀਲਡ ਦਾ ਖ਼ਾਤਮਾ:** ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਕਿ ਇੱਕ ਪਾਸੇ ਸੱਤਾਧਾਰੀ ਧਿਰ ਸਰਕਾਰੀ ਮਸ਼ੀਨਰੀ ਅਤੇ ਬੇਹਿਸਾਬ ਸਾਧਨਾਂ ਨਾਲ ਪ੍ਰਚਾਰ ਕਰ ਰਹੀ ਹੈ, ਜਦਕਿ ਦੂਜੇ ਪਾਸੇ ਵਿਰੋਧੀ ਆਗੂਆਂ ਨੂੰ ਚੋਣ ਮੈਦਾਨ ਤੋਂ ਦੂਰ ਰੱਖਣ ਲਈ ਕੇਂਦਰੀ ਏਜੰਸੀਆਂ ਦਾ ਸਹਾਰਾ ਲਿਆ ਗਿਆ।

6. ਗੁਜਰਾਤ: ਸਰਕਾਰੀ ਤੰਤਰ ਦਾ ਦਬਦਬਾ

ਭਾਜਪਾ ਦੇ ਗੜ੍ਹ ਮੰਨੇ ਜਾਂਦੇ ਗੁਜਰਾਤ ਵਿੱਚ ਵੀ ਚੋਣ ਪ੍ਰਕਿਰਿਆ 'ਤੇ ਗੰਭੀਰ ਉਂਗਲਾਂ ਉੱਠਦੀਆਂ ਰਹੀਆਂ ਹਨ:

**ਪ੍ਰਸ਼ਾਸਨਿਕ ਪੱਖਪਾਤ:** ਸਥਾਨਕ ਨੌਕਰਸ਼ਾਹੀ ਅਤੇ ਪੁਲਿਸ ਪ੍ਰਸ਼ਾਸਨ 'ਤੇ ਵਿਰੋਧੀ ਉਮੀਦਵਾਰਾਂ ਨੂੰ ਡਰਾਉਣ-ਧਮਕਾਉਣ ਅਤੇ ਉਨ੍ਹਾਂ ਦੇ ਨਾਮਜ਼ਦਗੀ ਪੱਤਰ ਰੱਦ ਕਰਵਾਉਣ ਦੇ ਦੋਸ਼ ਲੱਗਦੇ ਰਹੇ ਹਨ (ਜਿਵੇਂ ਕਿ ਸੂਰਤ ਲੋਕ ਸਭਾ ਸੀਟ 'ਤੇ ਬਿਨਾਂ ਮੁਕਾਬਲੇ ਜਿੱਤ ਦਾ ਮਾਮਲਾ)।

**ਚੋਣ ਜ਼ਾਬਤੇ ਦੀ ਉਲੰਘਣਾ:** ਸੱਤਾਧਾਰੀ ਪਾਰਟੀ ਦੇ ਆਗੂਆਂ ਦੇ ਪ੍ਰਚਾਰ ਦੌਰਾਨ ਆਦਰਸ਼ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਉਣ ਦੇ ਬਾਵਜੂਦ ਚੋਣ ਕਮਿਸ਼ਨ ਵੱਲੋਂ ਨਰਮ ਵਤੀਰਾ ਅਪਣਾਏ ਜਾਣ ਦੀ ਲਗਾਤਾਰ ਆਲੋਚਨਾ ਹੋਈ।

**ਜਨਤਾ ਦੇ ਮਨਾਂ ਵਿੱਚ ਪੈਦਾ ਹੋਏ ਵੱਡੇ ਖ਼ਦਸ਼ੇ**

1. **ਏਜੰਸੀਆਂ ਦਾ ਸਿਆਸੀਕਰਨ:** ED ਅਤੇ CBI ਵਰਗੀਆਂ ਕੌਮੀ ਸੰਸਥਾਵਾਂ ਦੀ ਵਰਤੋਂ ਵਿਰੋਧੀ ਧਿਰਾਂ ਨੂੰ ਤੋੜਨ ਅਤੇ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਹੋਣਾ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਬਣ ਚੁੱਕਾ ਹੈ।
2. **ਚੋਣ ਕਮਿਸ਼ਨ ਦੀ ਨਿਰਪੱਖਤਾ:** ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਮੇਟੀ ਵਿੱਚੋਂ ਚੀਫ਼ ਜਸਟਿਸ ਨੂੰ ਬਾਹਰ ਕਰਨ ਵਾਲੇ ਕਾਨੂੰਨ ਅਤੇ ਪੱਛਮੀ ਬੰਗਾਲ ਵਰਗੇ ਸਾਫ਼ਟਵੇਅਰ ਵਿਵਾਦਾਂ ਨੇ ਕਮਿਸ਼ਨ ਦੀ ਆਜ਼ਾਦੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।
3. **ਨਿਆਂਪਾਲਿਕਾ ਤੋਂ ਉਮੀਦਾਂ ਅਤੇ ਨਿਰਾਸ਼ਾ:** ਜਨਤਾ ਸੁਪਰੀਮ ਕੋਰਟ ਨੂੰ ਸੰਵਿਧਾਨ ਦਾ ਅੰਤਿਮ ਰਾਖਾ ਮੰਨਦੀ ਹੈ, ਪਰ ਜਦੋਂ ਅਦਾਲਤ ਦੇ ਹੁਕਮਾਂ ਨੂੰ ਵੀ ਚੋਣ ਕਮਿਸ਼ਨ ਦੇ ਸਾਫ਼ਟਵੇਅਰ ਰਾਹੀਂ ਬੇਅਸਰ ਕੀਤਾ ਜਾਣ ਲੱਗੇ, ਤਾਂ ਨਿਆਂਇਕ ਪ੍ਰਣਾਲੀ ਦੀ ਤਾਕਤ 'ਤੇ ਵੀ ਸਵਾਲ ਉੱਠਦੇ ਹਨ।

ਕਿਸੇ ਵੀ ਲੋਕਤੰਤਰ ਦੀ ਨੀਂਹ ਲੋਕਾਂ ਦੇ ਭਰੋਸੇ 'ਤੇ ਟਿਕੀ ਹੁੰਦੀ ਹੈ। ਚਾਹੇ ਉਹ ਪੰਜਾਬ ਦੇ ਕਿਸਾਨਾਂ ਅਤੇ ਆਗੂਆਂ 'ਤੇ ਦਬਾਅ ਹੋਵੇ, ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ, ਹਰਿਆਣਾ ਦੇ ਅਣਕਿਆਸੇ ਨਤੀਜੇ, ਜਾਂ ਦਿੱਲੀ-ਗੁਜਰਾਤ ਵਿੱਚ ਏਜੰਸੀਆਂ ਦਾ ਡਰ—ਜਦੋਂ ਤੱਕ ਚੋਣ ਕਮਿਸ਼ਨ, ਏਜੰਸੀਆਂ ਅਤੇ ਅਦਾਲਤਾਂ ਨਿਰਪੱਖਤਾ ਦਾ ਸਬੂਤ ਨਹੀਂ ਦਿੰਦੀਆਂ, ਉਦੋਂ ਤੱਕ ਭਾਰਤੀ ਚੋਣਾਂ ਦੀ ਪਵਿੱਤਰਤਾ ਅਤੇ ਭਰੋਸੇਯੋਗਤਾ 'ਤੇ ਸਵਾਲ ਉੱਠਦੇ ਰਹਿਣਗੇ। ਲੋਕਤੰਤਰ ਕਿਸੇ ਏਜੰਸੀ ਦੇ ਡਰ ਜਾਂ ਸਾਫ਼ਟਵੇਅਰ ਦੇ ਕੋਡ ਨਾਲ ਨਹੀਂ, ਸਗੋਂ ਜਨਤਾ ਦੀ ਆਜ਼ਾਦ ਮਰਜ਼ੀ ਨਾਲ ਚੱਲਦਾ ਹੈ।



# ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (SIR) ਖ਼ਿਲਾਫ਼ ਦਿੱਲੀ ਦੇ ਜੰਤਰ-ਮੰਤਰ ’ਤੇ ਰੋਸ ਪ੍ਰਦਰਸ਼ਨ ਦਾ ਐਲਾਨ

## ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਜਵਾਬਦੇਹੀ ਦੀ ਮੰਗ; ਪੁਲਿਸ ਵੱਲੋਂ ਇਜਾਜ਼ਤ ਰੱਦ ਤੇ ਸਖ਼ਤ ਸੁਰੱਖਿਆ ਪ੍ਰਬੰਧ














ਨਵੀਂ ਦਿੱਲੀ : ਦੇਸ਼ ਵਿੱਚ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਕਰਵਾਈ ਜਾ ਰਹੀ ਵਿਸ਼ੇਸ਼ ਸੁਧਾਈ ਪ੍ਰਕਿਰਿਆ (Special Intensive Revision - SIR) ਦੌਰਾਨ ਵੱਡੇ ਪੱਧਰ ’ਤੇ ਵੋਟਰਾਂ ਦੇ ਨਾਂ ਕੱਟੇ ਜਾਣ ਦੇ ਵਿਰੋਧ ਵਿੱਚ ਸਿਆਸੀ ਆਗੂਆਂ, ਵਿਦਿਆਰਥੀ ਜਥੇਬੰਦੀਆਂ (AISA ਸਮੇਤ), ਕਾਰਕੁਨਾਂ ਅਤੇ ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਵੱਲੋਂ ਗਾਂਧੀ ਜੈਅੰਤੀ ਮੌਕੇ ਦਿੱਲੀ ਦੇ ਇਤਿਹਾਸਕ ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਹੈ।

ਪ੍ਰਦਰਸ਼ਨਕਾਰੀ ਮੁੱਖ ਚੋਣ ਕਮਿਸ਼ਨਰ (CEC) ਗਿਆਨੇਸ਼ ਕੁਮਾਰ ਦੀ ਜਵਾਬਦੇਹੀ ਤੈਅ ਕਰਨ, ਐੱਸ.ਆਈ.ਆਰ. ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਅਤੇ ਵੋਟਰਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਦੀ ਮੰਗ ਕਰ ਰਹੇ ਹਨ।

ਮੁੱਖ ਤੱਥ ਅਤੇ ਤਾਜ਼ਾ ਘਟਨਾਕ੍ਰਮ

ਸਥਾਨ : ਜੰਤਰ-ਮੰਤਰ, ਨਵੀਂ ਦਿੱਲੀ (ਨਾਲ ਹੀ ਮੁੰਬਈ ਦੇ ਸ਼ਿਵਾਜੀ ਪਾਰਕ ਵਿਖੇ ਪ੍ਰਦਰਸ਼ਨ ਦੀ ਕਾਲ)

ਮਿਤੀ : 2 ਅਕਤੂਬਰ 2026 (ਗਾਂਧੀ ਜੈਅੰਤੀ)

ਮੁੱਖ ਮੰਗਾਂ : SIR ਰੋਕਣ/ਸਮੀਖਿਆ ਕਰਨ, ਕੱਟੀਆਂ ਗਈਆਂ ਵੋਟਾਂ ਬਹਾਲ ਕਰਨ ਅਤੇ ਚੋਣ ਕਮਿਸ਼ਨ ਦੀ ਜਵਾਬਦੇਹੀ ਯਕੀਨੀ ਬਣਾਉਣ ਦੀ ਮੰਗ

ਪੁਲਿਸ ਦੀ ਕਾਰਵਾਈ : ਪ੍ਰਦਰਸ਼ਨ ਦੀ ਇਜਾਜ਼ਤ ਦੇਣ ਤੋਂ ਇਨਕਾਰ; ਇਲਾਕੇ ਵਿੱਚ ਧਾਰਾ 144 / ਮਨਾਹੀ ਦੇ ਹੁਕਮ ਲਾਗੂ

ਸੁਰੱਖਿਆ ਇੰਤਜ਼ਾਮ : ਦਿੱਲੀ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੀ ਭਾਰੀ ਤਾਇਨਾਤੀ; ਬੈਰੀਕੇਡਿੰਗ ਅਤੇ ਹਿਰਾਸਤ ਵਾਹਨ (Detention Buses) ਮੌਜੂਦ

ਜੰਤਰ-ਮੰਤਰ ਛਾਉਣੀ ਵਿੱਚ ਤਬਦੀਲ; ਪੁਲਿਸ ਵੱਲੋਂ ਇਜਾਜ਼ਤ ਦੇਣ ਤੋਂ ਇਨਕਾਰ

ਪ੍ਰਦਰਸ਼ਨ ਦੇ ਐਲਾਨ ਦੇ ਮੱਦੇਨਜ਼ਰ ਦਿੱਲੀ ਪੁਲਿਸ ਨੇ ਜੰਤਰ-ਮੰਤਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹਨ:

**ਮਨਾਹੀ ਦੇ ਹੁਕਮ:** ਦਿੱਲੀ ਪੁਲਿਸ ਨੇ ਇਸ ਰੋਸ ਪ੍ਰਦਰਸ਼ਨ ਲਈ ਕਿਸੇ ਵੀ ਤਰ੍ਹਾਂ ਦੀ ਅਧਿਕਾਰਤ ਮਨਜ਼ੂਰੀ ਨਹੀਂ ਦਿੱਤੀ ਅਤੇ ਖੇਤਰ ਵਿੱਚ ਵੱਡੇ ਇਕੱਠਾਂ ’ਤੇ ਰੋਕ ਲਗਾ ਦਿੱਤੀ ਹੈ।

**ਹਿਰਾਸਤ ਵਿੱਚ ਲੈਣ ਦੀ ਤਿਆਰੀ:** ਮੌਕੇ ’ਤੇ ਪੁਲਿਸ ਬੱਸਾਂ ਅਤੇ ਵਾਟਰ ਕੈਨਨ ਤਾਇਨਾਤ ਕੀਤੇ ਗਏ ਹਨ ਤਾਂ ਜੋ ਪ੍ਰਦਰਸ਼ਨ ਲਈ ਪਹੁੰਚਣ ਵਾਲੇ ਕਾਰਕੁਨਾਂ ਨੂੰ ਤੁਰੰਤ ਹਿਰਾਸਤ ਵਿੱਚ ਲਿਆ ਜਾ ਸਕੇ।

**ਰਾਸ਼ਟਰੀ ਪੱਧਰ ’ਤੇ ਪ੍ਰਦਰਸ਼ਨਾਂ ਦੀ ਲੜੀ:** ਦਿੱਲੀ ਦੇ ਨਾਲ-ਨਾਲ ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਦੇ ਦਾਦਰ ਸਥਿਤ ਸ਼ਿਵਾਜੀ ਪਾਰਕ ਵਿਖੇ ਵੀ ਨਾਗਰਿਕ ਜਥੇਬੰਦੀਆਂ (CJPI ਆਦਿ) ਵੱਲੋਂ ਚੋਣ ਕਮਿਸ਼ਨ ਵਿਰੁੱਧ ਅਜਿਹੇ ਹੀ ਪ੍ਰਦਰਸ਼ਨਾਂ ਦੀ ਰੂਪ-ਰੇਖਾ ਉਲੀਕੀ ਗਈ ਹੈ, ਜਿੱਥੇ ਪੁਲਿਸ ਵੱਲੋਂ ਸਖ਼ਤ ਨਾਕਾਬੰਦੀ ਕੀਤੀ ਗਈ ਹੈ।

'ਵੇਦ ਮਰਵਾਹਾ' ਦਿੱਲੀ ਪੁਲਿਸ ਦਾ ਮੁਖੀ (ਕਮਿਸਨਰ) ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਇਸ ਦੀ ਕਮਾਂਡ ਥੱਲੇ ਦਿੱਲੀ ਪੁਲਿਸ ਨੇ ਦੋ ਵਾਰ (1985 ਤੇ ਫਿਰ 1987 ਵਿਚ) ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫਤਾਰ ਕੀਤਾ ਸੀ। 'ਵੇਦ ਮਰਵਾਹੇ' ਨੇ ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ ਲਿਖੀ ਜਿਸ ਦਾ ਸਿਰਲੇਖ ਹੈ 'ਅਨਸਿਵਲ ਵਾਰਜ ਪਥੋਲੌਜੀ ਆਫ ਟੈਰਰਿਜਮ ਇਨ ਇੰਡੀਆ।' **ਇਸ ਕਿਤਾਬ ਦੇ ਸਫਾ 16 'ਤੇ ਉਸ ਨੇ ਇੱਕ ਸਿਰਲੇਖ ਦਿੱਤਾ ਹੈ:** 'ਜਿੰਦਾ ਕੋਈ ਸਧਾਰਣ ਮਨੁੱਖ ਨਹੀਂ ਸੀ।' ਇਸ ਦੀ ਲਿਖਤ ਵਿਚਲਾ ਵੇਰਵਾ ਕਾਜੀ ਨੂਰ ਮੁਹੰਮਦ ਦੀ 18 ਵੀਂ ਸਦੀ ਦੇ ਸਿੰਘਾਂ ਬਾਰੇ 'ਗਵਾਹੀ' ਵਾਂਗ ਹੀ ਹੈ। ਭਾਰਤੀ ਰਾਸਟ੍ਰ ਭਗਤੀ ਤੇ ਫਿਰਕੂਪੁਣੇ ਨਾਲ ਭਰਿਆ ਪੰਜਾਬੀ ਹਿੰਦੂ ਮੂਲ ਦਾ 'ਵੇਦ ਮਰਵਾਹਾ' ਲਿਖਦਾ ਹੈ: 'ਹਰਜਿੰਦਰ ਸਿੰਘ ਜਿੰਦਾ, ਜਿਸ ਨੂੰ ਜਨਰਲ ਵੈਦਿਆ ਦੇ ਕਤਲ ਕੇਸ ਵਿਚ ਸਜਾ ਹੋਈ ਅਤੇ ਬਾਅਦ ਵਿਚ ਫਾਂਸੀ 'ਤੇ ਲਟਕਾਇਆ ਗਿਆ ਕੋਈ ਸਧਾਰਨ ਮਨੁੱਖ ਨਹੀਂ ਸੀ। ਇਹ ਸਿਰਫ਼ ਇੱਕ ਬੇਤਰਸ ਹਤਿਆਰਾ ਨਹੀਂ ਸੀ। ਉਸ ਦੀ ਸਖ਼ਸੀਅਤ ਦਾ ਇੱਕ ਬੜਾ ਅਨੋਖਾ ਪੱਖ ਵੀ ਸੀ। ਉਹ ਜਦੋਂ ਸਖ਼ਤ ਜਖਮੀ ਸੀ ਅਤੇ ਜੀਵਨ-ਮੌਤ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਉਹ ਬੜਾ ਮਖੌਲੀਆ ਅਤੇ ਦਿਲ ਨੂੰ ਲੁਭਾਉਣ ਵਾਲਾ ਅੰਦਾਜ ਰੱਖਦਾ ਸੀ। ਜਦੋਂ ਮੈਂ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਹ ਕੋਈ ਮਨੋਰੋਗੀ ਨਹੀਂ ਸੀ ਬਲਕਿ ਉਸ ਦੀ ਮਾਨਸਿਕਤਾ ਵਿੱਚ ਐਸੇ ਅਸਾਧਾਰਨ ਤੱਤ ਸਨ, ਜਿਹੜੇ ਉਸ ਨੂੰ ਇੱਕ ਵੱਖਰੀ ਦਿੱਖ ਵਾਲਾ ਇਨਸਾਨ ਸਥਾਪਤ ਕਰਦੇ ਸਨ।'

**'ਵੇਦ ਮਰਵਾਹਾ' ਅੱਗੋਂ ਛੋਟਾ ਸਿਰਲੇਖ ਦਿੰਦੇ ਹਨ:** 'ਪਹਿਲੀ ਗ੍ਰਿਫਤਾਰੀ' ਲਿਖਤ ਅਨੁਸਾਰ-'ਜਿੰਦਾ ਪਹਿਲੀ ਵਾਰ ਅਚਾਨਕ ਹੀ 1985 ਵਿਚ ਪੁਲਿਸ ਦੇ ਹੱਥ ਲੱਗ ਗਿਆ। ਉਦੋਂ ਦਿੱਲੀ ਵਿੱਚ ਲਗਾਤਾਰ ਬੈਂਕ ਲੁੱਟੇ ਜਾ ਰਹੇ ਸਨ ਪਰ ਪੁਲਿਸ ਨੂੰ ਕੋਈ ਸੂਹ ਨਹੀਂ ਸੀ ਮਿਲ ਰਹੀ। ਮੈਨੂੰ ਰੋਜ਼ਾਨਾ ਭਾਰਤ ਦੇ ਗ੍ਰਹਿ ਮੰਤਰੀ ਤੋਂ ਝਾੜਾਂ ਪੈ ਰਹੀਆਂ ਸਨ ਅਤੇ ਮੀਡੀਏ ਵਿੱਚ ਵੀ ਦਿੱਲੀ ਪੁਲਿਸ ਦੀ ਦੁਰਗਤੀ ਬਣ ਰਹੀ ਸੀ। ਉਦੋਂ ਤੱਕ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਬੈਂਕ ਡਕੈਤੀਆਂ ਨਾਲ ਪੰਜਾਬ ਦੇ ਦਹਿਸਤਗਰਦਾਂ ਦਾ ਵੀ ਕੋਈ ਸਬੰਧ ਹੋ ਸਕਦਾ ਹੈ। ਜਿੰਦੇ ਦੀ ਗ੍ਰਿਫਤਾਰੀ ਇੱਕ ਛੋਟੇ ਦਰਜੇ ਦੀ ਜਾਣਕਾਰੀ ਦੇ ਆਧਾਰ 'ਤੇ ਹੋਈ, ਜਿਸ ਦਾ ਸੰਬੰਧ ਕਿਸੇ ਕਾਰ ਦੀ ਚੋਰੀ ਨਾਲ ਸੀ। ਕ੍ਰਾਈਮ ਬਰਾਂਚ ਦੇ ਐਡੀਸ਼ਨਲ ਕਮਿਸਨਰ ਆਰ. ਕੇ. ਸਰਮਾ ਨੇ ਮੈਨੂੰ ਇੱਕ ਐਤਵਾਰ ਦੀ ਸਵੇਰ ਫੋਨ ਕਰ ਕੇ ਜਿੰਦੇ ਦੀ ਗ੍ਰਿਫਤਾਰੀ ਦੀ 'ਵੱਡੀ ਪ੍ਰਾਪਤੀ' ਸੰਬੰਧੀ ਦੱਸਿਆ। ਉਦੋਂ ਪਹਿਲੀ ਵਾਰ ਦਿੱਲੀ ਪੁਲਿਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਇੱਕ ਅਚਾਨਕ ਇੱਕ ਮਾਰਕਾਖੋਜ ਕੰਮ ਕੀਤਾ ਹੈ।'

'ਮਰਵਾਹੇ' ਦੀ ਲਿਖਤ ਦਾ ਅਗਲਾ ਸਿਰਲੇਖ ਹੈ- 'ਪੁੱਛ ਗਿੱਛ' (ਇੰਟੈਰੋਗੇਸਨ) ਮਰਵਾਹੇ ਅਨੁਸਾਰ -'ਮੈਂ ਆਪਣੇ ਘਰੋਂ ਫੌਰਨ ਕ੍ਰਾਈਮ ਬਰਾਂਚ ਇੰਟੈਰੋਗੇਸਨ ਸੈਂਟਰ ਪਹੁੰਚਿਆ ਅਤੇ ਇਸ



ਸਾਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿੱਚ ਡਰ ਨਾਂ ਦੀ ਕੋਈ ਚੀਜ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁਡ ਦੀਆਂ ਫਿਲਮਾਂ ਦੇ ਅੰਦਾਜ਼ ਵਿੱਚ ਪੁਲਿਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ। ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲਿਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਸ ਨੂੰ ਬੜੀ ਖੁਸੀ ਸੀ। ਉਸ ਨੇ ਆਪਣੇ ਖਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸੰਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ ਵਾਰ 'ਰਾਜਧਾਨੀ' ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲਿਸ ਦਾ ਪੂਰਾ ਮਜਾਕ ਉਡਾ ਰਿਹਾ ਸੀ। ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ 'ਉਹ' (ਭਾਰਤ ਸਰਕਾਰ) ਤੇ ਅਸੀਂ (ਖਾਲਸਤਾਨੀ) ਸਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ, ਇੱਕ 'ਪੁਲਿਸ ਮੁਖੀ' ਦੇ ਤੌਰ 'ਤੇ ਬਰਾਬਰ ਦੀ ਧਿਰ ਬਣ ਕੇ ਗੱਲ ਕਰ ਰਿਹਾ ਸੀ (ਨਾ ਕਿ ਮੁਜਰਮ ਦੇ ਤੌਰ 'ਤੇ)। ਉਸ ਨੂੰ ਫੇਰ ਅਸੀਂ ਗੁਜਰਾਤ ਪੁਲਿਸ ਦੇ ਹਵਾਲੇ ਕਰ ਦਿੱਤਾ, ਜਿੱਥੋਂ ਕਿ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿੱਚ 'ਲਲਿਤ ਮਾਕਨ' ਐਮ. ਪੀ. ਤੇ 'ਅਰਜਨ ਦਾਸ' ਆਦਿ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿੱਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।'

'ਵੇਦ ਮਰਵਾਹਾ' ਫੇਰ, ਇੱਕ ਸਬ-ਹੈਡਿੰਗ 'ਦੂਸਰੀ ਮੁਲਾਕਾਤ' ਦਾ ਦਿੰਦਾ ਹੈ, ਜਿਸ ਅਨੁਸਾਰ ਅਗਸਤ 1987 ਵਿੱਚ ਸਿਵਲ ਲਾਈਨਜ ਏਰੀਏ ਵਿੱਚ ਹੋਏ ਇੱਕ ਪੁਲਿਸ ਮੁਕਾਬਲੇ ਵਿੱਚ ਜਿੰਦਾ ਸਖ਼ਤ ਜਖ਼ਮੀ ਹਾਲਤ ਵਿੱਚ ਦਿੱਲੀ ਪੁਲਿਸ ਨੇ ਦਬੋਚ ਲਿਆ। .. ਮੈਂ ਆਪਣੇ ਵਾਇਰਲੈੱਸ ਸੈੱਟ 'ਤੇ ਜਿੰਦੇ ਦੀ ਗ੍ਰਿਫਤਾਰੀ ਬਾਰੇ ਸੁਣਿਆ ਅਤੇ ਕੁਝ ਮਿੰਟਾਂ ਵਿੱਚ ਹੀ ਪੁਲਿਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ 'ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਬੜੀ ਗੰਭੀਰ ਜਖ਼ਮੀ ਹਾਲਤ ਵਿੱਚ ਸੀ ਪਰ ਫਿਰ ਵੀ ਉਸ ਨੇ ਮੈਨੂੰ ਮਜਾਕੀਆ ਲਹਿਜੇ ਵਿੱਚ ਕਿਹਾ -'ਮੁਬਾਰਕ ਹੋ, ਅਬ ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ ਦਿੱਲੀ ਪੁਲਿਸ ਨੇ ਮੁਝੇ ਪਕੜ ਲੀਆ ਹੈ।' ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿੱਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿੱਚ ਵੀ ਬੇਪ੍ਰਵਾਹ ਹੋ ਕੇ ਮਜਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਰਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲਿਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ ਉਸ ਦਾ ਫੌਜੀ ਹਸਪਤਾਲ ਵਿੱਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ ਕਰਾਮਾਤੀ ਤੌਰ 'ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ. ਜੀ. ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿੱਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ ਗਿਆ ਪਰ ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ 'ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸਨਲ ਪੁਲਿਸ ਅਫਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸੰਸਾ ਤੇ ਨਿੱਘ ਵਾਲੀਆਂ ਸਨ..।'

ਖਾਲਸਤਾਨੀ ਸੰਘਰਸ਼ ਦੇ ਇਸ ਸਿਪਾਹ ਸਿਲਾਰ ਨੂੰ 'ਦੁਸਮਣ' ਵੱਲੋਂ ਦਿੱਤੀ ਗਈ, ਇਸ ਸਰਧਾਂਜਲੀ ਚੋਂ ਭਵਿੱਖ ਦੀਆਂ ਪੀੜੀਆਂ ਨੂੰ ਖਾਲਸਤਾਨੀ ਸੰਘਰਸ਼ ਦੇ ਯੋਧਿਆਂ ਦੀ ਅਸਲੀ ਤਸਵੀਰ ਨਜ਼ਰ ਆ ਰਹੀ ਹੋਵੇਗੀ।

**ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਸੰਖੇਪ ਜੀਵਨੀ**

ਭਾਈ ਸੁਖਦੇਵ ਸਿੰਘ ਦਾ ਜਨਮ ਰਾਜਿਸਥਾਨ ਜਿਲ੍ਹੇ ਗੰਗਾਨਗਰ ਦੀ ਤਹਿਸੀਲ ਕਰਨਪੁਰ ਦੇ ਚੱਕ ਨੰਬਰ 11 ਵਿੱਚ ਹੋਇਆ। ਆਪ ਜੀ ਦੇ ਪਿਤਾ ਮਹਿੰਗਾ ਸਿੰਘ ਗੁਰਸਿੱਖ ਹਨ ਤੇ ਖੇਤੀ ਦਾ ਕੰਮ ਕਰਦੇ ਹਨ। ਮਾਤਾ ਸੁਰਜੀਤ ਕੌਰ ਪੂਰਨ ਗੁਰਸਿਖ, ਰਹਿਤ ਦੇ ਧਾਰਨੀ ਤੇ ਨਿਤਨੇਮੀ ਹਨ। ਭਾਈ ਸੁਖਦੇਵ ਸਿੰਘ ਨੂੰ ਸਿੱਖੀ ਸਿਦਕ ਦੀ ਦਾਤ ਵਿਰਸੇ ਵਿੱਚ ਮਿਲੀ ਹੋਈ ਸੀ। ਸਕੂਲ ਦੀ ਪੜ੍ਹਾਈ ਦੇ ਨਾਲ ਹੀ ਧਾਰਮਿਕ ਵਿਦਿਆ ਤੇ ਗੁਰਬਾਣੀ ਦਾ ਅਭਿਆਸ ਉਸ ਦਾ ਨਿਤ ਕਰਮ ਬਣ ਗਿਆ। ਮੁੱਢਲੀ ਵਿਦਿਆ ਪਿੰਡ ਮਾਣਕਪੁਰ ਚੱਕ ਨੰਬਰ 13 ਤੋਂ ਪ੍ਰਾਪਤ ਕੀਤੀ ਤੇ ਕਾਨਪੁਰ ਤੋਂ ਦਸਵੀਂ ਪਾਸ ਕਰਕੇ ਗਿਆਨ ਜੋਤੀ ਕਾਲਜ ਤੋਂ ਬੀ. ਏ. ਪਾਸ ਕੀਤੀ। ਐਮ. ਏ ਅੰਗਰੇਜੀ ਵਿੱਚ ਪੜ੍ਹਦੇ ਸਨ, ਜਦੋਂ 1984 ਦਾ ਸਿੱਖੀ ਦਮਨ ਕਰਨ ਵਾਲਾ ਘੱਲੂਘਾਰਾ ਵਾਪਰ ਗਿਆ। ਭਾਈ ਸੁੱਖਾ ਜੀ ਘਰੋਂ ਬੇਘਰ ਹੋ ਕੇ ਸਿੱਖੀ ਦੀ ਪੱਤ ਬਚਾਉਣ ਦੀਆ ਵਿਉਂਤਾਂ ਵਿੱਚ ਲਗ ਗਿਆ। ਆਪਣੇ ਮਿੱਤਰ ਬਲਜਿੰਦਰ ਸਿੰਘ ਰਾਜੂ ਦੇ ਭੂਆ ਦੇ ਪੁੱਤਰ ਹਰਜਿੰਦਰ ਸਿੰਘ ਜਿੰਦਾ ਨੂੰ ਆਪਣੇ ਕਾਰਜ ਦੇ ਨਿਸ਼ਾਨੇ ਉੱਤੇ ਪੁੱਜਣ ਲਈ ਆਪ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕੀਤੀ। ਗੁਰੂ ਮਹਾਰਾਜ ਦੇ ਬਖ਼ਸ਼ੇ ਹੋਏ ਲਾਡਲੇ ਸਪੁੱਤਰਾਂ ਨੂੰ ਪੰਥ ਦੇ ਲੇਖੇ ਲਾ ਸੁਰਖ਼ਰੂ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਭਾਈ ਲਾਭ ਸਿੰਘ ਪੰਜਵਡ, ਭਾਈ ਜਰਨੈਲ ਸਿੰਘ ਹਲਵਾਰਾ ਤੇ ਮਥਰਾ ਸਿੰਘ ਚੌਡੇ ਮਧਰੇ ਤੇ ਭਾਈ ਚਰਨਜੀਤ ਸਿੰਘ ਚੰਨੀ ਲੁਧਿਆਣਾ (ਪੰਜਾਬ) ਵਿੱਚ ਸਰਗਰਮ ਸਨ। ਉਨਾਂ ਵਿੱਚ ਭਾਈ



ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਪੰਜਾਬ ਤੋਂ ਬਾਹਰ ਦਿੱਲੀ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ ਹੋਇਆ ਸੀ ਕਿਉਂਕਿ ਨਵੰਬਰ 1984 ਵਿੱਚ ਸਿੱਖਾਂ ਦੀ ਸਭ ਤੋਂ ਵੱਧ ਕਤਲੇਆਮ ਤੇ ਬੇਪਤੀ ਦਿੱਲੀ ਵਿੱਚ ਹੋਈ ਸੀ।

ਦਿੱਲੀ ਵਿੱਚ ਇਨਾਂ ਦਾ ਨਾਮ ਸੁਣ ਕੇ ਅਤੇ ਸਰਕਾਰ ਵੱਲੋਂ ਟੀ. ਵੀ. ਉੱਤੇ ਇਨ੍ਹਾਂ ਦੀਆਂ ਤਸਵੀਰਾਂ ਦਿਖਾਉਣ ਕਰਕੇ ਦਿੱਲੀ ਦੇ ਫ਼ਿਰਕੂ ਕਾਤਲ ਘਰਾਂ ਤੋਂ ਬਾਹਰ ਨਹੀਂ ਨਿਕਲਦੇ ਸਨ। ਇਕ ਵਾਰੀ ਭਾਈ ਹਰਜਿੰਦਰ ਸਿੰਘ ਜਿੰਦਾ ਦਿੱਲੀ ਪੁਲਿਸ ਦੇ ਕਾਬੂ ਆ ਗਏ ਤੇ ਅਹਿਮਦਾਬਾਦ ਜੇਲ ਵਿੱਚ ਭੇਜ ਦਿੱਤੇ ਗਏ ਉੱਥੋਂ ਕਿਸੇ ਢੰਗ ਨਾਲ ਨਿਕਲਣ ਵਿੱਚ ਸਫਲ ਹੋ ਗਏ ਫਿਰ ਇਹਨਾਂ ਨੇ ਹਿੰਦੁਸਤਾਨੀ ਫੌਜਾਂ ਦੇ ਉਸ ਵੇਲੇ ਦੇ ਕਮਾਂਡਰ ਇਨ-ਚੀਫ ਜਨਰਲ ਵੈਦਿਆ ਨੂੰ ਸੋਧਣ ਦਾ ਪ੍ਰੋਗਰਾਮ ਬਣਾਇਆ, ਜਿਸ ਦੀ ਕਮਾਨ ਹੇਠ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਜੀ ਤੇ ਹੋਰ ਗੁਰਦੁਆਰਿਆਂ ਦੀ ਬੇਹੁਰਮਤੀ (ਬੇਇੱਜ਼ਤੀ) ਹੋਈ ਸੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕੀਤਾ ਗਿਆ ਸੀ। ਜਨਰਲ ਵੈਦਿਆ ਫੌਜ ਵਿੱਚੋਂ ਰਿਟਾਇਰ ਹੋ ਕੇ ਪੂਨੇ ਵਿੱਚ ਰਹਿ ਰਿਹਾ ਸੀ। ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਪੂਨੇ ਪਹੁੰਚ ਗਏ ਤੇ ਜਨਰਲ ਵੈਦਿਆ ਦੀ ਭਾਲ ਪਿੱਛੋਂ ਮੌਕਾ ਮਿਲਦਿਆਂ ਹੀ ਉਸ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਪਾਪੀ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇ ਕੇ ਆਪਣੇ ਮਿਥੇ ਨਿਸ਼ਾਨੇ ਦੀ ਪੂਰਤੀ ਕੀਤੀ।' 17 ਸਿਤੰਬਰ 1987 ਨੂੰ ਭਾਈ ਸੁੱਖਾ ਜੀ ਦਾ ਪੂਨੇ ਇੱਕ ਟਰੱਕ ਨਾਲ ਐਕਸਿਡੈਂਟ ਹੋ ਗਇਆ ਉਸ ਸਮੇਂ ਭਾਈ ਸੁੱਖਾ ਜੀ ਉਸ ਮੋਟਰ ਸਾਇਕਲ 'ਤੇ ਹੀ ਸਵਾਰ ਸਨ ਜੋ ਉਨ੍ਹਾਂ ਨੇ ਵੈਦਯ ਨੂੰ ਸੋਧ ਲਾਉਣ ਸਮੇਂ ਇਸਤੇਮਾਲ ਕੀਤਾ ਸੀ। ਭਾਈ ਜਿੰਦਾ ਜੀ ਦੇ 1987 ਦੇ ਦਿੱਲੀ ਮੁਕਾਬਲੇ 'ਚ ਪੈਰ 'ਚ ਗੋਲੀ ਲਗੀ ਸੀ ਅਤੇ ਮਾਰਚ ਦੇ ਮਹੀਨੇ ਭਾਈ ਜਿੰਦਾ ਜੀ ਨੂੰ ਗੁਰਦੁਆਰਾ ਮਜਨੂੰ ਦਾ ਟੀਲਾ (ਦਿੱਲੀ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਵਾਂ ਸਿੰਘਾਂ ਤੇ ਜਨਰਲ ਵੈਧਯ ਦੀ ਹਤਿਆ ਦਾ ਦੋਸ਼ ਲਾਇਆ ਗਇਆ ਜਿਸ ਦੀ ਸਜ਼ਾ ਮੌਤ ਤੋਂ ਘੱਟ ਨਹੀਂ ਸੀ। 21 ਅਕਤੂਬਰ 1989 ਨੂੰ 2. 05 ਵਜੇ ਦੋਵੇਂ ਸਿੰਘਾਂ ਨੂੰ ਜੱਜ ਨੇ ਫਾਂਸੀ ਦੇਣ ਦੇ ਹੁਕਮ ਸੁਣਾ ਦਿੱਤੇ, ਜਿਸ ਦਾ ਸੁਆਗਤ ਦੋਵੇਂ ਸਿੰਘਾਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।' ਦੇ ਜੈਕਾਰਿਆਂ ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਕੀਤਾ।

ਭਾਈ ਜਿੰਦਾ ਅਤੇ ਭਾਈ ਸੁੱਖਾ ਜੀ ਨੇ ਆਪਣੀ ਸਜ਼ਾ ਦੇ ਵਿਰੁਧ ਅਗਾਂਹ (ਹਾਈਕੋਰਟ 'ਚ) ਕੋਈ ਅਪੀਲ ਦਰਜ ਨਹੀਂ ਕੀਤੀ ਪਰ ਬਹੁਤ ਸਿੱਖ ਜਥੇਬੰਦੀਆਂ ਨੇ ਦੋਵੇਂ ਸਿੰਘਾਂ ਦੇ ਹੱਕ ਚ ਅਰਜ਼ੀਆਂ ਪਾਈਆਂ ਪਰ 9 ਅਕਤੂਬਰ 1992 ਨੂੰ ਕੋਰਟ ਨੇ ਉਨ੍ਹਾਂ ਅਰਜ਼ੀਆਂ ਨੂੰ ਨਾਂ ਮਨਜ਼ੂਰ ਕਰਦਿਆਂ ਰੱਦ ਕਰ ਦਿੱਤਾ।

ਯਾਰਵੜਾ ਦੀ ਜੇਲ 'ਚ ਭਾਈ ਜਿੰਦਾ ਜੀ ਅਤੇ ਭਾਈ ਸੁੱਖ ਜੀ ਨੂੰ 9 ਅਕਤੂਬਰ 1992 (ਸਵੇਰੇ 4 ਵਜੇ) ਫਾਂਸੀ 'ਤੇ ਚੜ੍ਹਾ ਦਿੱਤਾ ਗਿਆ ਇਸ ਤੋਂ ਪਹਿਲਾਂ ਉਨ੍ਹਾਂ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਲਗਾਏ। ਦੋਵੇਂ ਸਿੰਘਾਂ ਨੂੰ 30 ਮਿੰਟਾਂ ਤੱਕ ਹਵਾ 'ਚ ਲਟਕਦਿਆਂ ਰੱਖਿਆ ਗਿਆ, ਉਸ ਤੋਂ ਬਾਅਦ ਹੀ ਥੱਲੇ ਉਤਾਰਿਆ ਗਿਆ। ਉਸ ਦਿਨ ਪੂਰੇ ਉੱਤਰ ਭਾਰਤ ਨੂੰ ਹਾਈ ਅਲਰਟ ਕੀਤਾ ਹੋਇਆ ਸੀ।

ਭਾਈ ਜਿੰਦਾ ਜੀ ਅਤੇ ਭਾਈ ਸੁਖਾ ਜੀ ਦੇ ਅੰਤਿਮ ਸੰਸਕਾਰ ਮੁਲਾ ਦਰਿਆ ਦੇ ਕੰਡੇ 'ਤੇ 4 ਉਪ ਪੁਲਿਸ ਆਯੁਕਤ, 10 ਜੂਨਿਯਰ ਆਯੁਕਤ, 14 ਨਿਰੀਕ੍ਸ਼ਕ, 145 ਜੂਨਿਯਰ ਨਿਰੀਕ੍ਸ਼ਕ, 1275 ਹੋਰ ਅਧਿਕਾਰੀਆਂ ਦੀ ਤਾਇਨਾਤੀ ਹੇਠ ਸਵੇਰੇ 6.30 ਵਜੇ ਕੀਤੇ ਗਏ।

ਉਸ ਦਿਨ ਪੰਜਾਬ ਸਮੇਤ ਭਾਰਤ ਦੇ ਬਾਕੀ ਰਾਜਾਂ 'ਚ ਵੀ ਭਾਰੀ ਵਿਰੋਧ ਕੀਤੇ ਗਏ। ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਇਕੱਠੀਆਂ ਹੋਈਆ ਜਿੱਥੋਂ ਭਾਰਤੀ ਫੋਰਸਾਂ ਨੇ 300 ਦੇ ਲਗਭਗ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਭਾਈ ਜਿੰਦਾ ਤੇ ਭਾਈ ਸੁੱਖਾ ਜੀ ਨੇ ਰਾਸਟਰਪਤੀ ਨੂੰ ਲਿਖੇ ਆਪਣੇ ਪੱਤ੍ਰ ਵਿੱਚ ਖਾਲਸਤਾਨੀ ਸੰਘਰਸ਼ ਦੀ ਤਰਜਮਾਨੀ ਕਰਦਿਆਂ ਬੜੇ ਫ਼ਖ਼ਰ ਨਾਲ ਲਿਖਿਆ ਸੀ: 'ਜਦੋਂ ਕੌਮਾਂ ਜਾਗਦੀਆਂ ਹਨ ਤਾਂ ਇਤਿਹਾਸ ਨੂੰ ਕੰਬਣੀ ਛਿੜ ਜਾਂਦੀ ਹੈ। ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲੇ ਨੇ ਸਮੁੱਚੀ ਕੌਮ ਨੂੰ ਉਸ ਦੇ ਫ਼ਰਜ਼ ਦੀ ਯਾਦ ਕਰਵਾਈ ਹੈ ਤੇ ਹੁਣ ਕੌਮ ਨੇ ਤੁਹਾਡੀ ਗੁਲਾਮੀ ਦਾ ਜੂਲਾ ਪਰ੍ਹਾਂ ਵਗਾਹ ਕੇ ਖਾਲਿਸਤਾਨ ਦੀ ਮੰਜ਼ਲ ਵੱਲ ਚੜ੍ਹਾਈ ਕੀਤੀ ਹੋਈ ਹੈ।'

ਖਾਲਸਾ ਜੀ ! ਆਪਣੇ ਕੌਮੀ ਫ਼ਰਜ਼ਾਂ ਦੀ ਪਛਾਣ ਕਰੀਏ। ਇਹੀ ਇਨ੍ਹਾਂ ਦੋ ਮਰਜੀਵੜਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ: 'ਜਿਸ ਸਾਨ ਸੇ ਕੋਈ ਮੁਕਤਲ ਮੇਂ ਗਿਆ, ਵੋਹ ਸਾਨ ਸਲਾਮਤ ਰਹਤੀ ਹੈ। ਇਸ ਜਾਨ ਕੀ ਤੋ ਕੋਈ ਬਾਤ ਨਹੀਂ, ਯੇ ਜਾਨ ਤੋ ਆਨੀ-ਜਾਨੀ ਹੈ।'



ਫਾਂਸੀ ਦਾ ਰੱਸਾ ਸਾਨੂੰ ਯਾਰੜੇ ਦੀ ਗਲਵੱਕੜੀ ਵਾਂਗ ਹੀ ਪਿਆਰਾ ਹੈ ਪਰ ਜੇ ਸਾਡੇ
ਉਤੇ "[illegible]" ਦੇਸ਼ ਦਾ ਇਲਜ਼ਾਮ ਹੈ ਤਾਂ ਅਸੀਂ ਜਾਣਦੇ ਹਾਂ ਕਿ ਸਾਡੀਆਂ
[illegible]
[illegible] ਖਾਲਿਸਤਾਨ ਦੇ [illegible]

ਖਾਲਿਸਤਾਨ ਜ਼ਿੰਦਾਬਾਦ !!!

[illegible]

ਹਰਜਿੰਦਰ ਸਿੰਘ
ਸੁਖਦੇਵ ਸਿੰਘ
ਪੂਨਾ ਜੇਲ

ਹਰਜਿੰਦਰ ਸਿੰਘ 4-5-1990
ਸੁਖਦੇਵ ਸਿੰਘ 4-5-1990

# "ਫਾਂਸੀ ਦਾ ਰੱਸਾ ਸਾਨੂੰ ਯਾਰੜੇ ਦੀ ਗਲਵੱਕੜੀ ਵਾਂਗ ਹੀ ਪਿਆਰਾ ਹੈ"

– ਭਾਈ ਹਰਜਿੰਦਰ ਸਿੰਘ ਜਿੰਦਾ
ਭਾਈ ਸੁਖਦੇਵ ਸਿੰਘ ਸੁੱਖਾ

# ਪੰਜਾਬ ਕਾਂਗਰਸ ਪ੍ਰਧਾਨ ਪ੍ਰਗਟ ਸਿੰਘ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟੇਕਿਆ ਮੱਥਾ





ਅੰਮ੍ਰਿਤਸਰ : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਗਟ ਸਿੰਘ ਅਤੇ ਆਲ ਇੰਡੀਆ ਕਾਂਗਰਸ ਕਮੇਟੀ (AICC) ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸਚਿਨ ਪਾਇਲਟ ਵੀਰਵਾਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਕਾਂਗਰਸੀ ਲੀਡਰਸ਼ਿਪ ਨੇ ਪਵਿੱਤਰ ਅਸਥਾਨ ’ਤੇ ਮੱਥਾ ਟੇਕਿਆ, ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਪੰਜਾਬ ਦੀ ਸ਼ਾਂਤੀ, ਖ਼ੁਸ਼ਹਾਲੀ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਸਥਾਨ ਤੇ ਮਿਤੀ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ; ਵੀਰਵਾਰ, 8 ਅਕਤੂਬਰ 2026

ਪ੍ਰਮੁੱਖ ਆਗੂ : ਪ੍ਰਗਟ ਸਿੰਘ (ਪੰਜਾਬ ਕਾਂਗਰਸ ਪ੍ਰਧਾਨ), ਸਚਿਨ ਪਾਇਲਟ (AICC ਜਨਰਲ ਸਕੱਤਰ ਤੇ ਪੰਜਾਬ ਇੰਚਾਰਜ)

ਮਕਸਦ : ਗੁਰੂ ਘਰ ਵਿਖੇ ਨਤਮਸਤਕ ਹੋਣਾ, ਸਰਬੱਤ ਦੇ ਭਲੇ ਅਤੇ ਪੰਜਾਬ ਦੀ ਖ਼ੁਸ਼ਹਾਲੀ ਲਈ ਅਰਦਾਸ

ਸਿਆਸੀ ਪਿਛੋਕੜ : ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਅਤੇ ਜਥੇਬੰਦਕ ਸਰਗਰਮੀਆਂ ਦਰਮਿਆਨ ਦੌਰਾ

ਦੌਰੇ ਦੇ ਅਹਿਮ ਪਹਿਲੂ

ਗੁਰੂ ਚਰਨਾਂ ਵਿੱਚ ਅਰਦਾਸ:

ਸਚਿਨ ਪਾਇਲਟ ਅਤੇ ਪਰਗਟ ਸਿੰਘ ਨੇ ਹੋਰਨਾਂ ਸੀਨੀਅਰ ਕਾਂਗਰਸੀ ਆਗੂਆਂ ਦੇ ਨਾਲ ਪਰਕਰਮਾ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਅੰਦਰ ਸ਼ਰਧਾ ਸਹਿਤ ਮੱਥਾ ਟੇਕ ਕੇ ਕੜਾਹ ਪ੍ਰਸਾਦਿ ਦੀ ਦੇਗ ਕਰਵਾਈ।

ਚੋਣਾਂ ਦੇ ਮੱਦੇਨਜ਼ਰ ਅਹਿਮ ਦੌਰਾ:

ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸੂਬੇ ਦੇ ਸਿਆਸੀ ਸਮੀਕਰਨ ਤੇਜ਼ੀ ਨਾਲ ਭਖ ਰਹੇ ਹਨ। ਅਜਿਹੇ ਮਾਹੌਲ ਵਿੱਚ ਪੰਜਾਬ ਕਾਂਗਰਸ ਇੰਚਾਰਜ ਵਜੋਂ ਸਚਿਨ ਪਾਇਲਟ ਅਤੇ ਪ੍ਰਧਾਨ ਪਰਗਟ ਸਿੰਘ ਦੀ ਅੰਮ੍ਰਿਤਸਰ ਫੇਰੀ ਨੂੰ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਭਰਨ ਅਤੇ ਸੰਗਠਨਾਤਮਕ ਤਾਲਮੇਲ ਵਜੋਂ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ।

## ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਪਰਗਟ ਸਿੰਘ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਨਵੀਂ ਦਿੱਲੀ ਵਿਖੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਪਰਗਟ ਸਿੰਘ ਨਾਲ ਇੱਕ ਅਹਿਮ ਮੁਲਾਕਾਤ ਕੀਤੀ। ਪਰਗਟ ਸਿੰਘ ਵੱਲੋਂ ਪੰਜਾਬ ਕਾਂਗਰਸ ਦੀ ਕਮਾਨ ਸੰਭਾਲਣ ਤੋਂ ਬਾਅਦ ਦੋਹਾਂ ਆਗੂਆਂ ਵਿਚਾਲੇ ਹੋਈ ਇਹ ਪਹਿਲੀ ਰਸਮੀ ਮੁਲਾਕਾਤ ਹੈ, ਜਿਸ ਦੌਰਾਨ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਅਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਬਾਰੇ ਵਿਸਥਾਰਪੂਰਵਕ ਚਰਚਾ ਹੋਈ।



## ਮੁੱਖ ਮੰਤਰੀ ਭਗਵੰਤ ਮਾਨ ਦੇ OSD ਸੁਖਵੀਰ ਸਿੰਘ ਵੱਲੋਂ ਦਾਣਾ ਮੰਡੀ ’ਚ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ; ਪ੍ਰਬੰਧਾਂ ਦਾ ਲਿਆ ਜਾਇਜ਼ਾ

ਸੰਗਰੂਰ, (ANI): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਸ਼ੇਸ਼ ਕਾਰਜ ਅਧਿਕਾਰੀ (OSD) ਸੁਖਵੀਰ ਸਿੰਘ ਨੇ ਸੰਗਰੂਰ ਜ਼ਿਲ੍ਹੇ ਦੇ ਹਲਕਾ ਧੂਰੀ ਦੀ ਅਨਾਜ ਮੰਡੀ ਵਿਖੇ ਸਾਉਣੀ ਸੀਜ਼ਨ ਲਈ ਝੋਨੇ ਦੀ ਸਰਕਾਰੀ ਖ਼ਰੀਦ ਦੀ ਰਸਮੀ ਸ਼ੁਰੂਆਤ ਕਰਵਾਈ। ਇਸ ਦੌਰਾਨ ਉਨ੍ਹਾਂ ਨੇ ਦਾਣਾ ਮੰਡੀ ਦਾ ਦੌਰਾ ਕਰਕੇ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਲਈ ਕੀਤੇ ਗਏ ਸਮੁੱਚੇ ਪ੍ਰਬੰਧਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ।

ਸਥਾਨ : ਅਨਾਜ ਮੰਡੀ, ਧੂਰੀ (ਜ਼ਿਲ੍ਹਾ ਸੰਗਰੂਰ, ਪੰਜਾਬ)

ਮੁੱਖ ਸ਼ਖ਼ਸੀਅਤ : ਸੁਖਵੀਰ ਸਿੰਘ (ਓ.ਐੱਸ.ਡੀ., ਮੁੱਖ ਮੰਤਰੀ ਪੰਜਾਬ)

ਗਤੀਵਿਧੀ ਸਾਉਣੀ ਮੰਡੀਕਰਨ ਸੀਜ਼ਨ ਦੌਰਾਨ ਝੋਨੇ ਦੀ ਸਰਕਾਰੀ ਖ਼ਰੀਦ ਦੀ ਰਸਮੀ ਸ਼ੁਰੂਆਤ

ਮੁੱਖ ਮਕਸਦ : ਮੰਡੀ ਵਿੱਚ ਤੁਲਾਈ, ਬਾਰਦਾਨਾ, ਲਿਫ਼ਟਿੰਗ ਅਤੇ ਕਿਸਾਨ ਸੁਵਿਧਾਵਾਂ ਦੀ ਪੜਤਾਲ।



## ਓਸਕੇਮੇਨ: ਭਾਰਤ ਤੇ ਕਜ਼ਾਖ਼ਸਤਾਨ ਵਿਚਾਲੇ ਸਾਂਝੀ ਫ਼ੌਜੀ ਮਸ਼ਕ ‘ਕਾਜ਼ਿੰਦ’ (KAZIND) ਦਾ 9ਵਾਂ ਐਡੀਸ਼ਨ ਸ਼ੁਰੂ

### ਉਦਘਾਟਨੀ ਸਮਾਰੋਹ ਦੌਰਾਨ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਖਿਚਵਾਈ ਯਾਦਗਾਰੀ ਤਸਵੀਰ







ਓਸਕੇਮੇਨ (ਕਜ਼ਾਖ਼ਸਤਾਨ), (ANI): ਭਾਰਤ ਅਤੇ ਕਜ਼ਾਖ਼ਸਤਾਨ ਦੀਆਂ ਹਥਿਆਰਬੰਦ ਫ਼ੌਜਾਂ ਵਿਚਾਲੇ ਦੁਵੱਲੇ ਰੱਖਿਆ ਸਹਿਯੋਗ ਅਤੇ ਆਪਸੀ ਤਾਲਮੇਲ ਨੂੰ ਮਜ਼ਬੂਤ ਕਰਨ ਲਈ ਸਾਂਝੀ ਫ਼ੌਜੀ ਮਸ਼ਕ ‘ਕਾਜ਼ਿੰਦ’ (KAZIND) ਦੇ 9ਵੇਂ ਐਡੀਸ਼ਨ ਦਾ ਰਸਮੀ ਆਗਾਜ਼ ਕਜ਼ਾਖ਼ਸਤਾਨ ਦੇ ਸ਼ਹਿਰ ਓਸਕੇਮੇਨ (Oskemen) ਵਿਖੇ ਹੋਇਆ। ਉਦਘਾਟਨੀ ਸਮਾਰੋਹ ਦੌਰਾਨ ਦੋਵਾਂ ਦੇਸ਼ਾਂ ਦੇ ਸੀਨੀਅਰ ਫ਼ੌਜੀ ਅਧਿਕਾਰੀਆਂ ਅਤੇ ਜਵਾਨਾਂ ਨੇ ਇਕੱਠੇ ਹੋ ਕੇ ਯਾਦਗਾਰੀ ਗਰੁੱਪ ਤਸਵੀਰ ਖਿਚਵਾਈ ਅਤੇ ਅਭਿਆਸ ਦੇ ਟੀਚਿਆਂ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਦਾ ਅਹਿਦ ਲਿਆ।

ਮੁੱਖ ਵੇਰਵੇ

ਮਸ਼ਕ ਦਾ ਨਾਮ : ਕਾਜ਼ਿੰਦ (KAZIND) — 9ਵਾਂ ਐਡੀਸ਼ਨ

ਭਾਈਵਾਲ ਦੇਸ਼ : ਭਾਰਤ ਅਤੇ ਕਜ਼ਾਖ਼ਸਤਾਨ

ਸਥਾਨ : ਓਸਕੇਮੇਨ (Oskemen), ਕਜ਼ਾਖ਼ਸਤਾਨ

ਮੌਕਾ : ਸਾਂਝੀ ਫ਼ੌਜੀ ਮਸ਼ਕ ਦਾ ਉਦਘਾਟਨੀ ਸਮਾਰੋਹ (Opening Ceremony)

ਮੁੱਖ ਮਕਸਦ : ਅੱਤਵਾਦ ਵਿਰੋਧੀ ਕਾਰਵਾਈਆਂ ’ਚ ਸਾਂਝੀ ਮੁਹਾਰਤ ਅਤੇ ਰੱਖਿਆ ਭਾਈਵਾਲੀ ਨੂੰ ਹੁਲਾਰਾ

ਮਸ਼ਕ ਦੇ ਪ੍ਰਮੁੱਖ ਪਹਿਲੂ

ਅੱਤਵਾਦ ਵਿਰੋਧੀ ਸਾਂਝੀਆਂ ਕਾਰਵਾਈਆਂ:

‘ਕਾਜ਼ਿੰਦ’ ਅਭਿਆਸ ਦੌਰਾਨ ਦੋਵਾਂ ਦੇਸ਼ਾਂ ਦੀਆਂ ਫ਼ੌਜੀ ਟੁਕੜੀਆਂ ਅਰਧ-ਸ਼ਹਿਰੀ ਅਤੇ ਪਹਾੜੀ ਖੇਤਰਾਂ ਵਿੱਚ ਸੰਯੁਕਤ ਰਾਸ਼ਟਰ (UN) ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਅੱਤਵਾਦ ਵਿਰੋਧੀ ਕਾਰਵਾਈਆਂ, ਛਾਪੇਮਾਰੀ ਅਤੇ ਘੇਰਾਬੰਦੀ ਤਕਨੀਕਾਂ ਦਾ ਸਾਂਝਾ ਅਭਿਆਸ ਕਰਨਗੀਆਂ।

ਤਕਨੀਕੀ ਤੇ ਰਣਨੀਤਕ ਆਦਾਨ-ਪ੍ਰਦਾਨ:

ਇਹ ਅਭਿਆਸ ਦੋਵਾਂ ਫ਼ੌਜਾਂ ਨੂੰ ਆਧੁਨਿਕ ਹਥਿਆਰਾਂ ਦੀ ਵਰਤੋਂ, ਜੰਗੀ ਰਣਨੀਤੀਆਂ ਅਤੇ ਆਪਸੀ ਕਮਾਂਡ ਤਾਲਮੇਲ (Interoperability) ਨੂੰ ਪਰਖਣ ਅਤੇ ਬਿਹਤਰ ਬਣਾਉਣ ਦਾ ਇੱਕ ਮਹੱਤਵਪੂਰਨ ਮੰਚ ਪ੍ਰਦਾਨ ਕਰਦਾ ਹੈ।

ਮੱਧ ਏਸ਼ੀਆ ਨਾਲ ਰੱਖਿਆ ਸਬੰਧਾਂ ਦੀ ਮਜ਼ਬੂਤੀ:

ਭਾਰਤ ਲਈ ਕਜ਼ਾਖ਼ਸਤਾਨ ਮੱਧ ਏਸ਼ੀਆਈ ਖੇਤਰ ਵਿੱਚ ਇੱਕ ਪ੍ਰਮੁੱਖ ਰਣਨੀਤਕ ਭਾਈਵਾਲ ਹੈ। ਇਸ ਲੜੀਵਾਰ ਸਾਲਾਨਾ ਮਸ਼ਕ ਦਾ ਨਿਰੰਤਰ ਆਯੋਜਨ ਦੋਵਾਂ ਮੁਲਕਾਂ ਦੇ ਡੂੰਘੇ ਫ਼ੌਜੀ ਅਤੇ ਕੂਟਨੀਤਕ ਰਿਸ਼ਤਿਆਂ ਨੂੰ ਦਰਸਾਉਂਦਾ ਹੈ।

# ਦੁਸਹਿਰੇ ਦੇ ਤਿਉਹਾਰ ਦੀਆਂ ਤਿਆਰੀਆਂ ਜ਼ੋਰਾਂ 'ਤੇ; ਕਾਰੀਗਰਾਂ ਵੱਲੋਂ ਰਾਵਣ ਦੇ ਪੁਤਲਿਆਂ ਨੂੰ ਦਿੱਤਾ ਜਾ ਰਿਹਾ ਅੰਤਿਮ ਰੂਪ







ਨਾਗਪੁਰ (ਮਹਾਰਾਸ਼ਟਰ) : ਦੁਸਹਿਰੇ (ਵਿਜੈ ਦਸ਼ਮੀ) ਦੇ ਪਵਿੱਤਰ ਤਿਉਹਾਰ ਦੇ ਮੱਦੇਨਜ਼ਰ ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਵਿੱਚ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ। ਬੁਰਾਈ 'ਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਇਸ ਤਿਉਹਾਰ ਨੂੰ ਮਨਾਉਣ ਲਈ ਸਥਾਨਕ ਕਾਰੀਗਰ ਰਾਵਣ, ਮੇਘਨਾਦ ਅਤੇ ਕੁੰਭਕਰਨ ਦੇ ਵਿਸ਼ਾਲ ਪੁਤਲੇ ਤਿਆਰ ਕਰਨ ਵਿੱਚ ਰੁੱਝੇ ਹੋਏ ਹਨ। ਨਾਗਪੁਰ ਦੀਆਂ ਵੱਖ-ਵੱਖ ਵਰਕਸ਼ਾਪਾਂ ਵਿੱਚ ਕਾਰੀਗਰਾਂ ਵੱਲੋਂ ਬਾਂਸ ਦੇ ਢਾਂਚਿਆਂ, ਰੰਗ-ਬਿਰੰਗੇ ਕਾਗਜ਼ਾਂ ਅਤੇ ਪਟਾਕਿਆਂ ਦੀ ਵਰਤੋਂ ਕਰਕੇ ਪੁਤਲਿਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ, ਤਾਂ ਜੋ ਦੁਸਹਿਰੇ ਵਾਲੇ ਦਿਨ ਰਾਵਣ ਦਹਿਣ ਦੇ ਸਮਾਗਮਾਂ ਨੂੰ ਸ਼ਾਨੋ-ਸ਼ੌਕਤ ਨਾਲ ਨੇਪਰੇ ਚਾੜਿਆ ਜਾ ਸਕੇ।

# ਫ਼ੈਜ਼ੁੱਲਾਗੰਜ ਇਲਾਕੇ 'ਚ ਹੜ੍ਹਾਂ ਵਰਗੀ ਸਥਿਤੀ; ਰਿਹਾਇਸ਼ੀ ਖੇਤਰਾਂ ਵਿੱਚ ਪਾਣੀ ਭਰਨ ਕਾਰਨ ਲੋਕ ਪਾਣੀ ਤੇ ਜ਼ਰੂਰੀ ਵਸਤਾਂ ਇਕੱਠੀਆਂ ਕਰਨ ਲਈ ਮਜਬੂਰ







ਲਖਨਊ (ਉੱਤਰ ਪ੍ਰਦੇਸ਼), (ANI) : ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਕਈ ਹੇਠਲੇ ਇਲਾਕਿਆਂ ਵਿੱਚ ਹੜ੍ਹਾਂ ਵਰਗੇ ਹਾਲਾਤ ਬਣ ਗਏ ਹਨ। ਸ਼ਹਿਰ ਦੇ ਫ਼ੈਜ਼ੁੱਲਾਗੰਜ (Faizullaganj) ਇਲਾਕੇ ਵਿੱਚ ਹੜ੍ਹ ਦਾ ਪਾਣੀ ਗਲੀਆਂ ਅਤੇ ਘਰਾਂ ਦੇ ਅੰਦਰ ਦਾਖ਼ਲ ਹੋਣ ਕਾਰਨ ਆਮ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸਥਾਨਕ ਵਸਨੀਕ ਪੀਣ ਵਾਲੇ ਪਾਣੀ ਅਤੇ ਜ਼ਰੂਰੀ ਖਾਣ-ਪੀਣ ਦੀਆਂ ਵਸਤਾਂ ਇਕੱਠੀਆਂ ਕਰਨ ਲਈ ਜੱਦੋ-ਜਹਿਦ ਕਰਦੇ ਦਿਖਾਈ ਦੇ ਰਹੇ ਹਨ।

ਮੁੱਖ ਵੇਰਵੇ

ਸਥਾਨ : ਫ਼ੈਜ਼ੁੱਲਾਗੰਜ, ਲਖਨਊ (ਉੱਤਰ ਪ੍ਰਦੇਸ਼)

ਸਥਿਤੀ : ਹੜ੍ਹ ਦਾ ਪਾਣੀ ਰਿਹਾਇਸ਼ੀ ਇਲਾਕਿਆਂ 'ਚ ਵੜਨ ਕਾਰਨ ਜਲ-ਥਲ

ਪ੍ਰਭਾਵਿਤ ਖੇਤਰ : ਹੇਠਲੇ ਮੁਹੱਲੇ, ਘਰ ਅਤੇ ਸੰਪਰਕ ਸੜਕਾਂ

ਮੁੱਖ ਸਮੱਸਿਆ : ਪੀਣ ਵਾਲੇ ਸਾਫ਼ ਪਾਣੀ ਅਤੇ ਜ਼ਰੂਰੀ ਰਾਸ਼ਨ ਦੀ ਕਿੱਲਤ

ਜ਼ਮੀਨੀ ਹਾਲਾਤ ਅਤੇ ਸਮੱਸਿਆਵਾਂ

ਜਲ-ਜਮਾਵ ਕਾਰਨ ਘਰਾਂ 'ਚ ਘਿਰੇ ਲੋਕ:

ਫ਼ੈਜ਼ੁੱਲਾਗੰਜ ਵਿੱਚ ਲਗਾਤਾਰ ਪਾਣੀ ਭਰਨ ਕਾਰਨ ਸੜਕਾਂ ਨਾਲਿਆਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਲੋਕਾਂ ਦੇ ਘਰਾਂ ਅੰਦਰ ਪਾਣੀ ਵੜ ਜਾਣ ਕਾਰਨ ਘਰੇਲੂ ਸਾਮਾਨ ਦਾ ਭਾਰੀ ਨੁਕਸਾਨ ਹੋਇਆ ਹੈ।

ਜ਼ਰੂਰੀ ਵਸਤਾਂ ਲਈ ਜੱਦੋ-ਜਹਿਦ:

ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਠੱਪ ਹੋਣ ਕਾਰਨ ਸਥਾਨਕ ਵਸਨੀਕ ਟੈਂਕਰਾਂ ਅਤੇ ਰਾਹਤ ਸਮੱਗਰੀ ਵਾਲੀਆਂ ਥਾਵਾਂ 'ਤੇ ਪਾਣੀ ਤੇ ਸੁੱਕਾ ਰਾਸ਼ਨ ਇਕੱਠਾ ਕਰਨ ਲਈ ਲੰਮੀਆਂ ਕਤਾਰਾਂ ਵਿੱਚ ਖੜ੍ਹੇ ਹੋਣ ਲਈ ਮਜਬੂਰ ਹਨ।

ਬਿਮਾਰੀਆਂ ਫ਼ੈਲਣ ਦਾ ਖ਼ਦਸ਼ਾ:

ਗੰਦਾ ਪਾਣੀ ਖੜ੍ਹਾ ਰਹਿਣ ਕਾਰਨ ਇਲਾਕੇ ਵਿੱਚ ਮੱਛਰਾਂ ਦੀ ਭਰਮਾਰ ਹੋ ਰਹੀ ਹੈ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਛੂਤ ਦੀਆਂ ਬਿਮਾਰੀਆਂ ਫ਼ੈਲਣ ਦਾ ਗੰਭੀਰ ਖ਼ਤਰਾ ਬਣ ਗਿਆ ਹੈ। ਸਥਾਨਕ ਲੋਕ ਪ੍ਰਸ਼ਾਸਨ ਤੋਂ ਪਾਣੀ ਦੀ ਨਿਕਾਸੀ ਲਈ ਪੰਪ ਲਗਾਉਣ ਦੀ ਮੰਗ ਕਰ ਰਹੇ ਹਨ।

# ਨਵੀਂ ਦਾਣਾ ਮੰਡੀ ਵਿਖੇ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ; ਮਜ਼ਦੂਰਾਂ ਵੱਲੋਂ ਟਰੱਕਾਂ ਵਿੱਚ ਬੋਰੀਆਂ ਦੀ ਲੋਡਿੰਗ ਤੇਜ਼







ਪਟਿਆਲਾ (ਪੰਜਾਬ) : ਪੰਜਾਬ ਭਰ ਵਿੱਚ ਸਾਉਣੀ ਦੇ ਸੀਜ਼ਨ ਦੌਰਾਨ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਹੋਣ ਦੇ ਨਾਲ ਹੀ ਮੰਡੀਆਂ ਵਿੱਚ ਰੌਣਕਾਂ ਪਰਤ ਆਈਆਂ ਹਨ। ਪਟਿਆਲਾ ਦੀ ਨਵੀਂ ਦਾਣਾ ਮੰਡੀ (New Grain Market) ਵਿਖੇ ਖ਼ਰੀਦ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਮਜ਼ਦੂਰਾਂ ਵੱਲੋਂ ਝੋਨੇ ਨਾਲ ਭਰੀਆਂ ਬੋਰੀਆਂ ਨੂੰ ਟਰੱਕਾਂ ਵਿੱਚ ਲੋਡ ਕਰਨ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ, ਤਾਂ ਜੋ ਮੰਡੀ ਵਿੱਚੋਂ ਫ਼ਸਲ ਦੀ ਨਿਰਵਿਘਨ ਲਿਫ਼ਟਿੰਗ ਯਕੀਨੀ ਬਣਾਈ ਜਾ ਸਕੇ।

ਸਥਾਨ : ਨਵੀਂ ਦਾਣਾ ਮੰਡੀ, ਪਟਿਆਲਾ (ਪੰਜਾਬ)

ਗਤੀਵਿਧੀ : ਝੋਨੇ ਦੀ ਖ਼ਰੀਦ ਉਪਰੰਤ ਬੋਰੀਆਂ ਦੀ ਟਰੱਕਾਂ 'ਚ ਲੋਡਿੰਗ/ਲਿਫ਼ਟਿੰਗ

ਮੁੱਖ ਧਿਰਾਂ : ਕਿਸਾਨ, ਆੜ੍ਹਤੀਏ, ਮੰਡੀ ਮਜ਼ਦੂਰ ਅਤੇ ਖ਼ਰੀਦ ਏਜੰਸੀਆਂ

ਮਕਸਦ : ਫ਼ਸਲ ਦੀ ਸਮੇਂ ਸਿਰ ਸਾਂਭ-ਸੰਭਾਲ ਅਤੇ ਮੰਡੀ ਵਿੱਚ ਜਾਮ ਤੋਂ ਬਚਾਅ

ਮੰਡੀ ਦੇ ਹਾਲਾਤ ਅਤੇ ਖ਼ਰੀਦ ਪ੍ਰਬੰਧ

ਮੰਡੀ ਵਿੱਚ ਲਿਫ਼ਟਿੰਗ ਸ਼ੁਰੂ: ਸਰਕਾਰੀ ਖ਼ਰੀਦ ਪ੍ਰਕਿਰਿਆ ਆਰੰਭ ਹੋਣ ਦੇ ਨਾਲ ਹੀ ਮੰਡੀ ਵਿੱਚੋਂ ਝੋਨਾ ਚੁੱਕਣ ਲਈ ਟਰੱਕਾਂ ਦੀ ਆਵਾਜਾਈ ਸ਼ੁਰੂ ਹੋ ਚੁੱਕੀ ਹੈ, ਜਿੱਥੇ ਮਜ਼ਦੂਰ ਲਗਾਤਾਰ ਬੋਰੀਆਂ ਲੋਡ ਕਰ ਰਹੇ ਹਨ।

ਕਿਸਾਨਾਂ ਲਈ ਸੁਵਿਧਾਵਾਂ: ਖ਼ਰੀਦ ਪ੍ਰਬੰਧਾਂ ਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫ਼ਸਲ ਦੀ ਤੁਲਾਈ, ਬਾਰਦਾਨਾ ਅਤੇ ਅਦਾਇਗੀਆਂ ਨਿਰਧਾਰਿਤ ਸਮੇਂ ਅੰਦਰ ਕਰਨ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ।

ਆਵਾਜਾਈ ਤੇ ਸਟੋਰੇਜ: ਸਮੇਂ ਸਿਰ ਲਿਫ਼ਟਿੰਗ ਸ਼ੁਰੂ ਹੋਣ ਨਾਲ ਆਉਣ ਵਾਲੇ ਦਿਨਾਂ ਦੌਰਾਨ ਮੰਡੀ ਵਿੱਚ ਝੋਨੇ ਦੀ ਆਮਦ ਵਧਣ 'ਤੇ ਕਿਸਾਨਾਂ ਨੂੰ ਫ਼ਸਲ ਉਤਾਰਨ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਵੇਗੀ।

# ਲਾਜਪਤ ਨਗਰ ਵਿਖੇ 'ਪੰਜਾਬ ਹੈਰੀਟੇਜ ਹੋਮ' ਦਾ ਰੱਖਿਆ ਗਿਆ ਨੀਂਹ ਪੱਥਰ

## ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਅਤੇ ਸੰਸਦ ਮੈਂਬਰ ਬਾਂਸੁਰੀ ਸਵਰਾਜ ਰਹੇ ਮੌਜੂਦ








ਨਵੀਂ ਦਿੱਲੀ, (ANI): ਕੌਮੀ ਰਾਜਧਾਨੀ ਦਿੱਲੀ ਦੇ ਲਾਜਪਤ ਨਗਰ ਵਿਖੇ 'ਇੰਟਰਨੈਸ਼ਨਲ ਪੰਜਾਬੀ ਸੁਸਾਇਟੀ' ਵੱਲੋਂ ਕਰਵਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ 'ਪੰਜਾਬ ਹੈਰੀਟੇਜ ਹੋਮ' (Punjab Heritage Home) ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਦਿੱਲੀ ਦੇ ਉਪ ਰਾਜਪਾਲ (Lieutenant Governor) ਤਰਨਜੀਤ ਸਿੰਘ ਸੰਧੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਨੀਂਹ ਪੱਥਰ ਰੱਖਣ ਦੀ ਰਸਮ ਅਦਾ ਕਰਨ ਉਪਰੰਤ ਪਤਵੰਤਿਆਂ ਨਾਲ ਯਾਦਗਾਰੀ ਤਸਵੀਰ ਖਿਚਵਾਈ। ਇਸ ਸਮਾਗਮ ਵਿੱਚ ਨਵੀਂ ਦਿੱਲੀ ਤੋਂ ਭਾਜਪਾ ਦੀ ਲੋਕ ਸਭਾ ਮੈਂਬਰ ਬਾਂਸੁਰੀ ਸਵਰਾਜ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸਥਾਨ : ਲਾਜਪਤ ਨਗਰ, ਨਵੀਂ ਦਿੱਲੀ

ਪ੍ਰੋਜੈਕਟ : ਪੰਜਾਬ ਹੈਰੀਟੇਜ ਹੋਮ (Punjab Heritage Home)

ਪ੍ਰਬੰਧਕ : ਇੰਟਰਨੈਸ਼ਨਲ ਪੰਜਾਬੀ ਸੁਸਾਇਟੀ (International Punjabi Society)

ਮੁੱਖ ਮਹਿਮਾਨ : ਤਰਨਜੀਤ ਸਿੰਘ ਸੰਧੂ (ਉਪ ਰਾਜਪਾਲ, ਦਿੱਲੀ)

ਵਿਸ਼ੇਸ਼ ਹਾਜ਼ਰੀ : ਬਾਂਸੁਰੀ ਸਵਰਾਜ (ਸੰਸਦ ਮੈਂਬਰ, ਭਾਜਪਾ) ਅਤੇ ਹੋਰ ਪਤਵੰਤੇ

ਮੁੱਖ ਮਕਸਦ : ਪੰਜਾਬੀ ਸੱਭਿਆਚਾਰ, ਅਮੀਰ ਵਿਰਸੇ ਅਤੇ ਇਤਿਹਾਸਕ ਵਿਰਾਸਤ ਦੀ ਸਾਂਭ-ਸੰਭਾਲ ਤੇ ਪ੍ਰਚਾਰ

ਪ੍ਰੋਜੈਕਟ ਦੇ ਪ੍ਰਮੁੱਖ ਪਹਿਲੂ

ਪੰਜਾਬੀ ਵਿਰਸੇ ਦੀ ਸਾਂਭ-ਸੰਭਾਲ: 'ਪੰਜਾਬ ਹੈਰੀਟੇਜ ਹੋਮ' ਦੀ ਸਥਾਪਨਾ ਦਾ ਮੁੱਖ ਉਦੇਸ਼ ਦੇਸ਼ ਦੀ ਰਾਜਧਾਨੀ ਵਿੱਚ ਪੰਜਾਬ ਦੇ ਅਮੀਰ ਸੱਭਿਆਚਾਰ, ਰਵਾਇਤਾਂ, ਭਾਸ਼ਾ ਅਤੇ ਇਤਿਹਾਸਕ ਵਿਰਾਸਤ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਅਤੇ ਜਿਊਂਦਾ ਰੱਖਣਾ ਹੈ।

ਸੱਭਿਆਚਾਰਕ ਕੇਂਦਰ ਵਜੋਂ ਵਿਕਾਸ: ਇਹ ਕੇਂਦਰ ਦਿੱਲੀ ਵਿੱਚ ਰਹਿ ਰਹੇ ਪੰਜਾਬੀ ਭਾਈਚਾਰੇ ਲਈ ਸੱਭਿਆਚਾਰਕ ਇਕੱਤਰਤਾਵਾਂ, ਸਾਹਿਤਕ ਗਤੀਵਿਧੀਆਂ ਅਤੇ ਵਿਰਸੇ ਨਾਲ ਜੁੜੇ ਪ੍ਰੋਗਰਾਮਾਂ ਦੇ ਆਯੋਜਨ ਲਈ ਇੱਕ ਸਾਂਝੇ ਮੰਚ ਵਜੋਂ ਕੰਮ ਕਰੇਗਾ।

ਭਾਈਚਾਰਕ ਸਾਂਝ ਨੂੰ ਮਜ਼ਬੂਤੀ: ਸਮਾਗਮ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਅਜਿਹੇ ਪ੍ਰੋਜੈਕਟ ਨਾ ਸਿਰਫ਼ ਪੰਜਾਬੀਅਤ ਦਾ ਮਾਣ ਵਧਾਉਂਦੇ ਹਨ, ਸਗੋਂ ਸਮਾਜਿਕ ਏਕਤਾ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਨੂੰ ਵੀ ਹੁਲਾਰਾ ਦਿੰਦੇ ਹਨ।

# ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਜਨਰਲ ਐਟਲਾਂਟਿਕ ਦੇ ਚੇਅਰਮੈਨ ਤੇ ਸੀ.ਈ.ਓ. ਵਿਲੀਅਮ ਈ. ਫੋਰਡ ਨਾਲ ਕੀਤੀ ਮੁਲਾਕਾਤ; ਭਾਰਤ 'ਚ ਨਿਵੇਸ਼ ਵਧਾਉਣ 'ਤੇ ਚਰਚਾ







ਨਿਊਯਾਰਕ (ਅਮਰੀਕਾ) : ਭਾਰਤ ਦੇ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਆਪਣੇ ਅਮਰੀਕਾ ਦੌਰੇ ਦੌਰਾਨ ਨਿਊਯਾਰਕ ਵਿਖੇ ਪ੍ਰਮੁੱਖ ਗਲੋਬਲ ਗਰੋਥ ਇਕੁਇਟੀ ਫਰਮ 'ਜਨਰਲ ਐਟਲਾਂਟਿਕ' (General Atlantic) ਦੇ ਚੇਅਰਮੈਨ ਅਤੇ ਸੀ.ਈ.ਓ. ਵਿਲੀਅਮ ਈ. ਫੋਰਡ ਨਾਲ ਇੱਕ ਉੱਚ-ਪੱਧਰੀ ਮੀਟਿੰਗ ਕੀਤੀ। ਇਸ ਮੁਲਾਕਾਤ ਦੌਰਾਨ ਭਾਰਤ ਦੇ ਤੇਜ਼ੀ ਨਾਲ ਵਧ ਰਹੇ ਬਾਜ਼ਾਰ ਵਿੱਚ ਜਨਰਲ ਐਟਲਾਂਟਿਕ ਦੇ ਕਾਰੋਬਾਰੀ ਵਿਸਥਾਰ ਅਤੇ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਦੇ ਮਜ਼ਬੂਤ ਮੌਕਿਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ।

ਸਥਾਨ : ਨਿਊਯਾਰਕ (ਅਮਰੀਕਾ)

ਮੁੱਖ ਸ਼ਖ਼ਸੀਅਤਾਂ : ਪਿਊਸ਼ ਗੋਇਲ (ਕੇਂਦਰੀ ਵਣਜ ਤੇ ਉਦਯੋਗ ਮੰਤਰੀ) ਅਤੇ ਵਿਲੀਅਮ ਈ. ਫੋਰਡ (ਚੇਅਰਮੈਨ ਤੇ ਸੀ.ਈ.ਓ., ਜਨਰਲ ਐਟਲਾਂਟਿਕ)

ਮੁੱਖ ਏਜੰਡਾ : ਭਾਰਤ ਵਿੱਚ ਕਾਰੋਬਾਰੀ ਭਾਈਵਾਲੀ ਮਜ਼ਬੂਤ ਕਰਨਾ ਅਤੇ ਸਿੱਧੇ ਵਿਦੇਸ਼ੀ ਨਿਵੇਸ਼ (FDI) ਨੂੰ ਹੁਲਾਰਾ ਦੇਣਾ

ਖੇਤਰ : ਤਕਨਾਲੋਜੀ, ਸਿਹਤ ਸੰਭਾਲ, ਵਿੱਤੀ ਸੇਵਾਵਾਂ ਅਤੇ ਸਟਾਰਟ-ਅੱਪ ਈਕੋਸਿਸਟਮ।

# ਪਤਨੀ ਦੀ ਹੱਤਿਆ ਮਾਮਲੇ ਵਿਚ ਪਤੀ ਨੂੰ ਬਿਨਾਂ ਪੈਰੋਲ ਉਮਰ ਕੈਦ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਅਦਾਲਤ ਨੇ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਪਤੀ ਕੈਲੇਬ ਫਲਿਨ ਨੂੰ ਬਿਨਾਂ ਪੈਰੋਲ ਤੋਂ ਬਿਨਾਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਮੈਰੀਕਨ ਆਈਡਲ ਦੇ ਸਾਬਕਾ ਪ੍ਰਤੀਯੋਗੀ



ਫਲਿਨ ਨੇ ਆਪਣੀਆਂ ਛੋਟੀਆਂ ਧੀਆਂ ਅਤੇ ਮਰਹੂਮ ਪਤਨੀ ਐਸ਼ਲੇ ਫਲਿਨ ਦੇ ਪਰਿਵਾਰ ਤੋਂ ਰੋਂਦਿਆਂ ਹੋਇਆਂ ਮੁਆਫੀ ਮੰਗੀ, ਜਦਕਿ ਨਾਲ ਹੀ ਇਹ ਦਾਅਵਾ ਕੀਤਾ ਕਿ ਉਸ ਨੇ ਉਸ ਦਾ ਕਤਲ ਨਹੀਂ ਕੀਤਾ ਸੀ। ਅਦਾਲਤ ਨੇ ਕੈਲੇਬ ਫਲਿਨ ਨੂੰ ਕਤਲ ਨਾਲ ਸੰਬੰਧਿਤ 9 ਦੋਸ਼ਾਂ ਵਿਚ ਦੋਸ਼ੀ ਪਾਇਆ, ਜਿਸ ਵਿਚ ਗੰਭੀਰ ਕਤਲ ਦਾ ਦੋਸ਼ ਵੀ ਸ਼ਾਮਿਲ ਸੀ। ਫਲਿਨ ਨੂੰ ਹੱਥਕੜੀਆਂ ਵਿਚ ਜਕੜ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਕੈਲੇਬ ਫਲਿਨ ਉਦੋਂ ਰੋ ਪਿਆ, ਜਦੋਂ ਜੱਜ ਨੇ ਉਸ ਨੂੰ ਬਿਨਾਂ ਪੈਰੋਲ ਤੋਂ ਉਮਰ ਕੈਦ ਦੀ ਸਜ਼ਾ ਸੁਣਾਈ। ਜੱਜ ਜੈਨੀਨ ਪ੍ਰੈਟ ਨੇ ਕੈਲੇਬ ਫਲਿਨ ਨੂੰ ਕਿਹਾ ਕਿ ਉਸ ਨੇ ਘਿਣਾਉਣਾ ਗੁਨਾਹ ਕੀਤਾ ਹੈ ਅਤੇ ਉਸ ਨੇ ਦੂਜਿਆਂ ਨੂੰ ਗੁੰਮਰਾਹ ਕਰਨ ਲਈ ਚਰਚ ਵਿਚ ਆਪਣੀ ਸਥਿਤੀ ਦੀ ਵਰਤੋਂ ਕੀਤੀ। ਐਸ਼ਲੇ ਫਲਿਨ ਦੇ ਪਿਤਾ ਟੌਡ ਸਮਿਥ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਕੈਲੇਬ ਫਲਿਨ ਨੂੰ ਆਪਣੀ ਧੀ ਦੇ ਕਤਲ ਲਈ ਮੁਆਫ ਕਰਦਾ ਹੈ ਪਰ ਉਨ੍ਹਾਂ ਨੇ ਜੱਜ ਨੂੰ ਅਪੀਲ ਕੀਤੀ ਕਿ ਉਸ ਨੂੰ ਕਾਨੂੰਨ ਅਨੁਸਾਰ ਵੱਧ ਤੋਂ ਵੱਧ ਸਜ਼ਾ ਦਿੱਤੀ ਜਾਵੇ। ਉਸ ਨੂੰ ਸਬੂਤਾਂ ਨਾਲ ਛੇੜਛਾੜ ਕਰਨ ਲਈ 9 ਸਾਲ ਅਤੇ ਹਥਿਆਰਾਂ ਨਾਲ ਜੁੜੇ ਅਪਰਾਧਾਂ ਲਈ 7 ਸਾਲ ਕੈਦ ਦੀ ਸਜ਼ਾ ਵੀ ਸੁਣਾਈ ਗਈ। ਇਹ ਸਾਰੀਆਂ ਸਜ਼ਾਵਾਂ ਇਕ ਤੋਂ ਬਾਅਦ ਇਕ ਲਗਾਤਾਰ ਭੁਗਤੀਆਂ ਜਾਣਗੀਆਂ।

# ਗਾਂਧੀ ਜਯੰਤੀ ਮੌਕੇ ਪੰਜਾਬ ਪੁਲਿਸ ਦੇ ਜਵਾਨਾਂ ਵੱਲੋਂ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ





ਪਟਿਆਲਾ (ਪੰਜਾਬ), (ANI): ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਜਨਮ ਦਿਹਾੜੇ (ਗਾਂਧੀ ਜਯੰਤੀ) ਮੌਕੇ ਪਟਿਆਲਾ ਵਿਖੇ ਪੰਜਾਬ ਪੁਲਿਸ ਵੱਲੋਂ ਇੱਕ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਅਤੇ ਜਵਾਨਾਂ ਨੇ ਮਹਾਤਮਾ ਗਾਂਧੀ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਉਨ੍ਹਾਂ ਦੇ ਅਹਿੰਸਾ, ਸੱਚ ਅਤੇ ਸ਼ਾਂਤੀ ਦੇ ਸਿਧਾਂਤਾਂ ਨੂੰ ਯਾਦ ਕੀਤਾ।

ਸਥਾਨ : ਪਟਿਆਲਾ (ਪੰਜਾਬ)

ਮੌਕਾ : ਮਹਾਤਮਾ ਗਾਂਧੀ ਜਯੰਤੀ

ਮੁੱਖ ਸ਼ਖ਼ਸੀਅਤਾਂ/ਧਿਰਾਂ : ਪੰਜਾਬ ਪੁਲਿਸ ਦੇ ਅਧਿਕਾਰੀ ਅਤੇ ਜਵਾਨ

ਮੁੱਖ ਗਤੀਵਿਧੀ : ਸ਼ਰਧਾਂਜਲੀ ਭੇਟ ਕਰਨਾ ਅਤੇ ਅਹਿੰਸਾ ਤੇ ਸੇਵਾ ਭਾਵਨਾ ਦਾ ਸੰਕਲਪ ਲੈਣਾ।

# ਗੁਰਦੁਆਰਾ ਜਨਮ ਅਸਥਾਨ ਚੂਨਾ ਮੰਡੀ ਵਿਖੇ ਚੌਥੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ 492ਵਾਂ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ











ਲਾਹੌਰ (ਪਾਕਿਸਤਾਨ) : ਸਿੱਖ ਧਰਮ ਦੇ ਚੌਥੇ ਗੁਰੂ ਅਤੇ ਅੰਮ੍ਰਿਤਸਰ (ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਬਾਨੀ ਸੋਢੀ ਸੁਲਤਾਨ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ 492ਵਾਂ ਪ੍ਰਕਾਸ਼ ਗੁਰਪੁਰਬ ਉਨ੍ਹਾਂ ਦੇ ਪਵਿੱਤਰ ਜਨਮ ਅਸਥਾਨ ਗੁਰਦੁਆਰਾ ਜਨਮ ਅਸਥਾਨ ਚੂਨਾ ਮੰਡੀ (ਲਾਹੌਰ) ਵਿਖੇ ਬੜੀ ਸ਼ਰਧਾ ਅਤੇ ਜਾਹੋ-ਜਲਾਲ ਨਾਲ ਮਨਾਇਆ ਜਾ ਰਿਹਾ ਹੈ। 7, 8 ਅਤੇ 9 ਅਕਤੂਬਰ 2026 ਦੌਰਾਨ ਚੱਲਣ ਵਾਲੇ ਇਸ ਤਿੰਨ ਰੋਜ਼ਾ ਧਾਰਮਿਕ ਸਮਾਗਮ ਵਿੱਚ ਸਥਾਨਕ ਸੰਗਤਾਂ ਅਤੇ ਦੇਸ਼-ਵਿਦੇਸ਼ ਤੋਂ ਪੁੱਜੇ ਸ਼ਰਧਾਲੂ ਨਤਮਸਤਕ ਹੋ ਰਹੇ ਹਨ।

ਪਵਿੱਤਰ ਅਸਥਾਨ : ਗੁਰਦੁਆਰਾ ਸ੍ਰੀ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ, ਚੂਨਾ ਮੰਡੀ (ਅੰਦਰੂਨ ਲਾਹੌਰ, ਪਾਕਿਸਤਾਨ)

ਪ੍ਰਕਾਸ਼ ਦਿਹਾੜਾ : 492ਵਾਂ ਪ੍ਰਕਾਸ਼ ਪੁਰਬ (ਜਨਮ: 1534 ਈਸਵੀ, ਲਾਹੌਰ)

ਸਮਾਗਮ ਦੀਆਂ ਮਿਤੀਆਂ : 7, 8 ਅਤੇ 9 ਅਕਤੂਬਰ 2026

ਧਾਰਮਿਕ ਪ੍ਰੋਗਰਾਮ : ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ, ਗੁਰਬਾਣੀ ਕੀਰਤਨ, ਕਥਾ ਵਿਚਾਰ ਅਤੇ ਗੁਰੂ ਕਾ ਲੰਗਰ

ਪ੍ਰਬੰਧਕੀ ਸੰਸਥਾਵਾਂ : ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (PSGPC) ਅਤੇ ਈਟੀਪੀਬੀ (Evacuee Trust Property Board)

ਸਮਾਗਮ ਅਤੇ ਇਤਿਹਾਸਕ ਮਹੱਤਵ

**ਜਨਮ ਅਸਥਾਨ ਚੂਨਾ ਮੰਡੀ:** ਸ੍ਰੀ ਗੁਰੂ ਰਾਮਦਾਸ ਜੀ (ਜਿਨ੍ਹਾਂ ਦਾ ਬਚਪਨ ਦਾ ਨਾਂ ਭਾਈ ਜੇਠਾ ਜੀ ਸੀ) ਦਾ ਪ੍ਰਕਾਸ਼ 1534 ਈਸਵੀ ਨੂੰ ਲਾਹੌਰ ਦੇ ਚੂਨਾ ਮੰਡੀ ਬਾਜ਼ਾਰ ਵਿਖੇ ਮਾਤਾ ਦਇਆ ਕੌਰ (ਅਨੂਪ ਦੇਵੀ) ਜੀ ਅਤੇ ਪਿਤਾ ਬਾਬਾ ਹਰੀਦਾਸ ਜੀ ਦੇ ਗ੍ਰਹਿ ਵਿਖੇ ਹੋਇਆ। ਇਹ ਪਵਿੱਤਰ ਅਸਥਾਨ ਲਾਹੌਰ ਸ਼ਹਿਰ ਦੇ ਪੁਰਾਣੇ ਸ਼ਾਹੀ ਲਾਂਘੇ ਅਤੇ ਕਿਲ੍ਹੇ ਦੇ ਨਜ਼ਦੀਕ ਸਥਿਤ ਹੈ।

**ਤਿੰਨ ਰੋਜ਼ਾ ਗੁਰਮਤਿ ਸਮਾਗਮ (7, 8, 9 ਅਕਤੂਬਰ):** ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਹਨ। ਰਾਗੀ ਜਥਿਆਂ ਵੱਲੋਂ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਪੇਸ਼ ਕੀਤਾ ਜਾ ਰਿਹਾ ਹੈ ਅਤੇ ਸੰਗਤਾਂ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਨਿਮਰਤਾ, ਸੇਵਾ ਅਤੇ ਸਰਬੱਤ ਦੇ ਭਲੇ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਜਾ ਰਹੀ ਹੈ।

**ਸੰਗਤਾਂ ਲਈ ਲੰਗਰ ਤੇ ਸੁਵਿਧਾਵਾਂ:** ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਕੇ ਅਤੁੱਟ ਲੰਗਰ, ਰਿਹਾਇਸ਼ ਅਤੇ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

# ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 'ਬੰਦੀ ਸਿੰਘ ਇਨਸਾਫ਼ ਮੋਰਚਾ' ਦੀ ਚਾਰ ਮੈਂਬਰੀ ਕਮੇਟੀ ਨਾਲ ਅਹਿਮ ਮੀਟਿੰਗ





ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ (ਸਿੱਖ ਸਿਆਸੀ ਕੈਦੀਆਂ) ਦੀ ਰਿਹਾਈ ਦੇ ਗੰਭੀਰ ਮੁੱਦੇ ਨੂੰ ਲੈ ਕੇ 'ਬੰਦੀ ਸਿੰਘ ਇਨਸਾਫ਼ ਮੋਰਚਾ' ਦੀ ਚਾਰ ਮੈਂਬਰੀ ਵਿਸ਼ੇਸ਼ ਕਮੇਟੀ ਨਾਲ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਚੰਡੀਗੜ੍ਹ ਵਿਖੇ ਹੋਈ ਇਸ ਬੈਠਕ ਦੌਰਾਨ ਮੋਰਚੇ ਦੇ ਨੁਮਾਇੰਦਿਆਂ ਨੇ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਕਾਨੂੰਨੀ ਸਥਿਤੀ ਅਤੇ ਉਨ੍ਹਾਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਸਬੰਧੀ ਮੰਗਾਂ ਮੁੱਖ ਮੰਤਰੀ ਅੱਗੇ ਰੱਖੀਆਂ।

ਸਥਾਨ : ਚੰਡੀਗੜ੍ਹ (ਮੁੱਖ ਮੰਤਰੀ ਰਿਹਾਇਸ਼/ਸਕੱਤਰੇਤ)

ਮੀਟਿੰਗ ਦੀ ਪ੍ਰਧਾਨਗੀ : ਭਗਵੰਤ ਮਾਨ (ਮੁੱਖ ਮੰਤਰੀ, ਪੰਜਾਬ)

ਦੂਜੀ ਧਿਰ : ਬੰਦੀ ਸਿੰਘ ਇਨਸਾਫ਼ ਮੋਰਚਾ ਦੀ ਚਾਰ ਮੈਂਬਰੀ ਕਮੇਟੀ

ਮੁੱਖ ਮੁੱਦਾ : ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ (ਬੰਦੀ ਸਿੰਘਾਂ) ਦੀ ਰਿਹਾਈ

ਮੀਟਿੰਗ ਦੇ ਪ੍ਰਮੁੱਖ ਪਹਿਲੂ

ਕਾਨੂੰਨੀ ਤੇ ਪ੍ਰਸ਼ਾਸਨਿਕ ਪਹਿਲੂਆਂ 'ਤੇ ਚਰਚਾ: ਮੀਟਿੰਗ ਦੌਰਾਨ ਮੋਰਚੇ ਦੇ ਆਗੂਆਂ ਨੇ ਉਨ੍ਹਾਂ ਕੈਦੀਆਂ ਦੇ ਵੇਰਵੇ ਸਾਂਝੇ ਕੀਤੇ ਜੋ ਆਪਣੀ ਨਿਰਧਾਰਿਤ ਉਮਰ ਕੈਦ ਜਾਂ ਸਜ਼ਾ ਦੀ ਮਿਆਦ ਪੂਰੀ ਕਰ ਚੁੱਕੇ ਹਨ ਪਰ ਅਜੇ ਵੀ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ।

ਸਰਕਾਰ ਦਾ ਪੱਖ: ਮੁੱਖ ਮੰਤਰੀ ਭਗਵੰਤ ਮਾਨ ਨੇ ਵਫ਼ਦ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿੱਤਾ ਕਿ ਸਰਕਾਰ ਕਾਨੂੰਨੀ ਦਾਇਰੇ ਵਿੱਚ ਰਹਿੰਦਿਆਂ ਇਸ ਮਾਮਲੇ ਦੇ ਹੱਲ ਲਈ ਹਰ ਸੰਭਵ ਪ੍ਰਸ਼ਾਸਨਿਕ ਕਦਮ ਚੁੱਕਣ ਅਤੇ ਸਬੰਧਤ ਅਧਿਕਾਰੀਆਂ ਨਾਲ ਤਾਲਮੇਲ ਕਰਨ ਲਈ ਵਚਨਬੱਧ ਹੈ।

ਪੰਥਕ ਮੋਰਚੇ ਦੀ ਪਹਿਲਕਦਮੀ:

ਬੰਦੀ ਸਿੰਘ ਇਨਸਾਫ਼ ਮੋਰਚਾ ਲੰਮੇ ਸਮੇਂ ਤੋਂ ਸਿੱਖ ਕੈਦੀਆਂ ਦੀ ਰਿਹਾਈ ਲਈ ਸੰਘਰਸ਼ ਕਰ ਰਿਹਾ ਹੈ। ਚਾਰ ਮੈਂਬਰੀ ਕਮੇਟੀ ਨਾਲ ਹੋਈ ਇਸ ਸਿੱਧੀ ਗੱਲਬਾਤ ਨੂੰ ਮਾਮਲੇ ਦੇ ਹੱਲ ਵੱਲ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ।

# ਵਿਦੇਸ਼ੀ ਪੂੰਜੀ ਦੀ ਨਿਕਾਸੀ ਕਾਰਨ ਭਾਰਤੀ ਰੁਪਿਆ ਦੋ ਮਹੀਨਿਆਂ ਦੇ ਹੇਠਲੇ ਪੱਧਰ ’ਤੇ ਡਿੱਗਿਆ

## ਪ੍ਰਤੀ ਡਾਲਰ 96.42 ਦੇ ਪੱਧਰ ’ਤੇ ਹੋਇਆ ਬੰਦ; ਸਰਕਾਰੀ ਬੈਂਕਾਂ ਰਾਹੀਂ RBI ਦੀ ਦਖ਼ਲਅੰਦਾਜ਼ੀ ਨੇ ਹੋਰ ਵੱਡੀ ਗਿਰਾਵਟ ਤੋਂ ਬਚਾਇਆ; ਮਾਹਰਾਂ ਮੁਤਾਬਿਕ ਉਹ ਦਿਨ ਦੂਰ ਨਹੀਂ ਜਦੋਂ $5 ਦੇ 500 ਰੁਪਏ ਹੋਣਗੇ

ਮੁੰਬਈ, : ‘ਆਰਥਿਕ ਮਾਹਰਾਂ ਦੇ ਅੰਦਾਜ਼ੇ ਮੁਤਾਬਿਕ ਉਹ ਦਿਨ ਹੁਣ ਬਹੁਤਾ ਦੂਰ ਨਹੀਂ ਜਾਪਦਾ ਜਦੋਂ 1 ਡਾਲਰ 100 ਰੁਪਏ ਦੇ ਪਾਰ ਨਿਕਲ ਜਾਵੇਗਾ ਅਤੇ 5 ਡਾਲਰ ਬਦਲੇ 500 ਰੁਪਏ ਮਿਲਣਗੇ। ਭਾਰਤੀ ਰੁਪਏ ਦੀ ਲਗਾਤਾਰ ਡਿੱਗ ਰਹੀ ਸਾਖ਼ ਮਹਿੰਗਾਈ ਦੇ ਨਵੇਂ ਝੱਖੜ ਵੱਲ ਇਸ਼ਾਰਾ ਕਰ ਰਹੀ ਹੈ!’




ਘਰੇਲੂ ਸ਼ੇਅਰ ਬਾਜ਼ਾਰਾਂ ਵਿੱਚੋਂ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (FIIs) ਵੱਲੋਂ ਕੀਤੀ ਗਈ ਲਗਾਤਾਰ ਪੂੰਜੀ ਨਿਕਾਸੀ (Capital Outflows) ਦੇ ਦਬਾਅ ਹੇਠ ਭਾਰਤੀ ਰੁਪਿਆ ਮੰਗਲਵਾਰ ਨੂੰ ਦੋ ਮਹੀਨਿਆਂ ਤੋਂ ਵੱਧ ਸਮੇਂ ਦੇ ਆਪਣੇ ਸਭ ਤੋਂ ਕਮਜ਼ੋਰ ਪੱਧਰ ’ਤੇ ਖਿਸਕ ਗਿਆ। ਕਾਰੋਬਾਰ ਦੌਰਾਨ ਰੁਪਏ ’ਤੇ ਭਾਰੀ ਦਬਾਅ ਦੇਖਣ ਨੂੰ ਮਿਲਿਆ, ਪਰ ਸਰਕਾਰੀ ਬੈਂਕਾਂ ਵੱਲੋਂ ਡਾਲਰਾਂ ਦੀ ਵਿਕਰੀ—ਜੋ ਕਿ ਸੰਭਾਵੀ ਤੌਰ ’ਤੇ ਭਾਰਤੀ ਰਿਜ਼ਰਵ ਬੈਂਕ (RBI) ਦੇ ਨਿਰਦੇਸ਼ਾਂ ਅਧੀਨ ਸੀ—ਨੇ ਮੁਦਰਾ ਨੂੰ ਹੋਰ ਡੂੰਘੀ ਗਿਰਾਵਟ ਤੋਂ ਬਚਾਅ ਲਿਆ।

ਕਾਰੋਬਾਰ ਦੇ ਅੰਤ ਵਿੱਚ ਰੁਪਿਆ 0.1% ਦੀ ਗਿਰਾਵਟ ਨਾਲ ਪ੍ਰਤੀ ਅਮਰੀਕੀ ਡਾਲਰ 96.42 ਦੇ ਪੱਧਰ ’ਤੇ ਬੰਦ ਹੋਇਆ। ਇਸ ਦੌਰਾਨ ਵਿੱਤੀ ਬਾਜ਼ਾਰ ਦੇ ਕਾਰੋਬਾਰੀਆਂ ਅਤੇ ਨਿਵੇਸ਼ਕਾਂ ਦੀਆਂ ਨਜ਼ਰਾਂ ਬੁੱਧਵਾਰ ਨੂੰ ਆਉਣ ਵਾਲੇ ਆਰ.ਬੀ.ਆਈ. ਦੀ ਮੁਦਰਾ ਨੀਤੀ ਕਮੇਟੀ (MPC) ਦੇ ਨੀਤੀਗਤ ਫ਼ੈਸਲੇ ’ਤੇ ਟਿਕੀਆਂ ਹੋਈਆਂ ਹਨ, ਜਿੱਥੇ ਵਿਆਜ ਦਰਾਂ ਵਿੱਚ ਵਾਧੇ ਦੀ ਪਹਿਲਾਂ ਹੀ ਵੱਡੇ ਪੱਧਰ ’ਤੇ ਸੰਭਾਵਨਾ ਜਤਾਈ ਜਾ ਰਹੀ ਹੈ।

ਮੁੱਖ ਵਿੱਤੀ ਵੇਰਵੇ

ਮੁੰਬਈ: ਭਾਰਤੀ ਰੁਪਿਆ ਦੋ ਮਹੀਨਿਆਂ ਦੇ ਸਭ ਤੋਂ ਹੇਠਲੇ ਪੱਧਰ ’ਤੇ ਖਿਸਕਿਆ!

**ਪ੍ਰਤੀ ਡਾਲਰ 96.42 ਦਾ ਪੱਧਰ:** ਸ਼ੇਅਰ ਬਾਜ਼ਾਰ ’ਚੋਂ ਵਿਦੇਸ਼ੀ ਨਿਵੇਸ਼ਕਾਂ ਦੀ ਲਗਾਤਾਰ ਪੂੰਜੀ ਨਿਕਾਸੀ ਕਾਰਨ ਰੁਪਏ ’ਤੇ ਬਣਿਆ ਭਾਰੀ ਦਬਾਅ।

**RBI ਦਾ ਦਖ਼ਲ:** ਸਰਕਾਰੀ ਬੈਂਕਾਂ ਵੱਲੋਂ ਡਾਲਰਾਂ ਦੀ ਵਿਕਰੀ ਨੇ ਰੋਕੀ ਹੋਰ ਵੱਡੀ ਗਿਰਾਵਟ; 0.1% ਦੀ ਕਮਜ਼ੋਰੀ ਨਾਲ ਹੋਇਆ ਬੰਦ।

MPC ਮੀਟਿੰਗ ’ਤੇ ਨਜ਼ਰ: ਬੁੱਧਵਾਰ ਨੂੰ ਰਿਜ਼ਰਵ ਬੈਂਕ ਵੱਲੋਂ ਆਉਣ ਵਾਲੀ ਮੁਦਰਾ ਨੀਤੀ ਅਤੇ ਵਿਆਜ ਦਰਾਂ ਦੇ ਐਲਾਨ ’ਤੇ ਟਿਕੀਆਂ ਬਾਜ਼ਾਰ ਦੀਆਂ ਨਜ਼ਰਾਂ।

ਸਥਾਨ : ਮੁੰਬਈ (ਭਾਰਤ ਦੀ ਵਿੱਤੀ ਰਾਜਧਾਨੀ)

ਮੌਜੂਦਾ ਬੰਦ ਪੱਧਰ : 96.42 ਪ੍ਰਤੀ ਅਮਰੀਕੀ ਡਾਲਰ (USD/INR)

ਦਿਨ ਦੀ ਗਿਰਾਵਟ : 0.1% ਦੀ ਕਮਜ਼ੋਰੀ

ਸਥਿਤੀ : ਪਿਛਲੇ ਦੋ ਮਹੀਨਿਆਂ ਦਾ ਸਭ ਤੋਂ ਹੇਠਲਾ ਪੱਧਰ

ਦਬਾਅ ਦਾ ਮੁੱਖ ਕਾਰਨ : ਘਰੇਲੂ ਸ਼ੇਅਰ ਬਾਜ਼ਾਰਾਂ ਵਿੱਚੋਂ ਵਿਦੇਸ਼ੀ ਨਿਵੇਸ਼ਕਾਂ (FIIs) ਦੀ ਵੱਡੀ ਨਿਕਾਸੀ

ਬਚਾਅ ਪੱਖੀ ਕਦਮ : ਸਰਕਾਰੀ ਬੈਂਕਾਂ ਵੱਲੋਂ ਡਾਲਰਾਂ ਦੀ ਵਿਕਰੀ (ਆਰ.ਬੀ.ਆਈ. ਦਖ਼ਲਅੰਦਾਜ਼ੀ)

ਅਗਲਾ ਵੱਡਾ ਘਟਨਾਕ੍ਰਮ : ਬੁੱਧਵਾਰ ਨੂੰ ਆਰ.ਬੀ.ਆਈ. ਦੀ MPC ਮੀਟਿੰਗ ਦੇ ਨਤੀਜਿਆਂ ਦਾ ਐਲਾਨ

ਬਾਜ਼ਾਰ ਦੇ ਮੁੱਖ ਪਹਿਲੂ ਅਤੇ ਆਰਥਿਕ ਰੁਝਾਨ

ਵਿਦੇਸ਼ੀ ਫੰਡਾਂ ਦੀ ਨਿਕਾਸੀ ਦਾ ਦਬਾਅ: ਸਥਾਨਕ ਇਕੁਇਟੀ ਬਾਜ਼ਾਰਾਂ ਵਿੱਚ ਗਲੋਬਲ ਆਰਥਿਕ ਅਨਿਸ਼ਚਿਤਤਾ ਅਤੇ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (FIIs) ਵੱਲੋਂ ਪੂੰਜੀ ਵਾਪਸ ਖਿੱਚਣ ਕਾਰਨ ਅਮਰੀਕੀ ਡਾਲਰ ਦੀ ਮੰਗ ਅਚਾਨਕ ਵਧ ਗਈ। ਡਾਲਰ ਦੀ ਇਸ ਮਜ਼ਬੂਤੀ ਨੇ ਘਰੇਲੂ ਮੁਦਰਾ ਨੂੰ ਬੈਕਫੁੱਟ ’ਤੇ ਧੱਕ ਦਿੱਤਾ।

**ਆਰ.ਬੀ.ਆਈ. ਦੀ ਸਰਗਰਮ ਦਖ਼ਲਅੰਦਾਜ਼ੀ:** ਬਾਜ਼ਾਰ ਮਾਹਿਰਾਂ ਮੁਤਾਬਕ ਜਦੋਂ ਰੁਪਿਆ ਤੇਜ਼ੀ ਨਾਲ ਹੇਠਾਂ ਵੱਲ ਖਿਸਕ ਰਿਹਾ ਸੀ, ਤਾਂ ਕੇਂਦਰੀ ਬੈਂਕ ਨੇ ਸਰਕਾਰੀ ਬੈਂਕਾਂ ਰਾਹੀਂ ਡਾਲਰਾਂ ਦੀ ਸਪਲਾਈ ਵਧਾ ਕੇ ਕਰੰਸੀ ਨੂੰ ਬੇਲੋੜੀ ਅਸਥਿਰਤਾ (Volatility) ਤੋਂ ਬਚਾਇਆ।

**ਵਿਆਜ ਦਰਾਂ ’ਚ ਵਾਧੇ ਦੀ ਸੰਭਾਵਨਾ:** ਵਿੱਤੀ ਬਾਜ਼ਾਰ ਪਹਿਲਾਂ ਹੀ ਅੰਦਾਜ਼ਾ ਲਗਾ ਰਿਹਾ ਹੈ ਕਿ ਮਹਿੰਗਾਈ ਨੂੰ ਕਾਬੂ ਰੱਖਣ ਅਤੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਸਹਾਰਾ ਦੇਣ ਲਈ ਰਿਜ਼ਰਵ ਬੈਂਕ ਰੈਪੋ ਰੇਟ (Repo Rate) ਸਬੰਧੀ ਸਖ਼ਤ ਰੁਖ਼ ਅਪਣਾ ਸਕਦਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕੇਂਦਰੀ ਬੈਂਕ ਦੇ ਸੰਕੇਤ ਆਉਣ ਵਾਲੇ ਦਿਨਾਂ ਵਿੱਚ ਰੁਪਏ ਦੀ ਚਾਲ ਤੈਅ ਕਰਨਗੇ।

ਵਿੱਤੀ ਅਤੇ ਪੱਤਰਕਾਰੀ ਬੇਦਾਅਵਾ

**ਸਰੋਤ ਤੇ ਰਿਪੋਰਟਿੰਗ:** ਇਹ ਰਿਪੋਰਟ ਮੁੰਬਈ ਵਿੱਤੀ ਬਾਜ਼ਾਰ ਦੇ ਕਾਰੋਬਾਰੀ ਅੰਕੜਿਆਂ, ਫ਼ੋਰੈਕਸ ਡੀਲਰਾਂ ਦੇ ਵੇਰਵਿਆਂ ਅਤੇ ਵਿੱਤੀ ਖ਼ਬਰ ਏਜੰਸੀਆਂ ਦੇ ਅਧਿਕਾਰਤ ਅੰਕੜਿਆਂ ’ਤੇ ਆਧਾਰਿਤ ਹੈ।

**ਵਿੱਤੀ ਜੋਖਮ:** ਕਰੰਸੀ ਬਾਜ਼ਾਰ ਦੀਆਂ ਦਰਾਂ ਗਲੋਬਲ ਆਰਥਿਕ ਹਾਲਾਤਾਂ, ਕੱਚੇ ਤੇਲ ਦੀਆਂ ਕੀਮਤਾਂ ਅਤੇ ਕੇਂਦਰੀ ਬੈਂਕਾਂ ਦੀਆਂ ਨੀਤੀਆਂ ਅਧੀਨ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ। ਇਸ ਸਮੱਗਰੀ ਨੂੰ ਵਿੱਤੀ ਨਿਵੇਸ਼ ਸਲਾਹ ਵਜੋਂ ਨਾ ਲਿਆ ਜਾਵੇ।

# ਅੰਮ੍ਰਿਤਸਰ: ਰੂਪ ਕੌਰ ਸੰਧੂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦਾ ਐਲਾਨ

## ਪੀੜਤ ਬੀਬੀ ਸਮੇਤ ਪੈਨ ਡਰਾਈਵ ਤੇ ਸੀਲਬੰਦ ਲਿ.ਫਾ.ਫੇ ਰਾਹੀਂ ਜਥੇਦਾਰ ਨੂੰ ਸੌਂਪਣਗੇ ਅਹਿਮ ਸਬੂਤ

ਅੰਮ੍ਰਿਤਸਰ : ਪੰਥਕ ਅਤੇ ਸਿਆਸੀ ਹਲਕਿਆਂ ਵਿੱਚ ਉਸ ਵੇਲੇ ਨਵੀਂ ਚਰਚਾ ਛਿੜ ਗਈ ਜਦੋਂ ਬੀਬੀ ਰੂਪ ਕੌਰ ਸੰਧੂ ਨੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸ਼ਹੀਦੀ ਦਿਹਾੜੇ ਮੌਕੇ 9 ਅਕਤੂਬਰ ਨੂੰ ਸਵੇਰੇ 10 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦਾ ਰਸਮੀ ਐਲਾਨ ਕੀਤਾ।



ਉਨ੍ਹਾਂ ਦੱਸਿਆ ਕਿ ਉਹ ਇੱਕ ਪੀੜਤ ਬੀਬੀ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੀਲਬੰਦ ਲਿਫ਼ਾਫ਼ੇ ਅਤੇ ਪੈਨ ਡਰਾਈਵ (Pen Drive) ਰਾਹੀਂ ਠੋਸ ਦਸਤਾਵੇਜ਼ੀ ਸਬੂਤ ਸੌਂਪਣਗੇ।

ਸਥਾਨ ਤੇ ਸਮਾਂ : ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ, ਅੰਮ੍ਰਿਤਸਰ; 9 ਅਕਤੂਬਰ, ਸਵੇਰੇ 10:00 ਵਜੇ

ਬਿਆਨਕਰਤਾ : ਰੂਪ ਕੌਰ ਸੰਧੂ

ਮੁੱਖ ਕਾਰਵਾਈ : ਪੀੜਤ ਬੀਬੀ ਸਮੇਤ ਪੇਸ਼ੀ; ਸੀਲਬੰਦ ਲਿਫ਼ਾਫ਼ਾ ਤੇ ਪੈਨ ਡਰਾਈਵ ’ਚ ਸਬੂਤ ਸੌਂਪਣਾ

ਜਿਨ੍ਹਾਂ ਅੱਗੇ ਪੇਸ਼ੀ : ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ (ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ)

ਮੁੱਖ ਦੋਸ਼/ਮੰਗ : ਸ਼੍ਰੋਮਣੀ ਅਕਾਲੀ ਦਲ ਦੇ ਕਥਿਤ ਦੋਸ਼ੀ ਆਗੂਆਂ ਖ਼ਿਲਾਫ਼ ਕਾਰਵਾਈ ਤੇ ਪਾਰਟੀ ’ਚੋਂ ਬਰਖ਼ਾਸਤਗੀ

ਦਬਾਅ ਦੇ ਦੋਸ਼ : ਸ੍ਰੀ ਅਕਾਲ ਤਖ਼ਤ ਸਾਹਿਬ ਨਾ ਪਹੁੰਚਣ ਲਈ ਫ਼ੋਨਾਂ ਰਾਹੀਂ ਦਬਾਅ ਪਾਉਣ ਦਾ ਦਾਅਵਾ

ਸ਼ਹੀਦਾਂ ਨੂੰ ਨਮਨ ਤੇ ਸੱਚ ’ਤੇ ਪਹਿਰਾ:

ਰੂਪ ਕੌਰ ਸੰਧੂ ਨੇ ਕਿਹਾ ਕਿ 9 ਅਕਤੂਬਰ ਦਾ ਦਿਨ ਅਮਰ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਲਾਸਾਨੀ ਸ਼ਹਾਦਤ ਦਾ ਦਿਹਾੜਾ ਹੈ। ਇਸ ਪਵਿੱਤਰ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਨਾਲ-ਨਾਲ ਉਹ ਇੱਕ ਪੀੜਤ ਬੀਬੀ ਨੂੰ ਇਨਸਾਫ਼ ਦਿਵਾਉਣ ਲਈ ਸਰਵਉੱਚ ਅਸਥਾਨ ’ਤੇ ਪਹੁੰਚ ਰਹੇ ਹਨ।

ਦਬਾਅ ਅਤੇ ਧਮਕੀਆਂ ਦੇ ਦੋਸ਼:

ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚਣ ਤੋਂ ਰੋਕਣ ਲਈ ਸਿੱਧੇ ਅਤੇ ਅਸਿੱਧੇ ਢੰਗਾਂ ਨਾਲ ਫ਼ੋਨ ਕਰਕੇ ਭਾਰੀ ਦਬਾਅ ਬਣਾਇਆ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕਿਸੇ ਵੀ ਦਬਾਅ ਦੀ ਪਰਵਾਹ ਕੀਤੇ ਬਿਨਾਂ ਸੱਚ ਨੂੰ ਸਾਹਮਣੇ ਲਿਆਉਣਗੇ।

ਅਕਾਲੀ ਦਲ ਲੀਡਰਸ਼ਿਪ ’ਤੇ ਨਿਸ਼ਾਨਾ:

ਸੰਧੂ ਨੇ ਕਿਹਾ ਕਿ ਸਬੂਤ ਸੌਂਪੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅੰਦਰ ਮੌਜੂਦ ਅਜਿਹੇ ਆਗੂਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਣਾ ਚਾਹੀਦਾ ਹੈ ਜੋ ਪਾਰਟੀ ਅਤੇ ਪੰਥ ਦੇ ਅਕਸ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਜਥੇਦਾਰ ਸਾਹਿਬ ਦੇ ਫ਼ੈਸਲੇ ’ਤੇ ਨਜ਼ਰ:

ਉਨ੍ਹਾਂ ਕਿਹਾ ਕਿ ਸਬੂਤ ਮੇਜ਼ ’ਤੇ ਰੱਖੇ ਜਾਣ ਤੋਂ ਬਾਅਦ ਹੁਣ ਸਿੰਘ ਸਾਹਿਬ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਇਮਤਿਹਾਨ ਦੀ ਘੜੀ ਹੋਵੇਗੀ ਕਿ ਉਹ ਇਸ ਸੰਵੇਦਨਸ਼ੀਲ ਮਾਮਲੇ ’ਤੇ ਕੀ ਸਖ਼ਤ ਪੰਥਕ ਫ਼ੈਸਲਾ ਲੈਂਦੇ ਹਨ।

Source: Facebook / Roop Kaur Sandhu

# ਅਮਰਜੀਤ ਚਾਵਲਾ ਮਾਮਲੇ ਵਿੱਚ ਵੱਡੀ ਕਾਰਵਾਈ, ਮਾਨ ਸਰਕਾਰ ਵੱਲੋਂ ਉੱਚ ਪੱਧਰੀ SIT ਦਾ ਗਠਨ

## ਸਿੱਖ ਜਥੇਬੰਦੀਆਂ ਨਾਲ ਮੁਲਾਕਾਤ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਲਿਆ ਫੈਸਲਾ, ਫਰੀਦਕੋਟ ਦੇ SSP ਗੁਰਬੰਸ ਸਿੰਘ ਬੈਂਸ ਹੋਣਗੇ ਜਾਂਚ ਟੀਮ ਦੇ ਮੁਖੀ



ਅਮਰਜੀਤ ਸਿੰਘ ਚਾਵਲਾ



ਐਸਐਸਪੀ ਫਰੀਦਕੋਟ ਗੁਰਬੰਸ ਬੈਂਸ ਹੋਣਗੇ ਐਸਆਈਟੀ ਦੇ ਪ੍ਰਮੁੱਖ



ਐਸਐਸਪੀ ਵਿਜੀਲੈਂਸ ਸਿਮਰਨਜੀਤ ਲਾਂਗ ਹੋਣਗੇ ਮੈਂਬਰ



ਡੀਐਸਪੀ ਕਰਨ ਸੰਧੂ ਹੋਣਗੇ ਮੈਂਬਰ

ਚੰਡੀਗੜ੍ਹ: ਪੰਜਾਬ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਮਰਜੀਤ ਸਿੰਘ ਚਾਵਲਾ ਦੇ ਖ਼ ?ਲਾਫ਼ ਦਰਜ ਹੋਏ ਮਾਮਲੇ ਵਿੱਚ ਵੱਡੀ ਕਾਰਵਾਈ ਕਰਦੇ ਹੋਏ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ। ਬਲਤੇਜ ਪੰਨੂ ਮੁਤਾਬਕ ਇਹ ਅਹਿਮ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਈ ਪ੍ਰਮੁੱਖ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨਾਲ ਕੀਤੀ ਗਈ ਵਿਸ਼ੇਸ਼ ਮੁਲਾਕਾਤ ਤੋਂ ਬਾਅਦ ਲਿਆ ਗਿਆ ਹੈ। ਸਰਕਾਰ ਨੇ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਲਈ ਤਿੰਨ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਹੈ।

3 ਮੈਂਬਰੀ SIT ਕਰੇਗੀ ਜਾਂਚ

ਬਲਤੇਜ ਪੰਨੂ ਨੇ ਇਸ ਵਿਸ਼ੇਸ਼ ਜਾਂਚ ਟੀਮ ਦੇ ਗਠਨ ਅਤੇ ਇਸ ਦੇ ਮੈਂਬਰਾਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਗਠਿਤ ਕੀਤੀ ਗਈ ਇਸ SIT ਦੀ ਅਗਵਾਈ ਫਰੀਦਕੋਟ ਦੇ ਐਸ.ਐਸ.ਪੀ. ਗੁਰਬੰਸ ਸਿੰਘ ਬੈਂਸ ਨੂੰ ਸੌਂਪੀ ਗਈ ਹੈ। ਇਸ ਦੇ ਨਾਲ ਹੀ ਵਿਜੀਲੈਂਸ ਦੇ ਐਸ.ਐਸ.ਪੀ. ਸਿਮਰਨਜੀਤ ਲਾਂਗਰਾ ਅਤੇ ਡੀ.ਐਸ.ਪੀ. ਕਰਨ ਸੰਧੂ ਨੂੰ ਇਸ ਵਿਸ਼ੇਸ਼ ਜਾਂਚ ਟੀਮ ਦੇ ਅਹਿਮ ਮੈਂਬਰਾਂ ਵਜੋਂ ਸ਼ਾਮਲ ਕੀਤਾ ਗਿਆ ਹੈ। ਬਲਤੇਜ ਪੰਨੂ ਨੇ ਦੱਸਿਆ ਕਿ, ÷ਮੁੱਖ ਮੰਤਰੀ ਭਗਵੰਤ ਮਾਨ ਨੇ ਕਈ ਸਿੱਖ ਜਥੇਬੰਦੀਆਂ ਨਾਲ ਮੁਲਾਕਾਤ ਮਗਰੋਂ ਇਹ ਵੱਡਾ ਫੈਸਲਾ ਲਿਆ ਹੈ ਤਾਂ ਜੋ ਪੂਰੇ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਹੋ ਸਕੇ।÷

# ਸਾਬਕਾ ਫੌਜੀ ਨੂੰ ਇੰਝ ਦਿੱਤੀ ਜਾਵੇਗੀ ਮੌਤ ਦੀ ਸਜ਼ਾ, ਅਮਰੀਕੀ ਰਾਸ਼ਟਰਪਤੀ ਟਰੰਪ ਨੇ ਜਾਰੀ ਕੀਤਾ ਹੁਕਮ

ਟੈਕਸਾਸ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਅਮਰੀਕੀ ਫੌਜੀ ਨਿਦਾਲ ਹਸਨ ਨੂੰ ਗੋਲੀ ਮਾਰ ਕੇ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ ਹੈ। ਪੈਂਟਾਗਨ ਨੇ ਸੋਮਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਜੇਕਰ ਹਸਨ ਦੀ ਸਜ਼ਾ ਲਾਗੂ ਹੁੰਦੀ ਹੈ ਤਾਂ ਉਹ 1961 ਤੋਂ ਬਾਅਦ ਅਮਰੀਕੀ ਫ਼ੌਜੀ ਨਿਆਂ ਪ੍ਰਣਾਲੀ ਦੇ ਤਹਿਤ ਮੌਤ ਦੀ ਸਜ਼ਾ ਪਾਉਣ ਵਾਲਾ ਪਹਿਲਾ ਵਿਅਕਤੀ ਹੋਵੇਗਾ। ਫ਼ੌਜੀ ਪ੍ਰਣਾਲੀ ’ਚ ਆਖ਼ਰੀ ਵਾਰ ਪ੍ਰਾਈਵੇਟ ਜਾਨ ਏ. ਬੈਨੇਟ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।

ਦੱਸ ਦੇਈਏ ਕਿ ਹਸਨ ਨੇ 2009 ’ਚ ਟੈਕਸਾਸ ਦੇ ਫ਼ੌਜੀ ਅੱਡੇ ’ਤੇ ਧਾਰਮਿਕ ਨਾਅਰਾ ਲਾਉਂਦਿਆਂ ਗੋਲੀਬਾਰੀ ਕੀਤੀ ਸੀ, ਜਿਸ ’ਚ 13 ਲੋਕਾਂ ਦੀ ਮੌਤ ਹੋ ਗਈ ਸੀ। 5 ਨਵੰਬਰ 2009 ਨੂੰ ਫ਼ੌਜ ਦਾ ਮਨੋਵਿਗਿਆਨੀ ਮੇਜਰ ਨਿਦਾਲ ਹਸਨ ਨਿੱਜੀ ਪਿਸਤੌਲ ਲੈ ਕੇ ਫ਼ੋਰਡ ਹੁਡ ਫ਼ੌਜੀ ਅੱਡੇ ਪਹੁੰਚਿਆ ਅਤੇ ਫੌਜੀਆਂ ਤੇ ਹੋਰ ਲੋਕਾਂ ’ਤੇ ਅਚਾਨਕ ਗੋਲੀਬਾਰੀ ਕਰ ਦਿੱਤੀ। ਇਹ ਅਮਰੀਕੀ ਫ਼ੌਜੀ ਅੱਡੇ ’ਤੇ ਹੋਈ ਸਭ ਤੋਂ ਘਾਤਕ ਸਮੂਹਿਕ ਗੋਲੀਬਾਰੀ ਸੀ। ਉਸ ਸਮੇਂ ਅਮਰੀਕਾ ਅਫ਼ਗਾਨਿਸਤਾਨ ਅਤੇ ਇਰਾਕ ’ਚ ਯੁੱਧ ਲੜ ਰਿਹਾ ਸੀ। ਹਸਨ ਨੇ ਬਾਅਦ ’ਚ ਕਿਹਾ ਸੀ ਕਿ ਉਹ ਇਨ੍ਹਾਂ ਯੁੱਧਾਂ ਨੂੰ ਗ਼ੈਰ-ਕਾਨੂੰਨੀ ਅਤੇ ਅਨੈਤਿਕ ਮੰਨਦਾ ਸੀ।

# ਐਸ.ਸੀ.ਓ.ਪੀ. (SCOPE) ਵੱਲੋਂ ਡਾ. ਆਇਸ਼ਾ ਵਾਹਬ ਦੀ ਖੁੱਲ੍ਹ ਕੇ ਹਮਾਇਤ: ਮੇਲਿਸਾ ਹਰਨੈਂਡੇਜ਼ ਨਾਲ ਬਹਿਸ ਮਗਰੋਂ ਸਿੱਖ ਭਾਈਚਾਰੇ ਨੇ ਲਿਆ ਵੱਡਾ ਸਿਆਸੀ ਫ਼ੈਸਲਾ

## ਹਾਊਸਿੰਗ, ਇਮੀਗ੍ਰੇਸ਼ਨ, ਲੋਕ ਸੁਰੱਖਿਆ ਅਤੇ ਜਲਵਾਯੂ ਮੁੱਦਿਆਂ 'ਤੇ ਡਾ. ਵਾਹਬ ਦਾ ਰਿਹਾ ਦਬਦਬਾ; ਰਾਜਨੀਤੀ 'ਚ 'ਕਾਰਪੋਰੇਟ ਪੈਸੇ' ਤੇ 'ਡਾਰਕ ਏਪੈਕ' (AIPAC) ਫ਼ੰਡਿੰਗ ਵਿਰੁੱਧ ਬੁਲੰਦ ਕੀਤੀ ਆਵਾਜ਼; ਸੈਕਰਾਮੈਂਟੋ ਵਿਖੇ ਕੀਤੇ ਕੰਮਾਂ ਦੇ ਰਿਕਾਰਡ ਨੂੰ ਦੱਸਿਆ ਮਿਸਾਲੀ














ਬੇਅ ਏਰੀਆ/ਕੈਲੀਫ਼ੋਰਨੀਆ : ਅਮਰੀਕਾ ਵਿੱਚ ਸਿੱਖ ਭਾਈਚਾਰੇ ਦੀ ਸਿਆਸੀ ਜਾਗਰੂਕਤਾ ਅਤੇ ਸਰਗਰਮੀ ਨੂੰ ਸਮਰਪਿਤ ਸੰਸਥਾ ਐਸ.ਸੀ.ਓ.ਪੀ. (SCOPE – Sikh Community Organized for Political Engagement) ਨੇ ਡਾ. ਆਇਸ਼ਾ ਵਾਹਬ (Dr. Aisha Wahab) ਅਤੇ ਉਨ੍ਹਾਂ ਦੀ ਵਿਰੋਧੀ ਮੇਲਿਸਾ ਹਰਨੈਂਡੇਜ਼ (Melissa Hernandez) ਵਿਚਕਾਰ ਹੋਈ ਤਾਜ਼ਾ ਸਿਆਸੀ ਬਹਿਸ (Debate) ਤੋਂ ਬਾਅਦ ਡਾ. ਆਇਸ਼ਾ ਵਾਹਬ ਦੇ ਹੱਕ ਵਿੱਚ ਡਟਵਾਂ ਸਮਰਥਨ ਦੇਣ ਦਾ ਰਸਮੀ ਐਲਾਨ ਕੀਤਾ ਹੈ।

ਸੰਸਥਾ ਦੇ ਨੁਮਾਇੰਦਿਆਂ ਅਨੁਸਾਰ ਦੋਵਾਂ ਉਮੀਦਵਾਰਾਂ ਵਿਚਕਾਰ ਹੋਈ ਇਹ ਆਹਮੋ-ਸਾਹਮਣੀ ਬਹਿਸ ਕਮਿਊਨਿਟੀ ਦੇ ਅਹਿਮ ਮਸਲਿਆਂ—ਕਿਫ਼ਾਇਤੀ ਰਿਹਾਇਸ਼ (Affordable Housing), ਇਮੀਗ੍ਰੇਸ਼ਨ ਸੁਧਾਰ, ਜਲਵਾਯੂ ਤਬਦੀਲੀ, ਜਨਤਕ ਸੁਰੱਖਿਆ ਅਤੇ ਚੋਣਾਂ ਵਿੱਚ ਕਾਰਪੋਰੇਟ ਪੂੰਜੀ ਦੇ ਪ੍ਰਭਾਵ—ਨੂੰ ਸਮਝਣ ਲਈ ਬੇਹੱਦ ਨਿਰਣਾਇਕ ਰਹੀ। ਬਹਿਸ ਦੌਰਾਨ ਡਾ. ਵਾਹਬ ਨੇ ਆਪਣੇ ਵਿਰੋਧੀ ਵੱਲੋਂ ਇਸ ਚੋਣ ਮੁਹਿੰਮ ਵਿੱਚ ਹਾਸਲ ਕੀਤੇ ਜਾ ਰਹੇ ਭਾਰੀ 'ਡਾਰਕ ਏਪੈਕ' (AIPAC) ਫ਼ੰਡਾਂ ਦੇ ਅਸਰ ਵਿਰੁੱਧ ਬੇਬਾਕੀ ਨਾਲ ਆਪਣਾ ਸਟੈਂਡ ਰੱਖਿਆ।




ਬਹਿਸ ਅਤੇ ਸਿਆਸੀ ਸਮਰਥਨ ਦੇ ਪ੍ਰਮੁੱਖ ਵੇਰਵੇ

ਬੇਅ ਏਰੀਆ (ਕੈਲੀਫ਼ੋਰਨੀਆ): SCOPE ਵੱਲੋਂ ਡਾ. ਆਇਸ਼ਾ ਵਾਹਬ ਦੀ ਡਟਵੀਂ ਹਮਾਇਤ ਦਾ ਐਲਾਨ!

**ਬਹਿਸ ਮਗਰੋਂ ਵੱਡਾ ਸਟੈਂਡ:** ਮੇਲਿਸਾ ਹਰਨੈਂਡੇਜ਼ ਨਾਲ ਹੋਈ ਚੋਣ ਬਹਿਸ ਵਿੱਚ ਡਾ. ਆਇਸ਼ਾ ਵਾਹਬ ਦੀ ਕਾਰਗੁਜ਼ਾਰੀ ਨੂੰ ਦੱਸਿਆ ਸਭ ਤੋਂ ਮਜ਼ਬੂਤ ਅਤੇ ਸਪੱਸ਼ਟ।

ਕਾਰਪੋਰੇਟ ਫੰਡਿੰਗ 'ਤੇ ਹਮਲਾ: ਸਿਆਸਤ ਵਿੱਚ ਵਿਸ਼ੇਸ਼ ਹਿੱਤਾਂ ਅਤੇ 'ਡਾਰਕ ਏਪੈਕ' (AIPAC) ਫ਼ੰਡਾਂ ਦੇ ਪ੍ਰਭਾਵ ਵਿਰੁੱਧ ਉਠਾਈ ਜ਼ੋਰਦਾਰ ਆਵਾਜ਼।

**ਸਿੱਖ ਭਾਈਚਾਰੇ ਨੂੰ ਹੋਕਾ:** ਮਿਹਨਤਕਸ਼ ਪਰਿਵਾਰਾਂ ਅਤੇ ਇਮੀਗ੍ਰੈਂਟਾਂ ਦੇ ਹੱਕਾਂ ਦੀ ਰਾਖੀ ਲਈ ਡਾ. ਵਾਹਬ ਦੇ ਸਮਰਥਨ ਵਿੱਚ ਲਾਮਬੰਦ ਹੋਣ ਦੀ ਅਪੀਲ।

ਸਮਰਥਨ ਦੇਣ ਵਾਲੀ ਸੰਸਥਾ: ਐਸ.ਸੀ.ਓ.ਪੀ. (SCOPE – Sikh Community Organized for Political Engagement)

ਸਮਰਥਿਤ ਉਮੀਦਵਾਰ : ਡਾ. ਆਇਸ਼ਾ ਵਾਹਬ (ਕੈਲੀਫ਼ੋਰਨੀਆ ਸਟੇਟ ਸੈਨੇਟਰ/ਕਾਂਗਰਸ ਉਮੀਦਵਾਰ)

ਵਿਰੋਧੀ ਉਮੀਦਵਾਰ : ਮੇਲਿਸਾ ਹਰਨੈਂਡੇਜ਼ (Melissa Hernandez)

ਚਰਚਾ ਦੇ ਮੁੱਖ ਮੁੱਦੇ : ਹਾਊਸਿੰਗ, ਇਮੀਗ੍ਰੇਸ਼ਨ, ਵਾਤਾਵਰਨ, ਜਨਤਕ ਸੁਰੱਖਿਆ ਅਤੇ ਕਾਰਪੋਰੇਟ ਚੋਣ ਫੰਡ

ਵਿਰੋਧੀ 'ਤੇ ਵੱਡਾ ਦੋਸ਼ : ਵਿਸ਼ੇਸ਼ ਹਿੱਤਾਂ ਵਾਲੇ ਗਰੁੱਪਾਂ ਅਤੇ 'ਡਾਰਕ ਏਪੈਕ' (AIPAC) ਫ਼ੰਡਾਂ ਦੀ ਪ੍ਰਾਪਤੀ

ਅਗਵਾਈ ਪਿਛੋਕੜ : ਸੈਕਰਾਮੈਂਟੋ ਵਿਖੇ ਸਟੇਟ ਸੈਨੇਟਰ ਵਜੋਂ ਲੋਕ-ਪੱਖੀ ਬਿੱਲਾਂ ਅਤੇ ਕਾਨੂੰਨਾਂ ਦਾ ਟਰੈਕ ਰਿਕਾਰਡ

SCOPE ਦਾ ਬਿਆਨ: 'ਕਾਰਪੋਰੇਟ ਪੈਸੇ ਦੀ ਥਾਂ ਆਮ ਲੋਕਾਂ ਦੀ ਸੱਚੀ ਨੁਮਾਇੰਦਗੀ'

ਐਸ.ਸੀ.ਓ.ਪੀ. ਨੇ ਬਿਆਨ ਜਾਰੀ ਕਰਦਿਆਂ ਸਪੱਸ਼ਟ ਕੀਤਾ ਕਿ ਡਾ. ਆਇਸ਼ਾ ਵਾਹਬ ਇੱਕ ਅਜਿਹੀ ਦ੍ਰਿੜ੍ਹ, ਤਜਰਬੇਕਾਰ ਅਤੇ ਇਮਾਨਦਾਰ ਸ਼ਖ਼ਸੀਅਤ ਵਜੋਂ ਉੱਭਰੇ ਹਨ ਜੋ ਕਾਰਪੋਰੇਟ ਹਿੱਤਾਂ ਦੀ ਪੈਰਵੀ ਕਰਨ ਦੀ ਬਜਾਏ ਆਮ ਲੋਕਾਂ, ਕਿਰਤੀ ਪਰਿਵਾਰਾਂ ਅਤੇ ਪਰਵਾਸੀਆਂ ਦੇ ਹੱਕਾਂ ਲਈ ਵਚਨਬੱਧ ਹਨ:

ਜ਼ਮੀਨੀ ਅਸਲੀਅਤ ਦੀ ਸਮਝ: ਡਾ. ਵਾਹਬ ਨੇ ਆਪਣੇ ਨਿੱਜੀ ਜੀਵਨ ਅਤੇ ਸਿਆਸੀ ਸਫ਼ਰ ਦੇ ਤਜ਼ਰਬਿਆਂ ਰਾਹੀਂ ਸਾਬਤ ਕੀਤਾ ਕਿ ਉਹ ਮਿਹਨਤਕਸ਼ ਕਾਮਿਆਂ ਅਤੇ ਇਮੀਗ੍ਰੈਂਟ ਭਾਈਚਾਰਿਆਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਸਮਝਦੇ ਹਨ।

**ਸੈਕਰਾਮੈਂਟੋ ਵਿੱਚ ਮਿਸਾਲੀ ਕਾਰਗੁਜ਼ਾਰੀ:** ਸਟੇਟ ਸੈਨੇਟਰ ਵਜੋਂ ਉਨ੍ਹਾਂ ਵੱਲੋਂ ਵਿਧਾਨ ਸਭਾ ਵਿੱਚ ਪਾਸ ਕਰਵਾਏ ਗਏ ਲੋਕ-ਹਿੱਤੂ ਕਾਨੂੰਨ ਅਤੇ ਨਾਗਰਿਕ ਹੱਕਾਂ ਦੀ ਰਾਖੀ ਲਈ ਲਏ ਗਏ ਸਟੈਂਡ ਉਨ੍ਹਾਂ ਦੇ ਆਤਮ-ਵਿਸ਼ਵਾਸ ਅਤੇ ਪ੍ਰਸ਼ਾਸਨਿਕ ਕਾਬਲੀਅਤ ਦਾ ਪ੍ਰਤੱਖ ਪ੍ਰਮਾਣ ਹਨ।

**ਏਕੇ ਦਾ ਸੱਦਾ:** ਸੰਸਥਾ ਨੇ ਉੱਤਰੀ ਕੈਲੀਫ਼ੋਰਨੀਆ ਅਤੇ ਬੇਅ ਏਰੀਆ ਦੇ ਸਮੂਹ ਪੰਜਾਬੀ, ਸਿੱਖ ਅਤੇ ਏਸ਼ੀਅਨ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ ਡਾ. ਆਇਸ਼ਾ ਵਾਹਬ ਦੀ ਜਿੱਤ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਇੱਕਮੁੱਠ ਹੋਣ।






# ਕਥਾ ਸਮਾਗਮ
# U.S.A
# ਕੈਲੀਫੋਰਨੀਆ ਸਮਾਗਮ

## 07 ਤੋਂ 11 ਅਕਤੂਬਰ 2026

1. ਬੁੱਧਵਾਰ, 7 ਅਕਤੂਬਰ
ਸ਼ਾਮ 6:00 ਵਜੇ ਤੋਂ 9:00 ਵਜੇ ਤੱਕ
**ਰੰਧਾਵਾ ਨਿਵਾਸ**
1153 Sturling Dr., Rodeo, CA

2. ਸ਼ੁੱਕਰਵਾਰ, 9 ਅਕਤੂਬਰ
ਸ਼ਾਮ 6:30 ਵਜੇ ਤੋਂ 7:30 ਵਜੇ ਤੱਕ
**ਗੁਰਦੁਆਰਾ ਸੰਤ ਸਾਗਰ**
1541 Jessie Ave., Sacramento, CA

3. ਸ਼ਨੀਵਾਰ, 10 ਅਕਤੂਬਰ
ਸ਼ਾਮ 7:00 ਵਜੇ ਤੋਂ 8:00 ਵਜੇ ਤੱਕ
**ਗੁਰਦੁਆਰਾ ਸਾਹਿਬ ਸਟਾਕਟਨ**
1930 S Sikh Temple St, Stockton, CA 95206

4. ਸ਼ਨੀਵਾਰ, 10 ਅਕਤੂਬਰ
ਸਵੇਰੇ 9:00 ਵਜੇ ਤੋਂ 10:00 ਵਜੇ ਤੱਕ
**ਟਾਰ੍ਹਈ ਵੈਲੀ ਸਿੱਖ ਸੈਂਟਰ**
2089 N. Livermore Ave, Livermore, CA 94551

5. ਐਤਵਾਰ, 11 ਅਕਤੂਬਰ
ਸਵੇਰੇ 11:00 ਵਜੇ ਤੋਂ 12:00 ਵਜੇ ਤੱਕ
**ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ**
ਰੋਜ਼ਵਿਲ 1090 Main Street, Roseville, CA 95678

6. ਐਤਵਾਰ, 11 ਅਕਤੂਬਰ
ਦੁਪਹਿਰ 12:30 ਵਜੇ ਤੋਂ 1:15 ਵਜੇ ਤੱਕ
**ਸਿੱਖ ਟੈਂਪਲ ਵੇਸਟ ਸੈਕਰਾਮੈਂਟੋ**
2301 Evergreen Ave, West Sacramento, CA



**SINGH SAHIB GIANI RANJIT SINGH**
HEAD GRANTHI GURDWARA BANGLA SAHIB
CONTACT: +917-957-1313
WHATSAPP: +919313751313

**BHAI SAHIB SATPAL SINGH KHALSA**
(AMBASSADOR OF SIKH DHARM)



ਭਾਰਤੀ ਸਿਨੇਮਾ ਦੀ ਤਵਾਰੀਖ਼ ਵਿੱਚ ਕੁਝ ਚਿਹਰੇ ਅਜਿਹੇ ਹੁੰਦੇ ਹਨ ਜੋ ਸਿਰਫ਼ ਮਨੋਰੰਜਨ ਨਹੀਂ ਕਰਦੇ, ਸਗੋਂ ਸਮਾਜ ਦੇ ਸੁੱਤੇ ਹੋਏ ਜ਼ਮੀਰ ਨੂੰ ਝੰਜੋੜ ਕੇ ਰੱਖ ਦਿੰਦੇ ਹਨ। ਨਾਨਾ ਪਾਟੇਕਰ ਮਹਿਜ਼ ਇੱਕ ਅਦਾਕਾਰ ਨਹੀਂ, ਬਲਕਿ ਰੁਪਹਿਲੇ ਪਰਦੇ 'ਤੇ ਆਮ ਆਦਮੀ ਦੇ ਅੰਦਰਲੇ ਗੁੱਸੇ, ਬਗ਼ਾਵਤ ਅਤੇ ਸੱਚ ਦੀ ਇੱਕ ਚਿੰਗਾੜੀ ਸਨ। ਬਿਨਾਂ ਕਿਸੇ ਬਣਾਵਟੀ ਚਮਕ-ਦਮਕ ਦੇ, ਆਪਣੀ ਬੇਬਾਕ ਸੰਵਾਦ ਅਦਾਇਗੀ ਅਤੇ ਕੰਬਣੀ ਛੇੜ ਦੇਣ ਵਾਲੀ ਆਵਾਜ਼ ਨਾਲ ਉਨ੍ਹਾਂ ਨੇ ਦਹਾਕਿਆਂ ਤੱਕ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕੀਤਾ। ਪਰਦੇ 'ਤੇ 'ਕ੍ਰਾਂਤੀਵੀਰ' ਬਣ ਕੇ ਸਿਸਟਮ ਨੂੰ ਵੰਗਾਰਨ ਵਾਲਾ ਇਹ ਫ਼ਨਕਾਰ ਨਿੱਜੀ ਜ਼ਿੰਦਗੀ ਵਿੱਚ ਵੀ ਓਨਾ ਹੀ ਵੱਡਾ ਦਰਵੇਸ਼ ਸੀ, ਜਿਸਨੇ ਖ਼ੁਦਕੁਸ਼ੀਆਂ ਦੀ ਮਾਰ ਝੱਲ ਰਹੇ ਮਹਾਰਾਸ਼ਟਰ ਦੇ ਕਿਸਾਨਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਦੇ ਹੰਝੂ ਪੂੰਝੇ ਅਤੇ ਕਰੋੜਾਂ ਦੀ ਕਮਾਈ ਦੇ ਬਾਵਜੂਦ ਇੱਕ ਸਾਦੇ ਫਲੈਟ ਵਿੱਚ ਫ਼ਕੀਰੀ ਵਾਲੀ ਜ਼ਿੰਦਗੀ ਬਤੀਤ ਕੀਤੀ। 75 ਵਰ੍ਹਿਆਂ ਦੀ ਉਮਰ ਵਿੱਚ ਉਨ੍ਹਾਂ ਦਾ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋਣਾ ਭਾਰਤੀ ਕਲਾ ਅਤੇ ਸਮਾਜਿਕ ਸਰੋਕਾਰਾਂ ਦੀ ਦੁਨੀਆ ਲਈ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਅੱਜ ਦਾ ਇਹ ਵਿਸ਼ੇਸ਼ ਲੇਖ ਭਾਰਤੀ ਸਿਨੇਮਾ ਦੇ ਉਸ ਬਾਗ਼ੀ ਅਤੇ ਦਰਵੇਸ਼ ਅਦਾਕਾਰ ਦੇ ਸੰਘਰਸ਼ਾਂ, ਸ਼ਾਹਕਾਰ ਫ਼ਿਲਮਾਂ ਅਤੇ ਲੋਕ-ਸੇਵਾ ਨੂੰ ਸਮਰਪਿਤ ਜੀਵਨ ਦਾ ਇੱਕ ਇਤਿਹਾਸਕ ਦਸਤਾਵੇਜ਼ ਹੈ। ਆਓ, ਇਸ ਅਜ਼ੀਮ ਸ਼ਖ਼ਸੀਅਤ ਦੇ ਬੇਮਿਸਾਲ ਸਫ਼ਰ 'ਤੇ ਝਾਤ ਪਾਈਏ ਅਤੇ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਟ ਕਰੀਏ। -ਸਤਨਾਮ ਸਿੰਘ ਖਾਲਸਾ

# ਭਾਰਤੀ ਸਿਨੇਮਾ ਦੇ ਦਿੱਗਜ, ਬੇਬਾਕ ਅਤੇ ਨਿਵੇਕਲੀ ਅਦਾਕਾਰੀ ਦੇ ਮਾਲਕ ਨਾਨਾ ਪਾਟੇਕਰ ਇਸ ਫਾਨੀ ਸੰਸਾਰ ਨੂੰ ਆਖ ਗਏ ਅਲਵਿਦਾ



ਭਾਰਤੀ ਸਿਨੇਮਾ ਦੇ ਦਿੱਗਜ, ਬੇਬਾਕ ਅਤੇ ਨਿਵੇਕਲੀ ਅਦਾਕਾਰੀ ਦੇ ਮਾਲਕ ਨਾਨਾ ਪਾਟੇਕਰ 75 ਵਰ੍ਹਿਆਂ ਦੀ ਉਮਰ ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ ਸਿਰਫ਼ ਇੱਕ ਅਦਾਕਾਰ ਨਹੀਂ ਸਨ, ਸਗੋਂ ਰੁਪਹਿਲੇ ਪਰਦੇ 'ਤੇ ਸੱਚ, ਬਗ਼ਾਵਤ ਅਤੇ ਆਮ ਆਦਮੀ ਦੇ ਗੁੱਸੇ ਦੀ ਜ਼ਿੰਦਾ ਆਵਾਜ਼ ਸਨ। ਨਾ ਕੋਈ ਰਵਾਇਤੀ ਹੀਰੋ ਵਰਗਾ ਚਿਹਰਾ, ਨਾ ਚਮਕ-ਦਮਕ ਵਾਲਾ ਅੰਦਾਜ਼, ਪਰ ਜਦੋਂ ਉਹ ਪਰਦੇ 'ਤੇ ਆਉਂਦੇ ਸਨ ਤਾਂ ਆਪਣੀ ਤਿੱਖੀ ਨਜ਼ਰ, ਵਿਲੱਖਣ ਸੰਵਾਦ ਅਦਾਇਗੀ ਅਤੇ ਕੰਬਣੀ ਛੇੜ ਦੇਣ ਵਾਲੀ ਆਵਾਜ਼ ਨਾਲ ਦਰਸ਼ਕਾਂ ਨੂੰ ਕੀਲ ਲੈਂਦੇ ਸਨ। ਉਨ੍ਹਾਂ ਦੇ ਜਾਣ ਨਾਲ ਭਾਰਤੀ ਸਿਨੇਮਾ ਦੇ ਇੱਕ ਸ਼ਾਨਦਾਰ ਯੁੱਗ ਦਾ ਅੰਤ ਹੋ ਗਿਆ ਹੈ।

**ਮੁਢਲਾ ਜੀਵਨ ਅਤੇ ਸੰਘਰਸ਼ਾਂ ਦੀ ਭੱਠੀ**

ਨਾਨਾ ਪਾਟੇਕਰ ਦਾ ਅਸਲ ਨਾਮ ਵਿਸ਼ਵਨਾਥ ਪਾਟੇਕਰ ਸੀ। ਉਨ੍ਹਾਂ ਦਾ ਜਨਮ 1 ਜਨਵਰੀ 1951 ਨੂੰ ਮਹਾਰਾਸ਼ਟਰ ਦੇ ਮੁਰੁਡ-ਜੰਜੀਰਾ ਵਿੱਚ ਇੱਕ ਮੱਧਵਰਗੀ ਪਰਿਵਾਰ ਵਿੱਚ ਹੋਇਆ। ਬਚਪਨ ਤੋਂ ਹੀ ਜ਼ਿੰਦਗੀ ਨੇ ਉਨ੍ਹਾਂ ਦੀ ਸਖ਼ਤ ਪ੍ਰੀਖਿਆ ਲਈ। ਪਰਿਵਾਰਕ ਆਰਥਿਕ ਤੰਗੀਆਂ ਕਾਰਨ ਉਨ੍ਹਾਂ ਨੇ ਬਹੁਤ ਛੋਟੀ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹ ਮੁੰਬਈ ਦੀਆਂ ਸੜਕਾਂ 'ਤੇ ਸਿਨੇਮਾ ਦੇ ਪੋਸਟਰ ਪੇਂਟ ਕਰਦੇ ਸਨ ਅਤੇ ਜ਼ੈਬਰਾ ਕ੍ਰਾਸਿੰਗਾਂ ਰੰਗਣ ਦਾ ਕੰਮ ਕਰਦੇ ਸਨ ਤਾਂ ਜੋ ਦੋ ਵਕਤ ਦੀ ਰੋਟੀ ਦਾ ਜੁਗਾੜ ਹੋ ਸਕੇ।

ਮੁੰਬਈ ਦੇ ਸਰ ਜੇ. ਜੇ. ਇੰਸਟੀਚਿਊਟ ਆਫ਼ ਅਪਲਾਈਡ ਆਰਟ ਤੋਂ ਕਮਰਸ਼ੀਅਲ ਆਰਟ ਦੀ ਪੜ੍ਹਾਈ ਕਰਨ ਤੋਂ ਬਾਅਦ, ਉਨ੍ਹਾਂ ਨੇ ਮਰਾਠੀ ਥੀਏਟਰ ਵੱਲ ਰੁਖ਼ ਕੀਤਾ। ਰੰਗਮੰਚ 'ਤੇ ਉਨ੍ਹਾਂ ਨੇ ਅਦਾਕਾਰੀ ਦੀ ਅਜਿਹੀ ਤਪੱਸਿਆ ਕੀਤੀ ਜਿਸਨੇ ਉਨ੍ਹਾਂ ਨੂੰ ਬਾਅਦ ਵਿੱਚ ਸਿਨੇਮਾ ਦਾ ਬੇਤਾਜ ਬਾਦਸ਼ਾਹ ਬਣਾਇਆ।

**ਸਿਨੇਮਾ ਦਾ ਸਫ਼ਰ ਅਤੇ ਸਦਾਬਹਾਰ ਫ਼ਿਲਮਾਂ**

ਨਾਨਾ ਪਾਟੇਕਰ ਨੇ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ 1978 ਵਿੱਚ ਮੁਜ਼ੱਫ਼ਰ ਅਲੀ ਦੀ ਫ਼ਿਲਮ 'ਗਮਨ' ਨਾਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ:

'ਅੰਕੁਸ਼' (1986): ਬੇਰੁਜ਼ਗਾਰ ਅਤੇ ਗੁੱਸੇ ਨਾਲ ਭਰੇ ਨੌਜਵਾਨਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਇਸ ਫ਼ਿਲਮ ਨੇ ਨਾਨਾ ਨੂੰ ਇੱਕ ਗੰਭੀਰ ਅਦਾਕਾਰ ਵਜੋਂ ਸਥਾਪਿਤ ਕੀਤਾ।

'ਸਲਾਮ ਬੰਬੇ!' (1988): ਮੀਰਾ ਨਾਇਰ ਦੀ ਇਸ ਅੰਤਰਰਾਸ਼ਟਰੀ ਪੱਧਰ 'ਤੇ ਚਰਚਿਤ ਫ਼ ?ਲਮ ਵਿੱਚ ਉਨ੍ਹਾਂ ਦੀ ਅਦਾਕਾਰੀ ਨੂੰ ਦੁਨੀਆ ਭਰ ਵਿੱਚ ਸਰਾਹਿਆ ਗਿਆ।

'ਪਰਿੰਦਾ' (1989): ਵਿਧੂ ਵਿਨੋਦ ਚੋਪੜਾ ਦੀ ਇਸ ਕ੍ਰਾਈਮ ਡਰਾਮਾ ਵਿੱਚ 'ਅੰਨਾ ਸੇਠ' ਦਾ ਕਿਰਦਾਰ ਭਾਰਤੀ ਸਿਨੇਮਾ ਦੇ ਇਤਿਹਾਸ ਦੇ ਸਭ ਤੋਂ ਖ਼ੌਫ਼ਨਾਕ ਅਤੇ ਦਮਦਾਰ ਕਿਰਦਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਕਿਰਦਾਰ ਲਈ ਉਨ੍ਹਾਂ ਨੂੰ ਸਰਵੋਤਮ ਸਹਾਇਕ ਅਦਾਕਾਰ ਦਾ ਰਾਸ਼ਟਰੀ ਪੁਰਸਕਾਰ ਮਿਲਿਆ।

'ਪ੍ਰਹਾਰ: ਦ ਫਾਈਨਲ ਅਟੈਕ' (1991): ਇਸ ਫ਼ਿਲਮ ਰਾਹੀਂ ਉਨ੍ਹਾਂ ਨੇ ਨਿਰਦੇਸ਼ਨ ਦੇ ਖੇਤਰ ਵਿੱਚ ਕਦਮ ਰੱਖਿਆ। ਮੇਜਰ ਪ੍ਰਤਾਪ ਚੌਹਾਨ ਦੇ ਕਿਰਦਾਰ ਲਈ ਉਨ੍ਹਾਂ ਨੇ ਭਾਰਤੀ ਫੌਜ ਨਾਲ ਬਕਾਇਦਾ ਸਖ਼ਤ ਕਮਾਂਡੋ ਸਿਖਲਾਈ ਲਈ ਸੀ।

'ਤਿਰੰਗਾ' (1992): ਰਾਜ ਕੁਮਾਰ ਦੇ ਨਾਲ ਮਿਲ ਕੇ ਬ੍ਰਿਗੇਡੀਅਰ ਸੂਰਿਆਦੇਵ ਸਿੰਘ ਅਤੇ ਇੰਸਪੈਕਟਰ ਸ਼ਿਵਾਜੀਰਾਓ ਵਾਘਲੇ ਦੀ ਜੋੜੀ ਨੇ ਪਰਦੇ 'ਤੇ ਇਤਿਹਾਸ ਰਚ ਦਿੱਤਾ।

'ਕ੍ਰਾਂਤੀਵੀਰ' (1994): ਇਹ ਫ਼ਿਲਮ ਨਾਨਾ ਦੇ ਕਰੀਅਰ ਦਾ ਸਿਖਰ ਸੀ। ਪ੍ਰਤਾਪ ਨਾਰਾਇਣ ਤਿਲਕ ਦੇ ਰੂਪ ਵਿੱਚ ਭ੍ਰਿਸ਼ਟ ਸਿਸਟਮ ਅਤੇ ਫ਼ਿਰਕੂ ਦੰਗਿਆਂ ਖ਼ਿਲਾਫ਼ ਦਿੱਤੇ ਗਏ ਉਨ੍ਹਾਂ ਦੇ ਭਾਵੁਕ ਭਾਸ਼ਣ ਅੱਜ ਵੀ ਲੋਕਾਂ ਦੇ ਜ਼ਿਹਨ ਵਿੱਚ ਗੂੰਜਦੇ ਹਨ। ਇਸ ਲਈ ਉਨ੍ਹਾਂ ਨੂੰ ਸਰਵੋਤਮ ਅਦਾਕਾਰ ਦਾ ਰਾਸ਼ਟਰੀ ਪੁਰਸਕਾਰ ਮਿਲਿਆ।

'ਖ਼ਾਮੋਸ਼ੀ: ਦ ਮਿਊਜ਼ੀਕਲ' (1996): ਇੱਕ ਗੂੰਗੇ-ਬੋਲੇ ਪਿਤਾ ਦਾ ਸੰਵੇਦਨਸ਼ੀਲ ਕਿਰਦਾਰ ਨਿਭਾ ਕੇ ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਉਹ ਬਿਨਾਂ ਬੋਲੇ ਵੀ ਸਿਰਫ਼ ਅੱਖਾਂ ਅਤੇ ਹਾਵ-ਭਾਵਾਂ ਨਾਲ ਰੂਹ ਨੂੰ ਛੂਹ ਸਕਦੇ ਹਨ।

'ਅਗਨੀਸਾਕਸ਼ੀ' (1996): ਇੱਕ ਮਾਨਸਿਕ ਤੌਰ 'ਤੇ ਅਸਥਿਰ ਅਤੇ ਸ਼ੱਕੀ ਪਤੀ ਦੀ ਭੂਮਿਕਾ ਨਿਭਾ ਕੇ ਉਨ੍ਹਾਂ ਨੇ ਆਪਣੀ ਅਦਾਕਾਰੀ ਦਾ ਤੀਜਾ ਰਾਸ਼ਟਰੀ ਪੁਰਸਕਾਰ ਜਿੱਤਿਆ।

'ਅਬ ਤੱਕ ਛੱਪਨ' (2004): ਐਨਕਾਊਂਟਰ ਸਪੈਸ਼ਲਿਸਟ ਦਯਾ ਨਾਇਕ 'ਤੇ ਆਧਾਰਿਤ ਸਾਧੂ ਅਗਾਸ਼ੇ ਦਾ ਸੰਜਮੀ ਤੇ ਗੰਭੀਰ ਕਿਰਦਾਰ ਨਿਭਾ ਕੇ ਉਨ੍ਹਾਂ ਨੇ ਯਥਾਰਥਵਾਦੀ ਸਿਨੇਮਾ ਦੀ ਨਵੀਂ ਮਿਸਾਲ ਕਾਇਮ ਕੀਤੀ।

ਕਾਮੇਡੀ ਵਿੱਚ ਧਮਾਕਾ ('ਵੈਲਕਮ', 'ਰਾਜਨੀਤੀ'): 'ਵੈਲਕਮ' (2007) ਵਿੱਚ 'ਉਦੈ ਸ਼ੈੱਟੀ' ਦਾ ਹਾਸੋਹੀਣਾ ਕਿਰਦਾਰ ਅਤੇ 'ਰਾਜਨੀਤੀ' (2010) ਵਿੱਚ ਚਾਣਕਿਆ ਨੀਤੀ ਵਾਲਾ ਕਿਰਦਾਰ ਉਨ੍ਹਾਂ ਦੀ ਬਹੁਪੱਖੀ ਪ੍ਰਤਿਭਾ ਦਾ ਸਬੂਤ ਸਨ।

'ਨਟਸਮਰਾਟ' (2016): ਮਰਾਠੀ ਸਿਨੇਮਾ ਦੀ ਇਹ ਫ਼ਿਲਮ ਨਾਨਾ ਦੇ ਜੀਵਨ ਦਾ ਸ਼ਾਹਕਾਰ ਮੰਨੀ ਜਾਂਦੀ ਹੈ। ਇੱਕ ਸੇਵਾਮੁਕਤ ਰੰਗਮੰਚ ਅਦਾਕਾਰ ਗਣਪਤਰਾਓ ਬੇਲਵਲਕਰ ਦੇ ਦਰਦ, ਅਲੱਗ-ਥਲੱਗਤਾ ਅਤੇ ਟੁੱਟਣ ਦੀ ਕਹਾਣੀ ਨੂੰ ਉਨ੍ਹਾਂ ਨੇ ਜਿਸ ਸ਼ਿੱਦਤ ਨਾਲ ਜੀਵਿਆ, ਉਸਨੇ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ।

**ਸਨਮਾਨ ਅਤੇ ਉਪਲਬਧੀਆਂ**

ਨਾਨਾ ਪਾਟੇਕਰ ਭਾਰਤੀ ਸਿਨੇਮਾ ਦੇ ਇਕਲੌਤੇ ਅਜਿਹੇ ਅਦਾਕਾਰਾਂ ਵਿੱਚੋਂ ਰਹੇ ਜਿਨ੍ਹਾਂ ਨੇ ਫ਼ਿਲਮਫ਼ੇਅਰ ਵਿੱਚ ਬੈਸਟ ਐਕਟਰ, ਬੈਸਟ ਸਪੋਰਟਿੰਗ ਐਕਟਰ ਅਤੇ ਬੈਸਟ ਵਿਲੇਨ—ਤਿੰਨੇ ਸ਼੍ਰੇਣੀਆਂ ਵਿੱਚ ਪੁਰਸਕਾਰ ਜਿੱਤੇ। ਉਨ੍ਹਾਂ ਨੂੰ ਤਿੰਨ ਰਾਸ਼ਟਰੀ ਫ਼ਿਲਮ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਅਤੇ ਭਾਰਤ ਸਰਕਾਰ ਵੱਲੋਂ ਦੇਸ਼ ਦੇ ਚੌਥੇ ਸਰਵਉੱਚ ਨਾਗਰਿਕ ਸਨਮਾਨ 'ਪਦਮ ਸ਼੍ਰੀ' (2013) ਨਾਲ ਸਨਮਾਨਿਤ ਕੀਤਾ ਗਿਆ।

**ਅਦਾਕਾਰੀ ਤੋਂ ਪਰ੍ਹੇ: ਕਿਸਾਨਾਂ ਦਾ ਮਸੀਹਾ ਅਤੇ 'ਨਾਮ ਫਾਊਂਡੇਸ਼ਨ'**

ਨਾਨਾ ਪਾਟੇਕਰ ਸਿਰਫ਼ ਪਰਦੇ ਦੇ ਹੀ ਨਾਇਕ ਨਹੀਂ ਸਨ, ਸਗੋਂ ਅਸਲ ਜ਼ਿੰਦਗੀ ਵਿੱਚ ਵੀ ਲੋਕਾਂ ਦੇ ਦਿਲਾਂ ਦੇ ਬਾਦਸ਼ਾਹ ਸਨ। ਜਦੋਂ ਮਹਾਰਾਸ਼ਟਰ ਵਿੱਚ ਸੋਕੇ ਕਾਰਨ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਸਨ, ਤਾਂ ਨਾਨਾ ਆਪਣਾ ਆਰਾਮ ਛੱਡ ਕੇ ਪਿੰਡਾਂ ਵਿੱਚ ਪਹੁੰਚੇ। ਉਨ੍ਹਾਂ ਨੇ ਮਕਰੰਦ ਅਨਾਸਪੁਰੇ ਨਾਲ ਮਿਲ ਕੇ 'ਨਾਮ ਫਾਊਂਡੇਸ਼ਨ' (Naam Foundation) ਦੀ ਸਥਾਪਨਾ ਕੀਤੀ।

ਇਸ ਸੰਸਥਾ ਰਾਹੀਂ ਉਨ੍ਹਾਂ ਨੇ ਸੈਂਕੜੇ ਪਿੰਡਾਂ ਵਿੱਚ ਨਦੀਆਂ ਨੂੰ ਡੂੰਘਾ ਕਰਵਾਇਆ, ਪਾਣੀ ਦੀ ਸੰਭਾਲ ਦੇ ਪ੍ਰੋਜੈਕਟ ਲਗਾਏ ਅਤੇ ਖ਼ੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਕਰੋੜਾਂ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ। ਉਹ ਆਪਣੀ ਕਮਾਈ ਦਾ ਵੱਡਾ ਹਿੱਸਾ ਦਾਨ ਕਰ ਦਿੰਦੇ ਸਨ ਅਤੇ ਖ਼ੁਦ ਇੱਕ ਸਾਧਾਰਨ ਜ਼ਿੰਦਗੀ ਜਿਊਣ ਵਿੱਚ ਵਿਸ਼ਵਾਸ ਰੱਖਦੇ ਸਨ।

ਨਾਨਾ ਪਾਟੇਕਰ ਆਪਣੇ ਬੋਲਾਂ, ਆਪਣੀ ਖ਼ੁਦਦਾਰੀ ਅਤੇ ਆਪਣੇ ਨਿਡਰ ਅੰਦਾਜ਼ ਲਈ ਹਮੇਸ਼ਾ ਯਾਦ ਰੱਖੇ ਜਾਣਗੇ। ਉਨ੍ਹਾਂ ਨੇ ਕਦੇ ਵੀ ਸ਼ੋਹਰਤ ਅੱਗੇ ਸਿਰ ਨਹੀਂ ਝੁਕਾਇਆ ਅਤੇ ਜੋ ਸੱਚ ਸੀ, ਉਹੀ ਬੋਲਿਆ। ਉਨ੍ਹਾਂ ਦਾ ਤੁਰ ਜਾਣਾ ਨਾ ਸਿਰਫ਼ ਮਨੋਰੰਜਨ ਜਗਤ ਲਈ, ਸਗੋਂ ਸਮਾਜਿਕ ਸਰੋਕਾਰਾਂ ਨਾਲ ਜੁੜੀ ਦੁਨੀਆ ਲਈ ਵੀ ਇੱਕ ਵੱਡਾ ਘਾਟਾ ਹੈ। ਰੁਪਹਿਲੇ ਪਰਦੇ ਦਾ ਇਹ ਬਾਗ਼ੀ ਅਤੇ ਦਰਵੇਸ਼ ਅਦਾਕਾਰ ਹਮੇਸ਼ਾ ਕਰੋੜਾਂ ਲੋਕਾਂ ਦੇ ਦਿਲਾਂ ਵਿੱਚ ਅਮਰ ਰਹੇਗਾ।

# ਜਲਵਾਯੂ ਤਬਦੀਲੀਆਂ ਤੇ ਭੁੱਖਮਰੀ ਦੀ ਮਾਰ



ਅੱਜ ਕੱਲ੍ਹ ਦੁਨੀਆਂ ਦੇ ਲਗਪਗ ਸਾਰੇ ਹੀ ਦੇਸ਼ ਜਲਵਾਯੂ ਤਬਦੀਲੀਆਂ ਕਾਰਨ ਬਹੁਤ ਸਾਰੇ ਵਾਤਾਵਰਨ 'ਚ ਵਿਗਾੜਾਂ ਦਾ ਅਨੁਭਵ ਕਰ ਰਹੇ ਹਨ ਅਤੇ ਆਉਣ ਵਾਲੇ ਸਮੇਂ 'ਚ ਇਹਨਾਂ ਦੇ ਪ੍ਰਭਾਵ ਹੋਰ ਵੀ ਗਹਿਰੇ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਦੁਨੀਆਂ ਦੇ ਸਾਰੇ ਦੇਸ਼ ਤੇ ਦੁਨੀਆਂ ਭਰ ਦੀਆਂ ਅਨੇਕਾਂ ਸੰਸਥਾਵਾਂ ਜਲਵਾਯੂ ਤਬਦੀਲੀਆਂ, ਇਹਨਾਂ ਤਬਦੀਲੀਆਂ ਕਾਰਨ ਹੋਏ ਵਿਗਾੜਾਂ ਤੇ ਪਲੀਤ ਹੋਏ ਵਾਤਾਵਰਣ ਨੂੰ ਬਚਾਉਣ ਲਈ ਬਹੁਤ ਉਪਰਾਲੇ ਤੇ ਜਦੋ-ਜਹਿਦ ਕਰ ਰਹੀਆਂ ਹਨ ਪਰ ਜਲਵਾਯੂ ਤੇ ਵਾਤਾਵਰਣ ਨੂੰ ਸੰਭਾਲਣ ਤੇ ਬਚਾਉਣ ਦੇ ਇਨ੍ਹਾਂ ਉਪਰਾਲਿਆਂ ਤੇ ਜਦੋਜਹਿਦਾ ਨੂੰ ਹੁਣ ਤੱਕ ਬੂਰ ਪੈਂਦਾ ਦਿਖਾਈ ਨਹੀਂ ਦੇ ਰਿਹਾ ਕਿਉਂਕਿ ਕਿਸੇ ਕਿਸਮ ਦੇ ਕਾਰਗਰ ਨਤੀਜੇ ਹਾਲੇ ਤੱਕ ਸਾਹਮਣੇ ਨਹੀਂ ਆਏ ਹਨ। ਇਹ ਜ਼ਰੂਰ ਵੇਖਣ 'ਚ ਆਇਆ ਹੈ ਕਿ ਸੰਸਾਰ ਪੱਧਰ 'ਤੇ ਵਾਤਾਵਰਣ ਤੇ ਜਲਵਾਯੂ 'ਚ ਵਿਗਾੜ ਅਤੇ ਤਬਦੀਲੀਆਂ ਲਗਭਗ ਹਰ ਦੇਸ਼ 'ਚ ਹਰ ਚੀਜ਼ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਖ਼ਾਸਕਰ ਇਹ ਵਿਗਾੜ ਸਾਡੇ ਭੋਜਨ ਪ੍ਰਣਾਲੀਆਂ, ਭਾਵ ਭੋਜਨ ਪੈਦਾ ਕਰਨ ਦੇ ਤਰੀਕਿਆਂ ਤੋਂ ਲੈ ਕੇ ਖ਼ਪਤ ਤੇ ਖੁਰਾਕ ਦੇ ਉਪਰ ਬਹੁਤ ਮਾੜੇ ਪ੍ਰਭਾਵ ਪਾਉਂਦੇ ਸਾਫ਼ ਦਿਖਾਈ ਦੇ ਰਹੇ ਹਨ। ਇਸ ਦਾ ਸਿੱਧਾ ਤੇ ਸਪੱਸ਼ਟ ਮਤਲਬ ਹੈ ਕਿ ਜਿਹੜੇ ਦੇਸ਼ ਮੁੱਖ ਤੌਰ 'ਤੇ ਖੇਤੀਬਾੜੀ ਤੇ ਭੋਜਨ ਪੈਦਾ ਕਰਨ ਲਈ ਸਿੱਧੇ ਤੇ ਅਸਿੱਧੇ ਤੌਰ 'ਤੇ ਨਿਰਭਰ ਹਨ, ਉਹ ਦੇਸ਼ ਇਨ੍ਹਾਂ ਵਿਗਾੜਾਂ ਦੇ ਵਧੇਰੇ ਮਾੜੇ ਪ੍ਰਭਾਵ ਝੱਲ ਰਹੇ ਹਨ ਤੇ ਉਨ੍ਹਾਂ ਨੂੰ ਭਵਿੱਖ 'ਚ ਹੋਰ ਵੀ ਵਧੇਰੇ ਪ੍ਰਭਾਵ ਝੱਲਣੇ ਪੈਣਗੇ। ਇਹ ਇਕ ਮਹੱਤਵਪੂਰਨ ਗੱਲ ਹੈ ਕਿ ਜਲਵਾਯੂ ਤਬਦੀਲੀਆਂ ਤੇ ਵਿਗਾੜਾਂ ਨੂੰ ਗਹਿਰਾ ਕਰਨ 'ਚ ਅਮੀਰ ਦੇਸ਼ਾਂ ਤੇ ਅਮੀਰ ਲੋਕਾਂ ਦਾ ਵਧੇਰੇ ਹਿੱਸਾ ਹੈ ਪਰ ਇਸ ਦਾ ਖਮਿਆਜ਼ਾ ਦੁਨੀਆਂ ਦੇ ਗਰੀਬ ਦੇਸ਼ਾਂ ਅਤੇ ਗਰੀਬ ਲੋਕਾਂ ਨੂੰ ਵਧੇਰੇ ਭੁਗਤਣਾ ਪੈ ਰਿਹਾ ਹੈ ਤੇ ਭਵਿੱਖ 'ਚ ਹੋਰ ਵੀ ਭੁਗਤਣਾ ਪਵੇਗਾ। ਕਿਉਂਕਿ ਜਿਸ ਕਿਸਮ ਦਾ ਦੁਨੀਆਂ ਭਰ 'ਚ ਪਿਛਲੇ ਸਮਿਆਂ 'ਚ ਵਿਕਾਸ ਦੇ ਤਰੀਕੇ ਅਪਣਾ ਕੇ ਵਿਕਾਸ ਕੀਤਾ ਗਿਆ ਹੈ, ਉਸ ਨੇ ਸਿੱਧਾ ਜਲਵਾਯੂ 'ਚ ਪ੍ਰਭਾਵਿਤ ਕੀਤਾ ਹੈ। ਵਿਕਾਸ ਲਈ ਦੁਨੀਆਂ ਭਰ 'ਚ ਕੁਦਰਤੀ ਸੋਮਿਆਂ ਦੀ ਲੋੜ ਤੋਂ ਜ਼ਿਆਦਾ ਵਰਤੋਂ ਜਾਂ ਦੁਰਵਰਤੋਂ ਕੀਤੀ ਗਈ ਹੈ ਤੇ ਕੀਤੀ ਜਾ ਰਹੀ ਹੈ। ਜਿਸ ਨਾਲ ਦਰਿਆਵਾਂ, ਸਮੁੰਦਰਾ, ਪਾਣੀ ਦੇ ਹੋਰ ਸੋਮੇਂ ਗੰਧਲੇ ਤੇ ਪਲੀਤ ਹੋਏ ਹਨ, ਹਵਾ ਦੂਸ਼ਤ ਹੋਈ ਹੈ। ਨਾਲ ਹੀ ਜੰਗਲਾਂ ਦੀ ਵੱਡੇ ਪੱਧਰ 'ਤੇ ਕਟਾਈ ਤੇ ਖੇਤੀਬਾੜੀ ਕਰਨ ਦੇ ਢੰਗ ਤਰੀਕਿਆਂ ਨੇ ਵੀ ਵਾਤਾਵਰਨ ਨੂੰ ਖ਼ਰਾਬ ਕੀਤਾ ਹੈ। ਵਾਤਾਵਰਨ ਦੀ ਸੰਭਾਲ ਦੀ ਅਣਹੋਂਦ ਤੇ ਘਾਟ ਨੇ ਵੀ ਇਸ ਨੂੰ ਹੋਰ ਗਹਿਰਾਇਆਂ ਹੈ।

ਭਾਰਤ ਦੁਨੀਆਂ ਦਾ ਇਕ ਖੇਤੀਬਾੜੀ ਪ੍ਰਧਾਨ, ਵੱਡੀ ਤੇ ਵਧ ਰਹੀ ਅਰਥਵਿਵਸਥਾ ਹੈ, ਜਿਸ ਕੋਲ ਦੁਨੀਆ ਦੀ ਸਭ ਤੋਂ ਵੱਡੀ ਵਾਹੀਯੋਗ/ਖੇਤੀਯੋਗ ਜ਼ਮੀਨੀ ਖੇਤਰ ਹੈ। ਖੇਤੀਬਾੜੀ ਭਾਰਤੀ ਲੋਕਾਂ ਦੀ ਰੋਜ਼ੀ-ਰੋਟੀ ਦਾ ਸਭ ਤੋਂ ਵੱਡਾ ਸਰੋਤ ਹੈ ਤੇ ਖੇਤੀਬਾੜੀ ਖੇਤਰ ਦੇਸ਼ ਦੇ ਕੁੱਲ ਘਰੇਲੂ ਉਤਪਾਦ 'ਚ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਆਜ਼ਾਦੀ ਤੋਂ ਪਹਿਲਾਂ ਤੇ ਆਜ਼ਾਦੀ ਵੇਲੇ ਦੇਸ਼ ਭੋਜਨ ਦੀ ਅਤਿਅੰਤ ਘਾਟ ਵਾਲੇ ਦੇਸ਼ਾਂ 'ਚ ਸ਼ਾਮਲ ਸੀ ਪਰ ਹੌਲੀ-ਹੌਲੀ ਖੇਤੀ ਖੇਤਰ 'ਚ ਸੁਧਾਰਾਂ ਨਾਲ ਖੇਤੀ ਉਤਪਾਦਨ ਅਤੇ ਉਤਪਾਦਕਤਾ 'ਚ ਵਾਧਾ ਹੋਣ ਨਾਲ ਦੇਸ਼ ਖੁਰਾਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਦੇਸ਼ਾਂ 'ਚ ਸ਼ਾਮਲ ਹੋ ਗਿਆ। ਇਸ ਦੇ ਬਾਵਜੂਦ ਵੀ ਦੇਸ਼ 'ਚ ਬੱਚਿਆਂ, ਔਰਤਾਂ ਤੇ ਗਰੀਬਾਂ ਦੀ ਪੌਸ਼ਟਿਕ ਤੇ ਸਹੀ ਗੁਣਵੱਤਾ ਵਾਲੇ ਭੋਜਨ ਤੱਕ ਵਿਆਪਕ ਪਹੁੰਚ ਦੀ ਘਾਟ ਨੇ ਸਿਹਤ-ਸਬੰਧਤ ਸਮੱਸਿਆਵਾਂ ਤੇ ਮੁੱਦਿਆਂ ਨੂੰ ਜਨਮ ਦਿੱਤਾ ਹੈ। ਜਿਵੇਂ ਕਿ ਭਾਰਤ 'ਚ ਦੁਨੀਆ ਦੇ ਸਭ ਤੋਂ ਵੱਧ ਕੁਪੋਸ਼ਿਤ ਬੱਚੇ ਵੇਖਣ ਨੂੰ ਮਿਲਦੇ ਹਨ। ਨਾਲ ਹੀ ਵੱਡੀ ਗਿਣਤੀ 'ਚ ਅਤੀ ਗਰੀਬ ਆਬਾਦੀ ਲਈ ਖੁਰਾਕ ਸੁਰੱਖਿਆ ਵੀ ਯਕੀਨੀ ਨਹੀਂ ਹੈ। ਇਨ੍ਹਾਂ ਸਭ ਦੇ ਵਿਚਕਾਰ, ਜਲਵਾਯੂ ਪਰਿਵਰਤਨ ਦੇ ਵਿਆਪਕ ਮਾੜੇ ਪ੍ਰਭਾਵ ਇਨ੍ਹਾਂ ਅਲਾਮਤਾਂ ਨੂੰ ਹੋਰ ਗਹਿਰਾ ਕਰ ਰਹੇ ਹਨ ਤੇ ਵਧੇਰੇ ਟਿਕਾਊ ਤੇ ਬਰਾਬਰ ਭੋਜਨ ਵੰਡ ਪ੍ਰਣਾਲੀਆਂ 'ਚ ਰੁਕਾਵਟਾ ਵੀ ਖੜ੍ਹੀਆਂ ਕਰ ਰਹੇ ਹਨ। ਇਸ ਸੰਦਰਭ 'ਚ ਦੇਸ਼ 'ਚ ਵਾਤਾਵਰਣ ਤਬਦੀਲੀਆਂ ਦੇ ਵਿਗਾੜਾਂ ਖ਼ਾਸਕਰ ਖੇਤੀ ਜਿਣਸਾਂ ਦੇ ਉਤਪਾਦਨ 'ਚ ਘਾਟ, ਭੁੱਖਮਰੀ ਦੀ ਸਥਿਤੀ ਨੂੰ ਜਾਨਣ ਲਈ ਅਤੇ ਇਹਨਾਂ ਪ੍ਰਭਾਵਾਂ ਨੂੰ ਘਟਾਉਣ ਲਈ, ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇਸਟੀਚਿਊਟ ਦੀਆਂ ਰਿਪੋਰਟਾਂ ਅਤੇ ਇਸ ਸਬੰਧੀ ਹੋਰ ਰਿਪੋਰਟਾਂ ਉੱਤੇ ਨਿਗਾਹ ਮਾਰਨੀ ਚਾਹੀਦੀ ਹੈ ਤਾਂ ਕਿ ਜਲਵਾਯੂ ਤਬਦੀਲੀਆਂ, ਖੇਤੀ ਉਤਪਾਦਨ ਤੇ ਭੁੱਖਮਰੀ ਸਬੰਧੀ ਬਦਲ ਰਹੇ ਹਾਲਾਤਾਂ ਨੂੰ ਸਮਝਿਆ ਜਾ ਸਕੇ।

ਇਹਨਾਂ ਰਿਪੋਰਟਾਂ 'ਚ ਜਲਵਾਯੂ ਤੇ ਵਾਤਾਵਰਣ ਤਬਦੀਲੀਆਂ ਤੇ ਵਿਗਾੜਾਂ ਦੇ ਖੇਤੀ ਖੇਤਰ ਤੇ ਅੰਨ ਸੁਰੱਖਿਆ ਤੇ ਭੁੱਖਮਰੀ ਤੇ ਕੀ ਪ੍ਰਭਾਵ ਪੈਣ ਦੀਆਂ ਪੇਸ਼ਨਗੋਈਆਂ ਕੀਤੀਆਂ ਗਈਆਂ ਹਨ। ਉਥੇ ਹੀ ਇਹਨਾਂ ਵਿਗਾੜਾਂ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਕੀ ਕੀਤਾ ਜਾਵੇ ਦੇ ਵਿਸ਼ੇ 'ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਭ ਤੋਂ ਪਹਿਲਾਂ ਜੇ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਖੇਤੀਬਾੜੀ ਦਾ ਖੇਤਰ ਤੇ ਖੇਤੀ ਜਿਣਸਾਂ ਦੇ ਉਤਪਾਦਨ 'ਤੇ ਜਲਵਾਯੂ ਪਰਿਵਰਤਨ ਦੁਆਰਾ ਸਭ ਤੋਂ ਮਾੜੇ ਤਰੀਕਿਆਂ ਨਾਲ ਪ੍ਰਭਾਵ ਪਾਉਂਦੇ ਨਜ਼ਰ ਪੈਂਦੇ ਹਨ। ਇਹਨਾਂ ਮਾੜੇ ਪ੍ਰਭਾਵਾ 'ਚ ਮੁੱਖ ਤੌਰ 'ਤੇ, ਮਿੱਟੀ ਦੀ ਉਪਜਾਊ ਸ਼ਕਤੀ ਦਾ ਘਟਣਾ, ਖੇਤੀ ਉਪਜ ਦੀ ਉਤਪਾਦਕਤਾ ਘਟਣਾ, ਕੀੜਿਆਂ ਤੇ ਹੋਰ ਹਮਲਾਵਰ ਕਿਸਮਾਂ ਦੇ ਵਧਦੇ ਹੋਏ ਖ਼ਤਰੇ, ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੋਣਾ

ਡਾ. ਕੇਸਰ ਸਿੰਘ ਭੰਗੂ

ਅਤੇ ਖ਼ਤਮ ਹੋ ਜਾਣਾ ਤੇ ਵਪਾਰਕ ਅਤੇ ਹੋਰ ਕੰਮਾਂ ਲਈ ਖਪਤ ਲਈ ਖੇਤੀਬਾੜੀ ਜ਼ਮੀਨ ਦੀ ਵੱਡੇ ਪੱਧਰ ਤੇ ਤਬਦੀਲ ਹੋਣਾ। ਗਲੋਬਲ ਫੂਡ ਪਾਲਿਸੀ ਦੇ ਅੰਦਾਜ਼ਿਆਂ ਅਨੁਸਾਰ ਵਿਸ਼ਵ ਪੱਧਰ 'ਤੇ 2050 ਤੱਕ ਭੋਜਨ ਉਤਪਾਦਨ 'ਚ 8 ਪ੍ਰਤੀਸ਼ਤ ਘੱਟਣ ਦੇ ਖਦਸ਼ੇ ਪ੍ਰਗਟਾਏ ਗਏ ਹਨ। ਭਾਰਤ 'ਚ ਕੁੱਲ ਭੋਜਨ ਉਤਪਾਦਨ 'ਚ 16 ਪ੍ਰਤੀਸ਼ਤ ਦੀ ਕਮੀ ਦਾ ਅਨੁਮਾਨ ਲਗਾਇਆ ਗਿਆ ਹੈ, ਜੋ ਕਿ ਦੱਖਣੀ ਏਸ਼ੀਆਈ ਖੇਤਰ 'ਚ ਸਭ ਤੋਂ ਵੱਧ ਹੈ। ਦੂਜੇ ਦੇਸ਼ਾਂ 'ਚ, ਸੰਯੁਕਤ ਰਾਜ ਅਮਰੀਕਾ ਲਈ ਅਨੁਮਾਨ 34 ਪ੍ਰਤੀਸ਼ਤ, ਆਸਟਰੇਲੀਆ ਲਈ 18 ਪ੍ਰਤੀਸ਼ਤ, ਜਾਪਾਨ 17 ਪ੍ਰਤੀਸ਼ਤ, ਬਰਤਾਨੀਆ ਲਈ 7 ਪ੍ਰਤੀਸ਼ਤ ਅਤੇ ਚੀਨ ਲਈ 5 ਪ੍ਰਤੀਸ਼ਤ ਘੱਟਣ ਦਾ ਅਨੁਮਾਨ ਹੈ। ਇਹਨਾਂ ਅੰਕੜਿਆਂ ਤੋਂ ਸਾਫ਼ ਪਤਾ ਲਗਦਾ ਹੈ ਕਿ ਆਉਣ ਵਾਲੇ ਸਮੇਂ 'ਚ ਖੇਤੀ ਜਿਣਸਾਂ ਦੀ ਪੈਦਾਵਾਰ ਘੱਟਣ ਕਾਰਨ ਦੁਨੀਆਂ 'ਚ ਖੁਰਾਕ ਸੁਰੱਖਿਆ ਨੂੰ ਢਾਹ ਲੱਗੇਗੀ, ਖ਼ਾਸਕਰ ਗਰੀਬ ਲੋਕਾਂ ਤੇ ਗਰੀਬ ਦੇਸ਼ਾਂ 'ਚ ਪੌਸ਼ਟਿਕ ਭੋਜਨ ਤੇ ਲੋੜੀਂਦਾ ਭੋਜਨ ਪਹੁੰਚ ਤੋਂ ਬਾਹਰ ਹੋ ਜਾਵੇਗਾ। ਅਜਿਹੀ ਸਥਿਤੀ 'ਚ ਇਹ ਸੁਭਾਵਕ ਹੈ ਕਿ ਵਪਾਰੀ ਅਤੇ ਕਾਰਪੋਰੇਟ ਘਰਾਣੇ ਆਪਣੇ ਮੁਨਾਫੇ ਲਈ ਖੇਤੀ ਜਿਣਸਾਂ ਦੀ ਜ਼ਖੀਰੇਬਾਜ਼ੀ ਅਤੇ ਕਾਲਾਬਾਜ਼ਾਰੀ ਕਰਨ ਤੋਂ ਸੰਕੋਚ ਨਹੀਂ ਕਰਨਗੇ। ਨਤੀਜੇ ਵਜੋਂ ਸੰਸਾਰ ਪੱਧਰ ਤੇ ਭੁੱਖਮਰੀ ਦੀ ਕਗਾਰ ਤੇ ਖੜ੍ਹੇ ਲੋਕਾਂ ਦੀ ਗਿਣਤੀ 'ਚ ਵਾਧਾ ਸੁਭਾਵਿਕ ਹੈ।

ਅੰਦਾਜ਼ਿਆਂ ਮੁਤਾਬਿਕ 2030 ਤੱਕ ਵਿਸ਼ਵ ਪੱਧਰ 'ਤੇ, ਲਗਭਗ 6.5 ਕਰੋੜ ਹੋਰ ਲੋਕ ਜਲਵਾਯੂ ਪਰਿਵਰਤਨ ਦੇ ਵਿਗਾੜਾਂ ਕਾਰਨ ਭੁੱਖਮਰੀ ਦੇ ਖ਼ਤਰੇ 'ਚ ਚਲੇ ਜਾਣਗੇ। ਆਲਮੀ ਜਲਵਾਯੂ ਤਬਦੀਲੀ-ਪ੍ਰੇਰਿਤ ਭੁੱਖਮਰੀ ਦੇ ਜੋਖਮ 'ਚ ਪਹੁੰਚਣ ਵਾਲੇ ਲੋਕਾਂ ਦੀ ਗਿਣਤੀ 'ਚ ਦੱਖਣੀ ਏਸ਼ੀਆ, ਭਾਰਤ ਸਮੇਤ, ਸਭ ਤੋਂ ਉੱਪਰ ਹੈ। ਸਾਡੇ ਦੇਸ਼ 'ਚ ਸਾਰੀ ਦੁਨੀਆਂ ਤੋਂ ਵੱਧ ਲਗਭਗ 1.7 ਕਰੋੜ ਹੋਰ ਲੋਕ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਜਾਣਗੇ। ਦੂਜੇ ਸਥਾਨ 'ਤੇ ਡੈਮੋਕ੍ਰੇਟਿਕ ਰੀਪਬਲਿਕ ਆਫ ਕਾਂਗੋ 'ਚ 48 ਲੱਖ ਵਾਧੂ ਲੋਕ ਭੁੱਖਮਰੀ ਦੇ ਖ਼ਤਰੇ 'ਚ ਚਲੇ ਜਾਣਗੇ। ਇੱਥੇ ਹੀ ਬਸ ਨਹੀਂ ਇਹ ਵੀ ਅੰਦਾਜ਼ੇ ਲਗਾਏ ਗਏ ਹਨ ਕਿ ਜੇਕਰ ਜਲਵਾਯੂ ਤਬਦੀਲੀਆਂ ਤੇ ਵਿਗਾੜ ਨਹੀਂ ਹੁੰਦੇ ਤਾਂ ਭਾਰਤ 'ਚ 2030 ਤੱਕ ਭੁੱਖਮਰੀ ਦੀ ਕਗਾਰ 'ਤੇ ਖੜ੍ਹੇ ਲੋਕਾਂ ਦੀ ਗਿਣਤੀ 7.39 ਕਰੋੜ ਹੋਵੇਗੀ ਤੇ 2050 ਤੱਕ ਘੱਟ ਕੇ 4.5 ਕਰੋੜ ਹੋ ਜਾਵੇਗੀ। ਜੇਕਰ ਜਲਵਾਯੂ ਤਬਦੀਲੀਆਂ ਤੇ ਵਿਗਾੜ ਇਵੇਂ ਹੀ ਜਾਰੀ ਰਹਿੰਦੇ ਹਨ ਤਾਂ 2030 'ਚ ਭਾਰਤ 'ਚ ਭੁੱਖਮਰੀ ਦੀ ਕਗਾਰ 'ਤੇ ਖੜ੍ਹੇ ਲੋਕਾਂ ਦੀ ਗਿਣਤੀ 9.06 ਕਰੋੜ ਹੋ ਜਾਵੇਗੀ। ਇਹ ਸਪੱਸ਼ਟ ਹੈ ਕਿ ਜਲਵਾਯੂ ਪਰਿਵਰਤਨ ਤੇ ਵਿਗਾੜ ਵਿਸ਼ਵ ਪੱਧਰ 'ਤੇ ਕੁੱਲ ਭੋਜਨ ਉਤਪਾਦਨ 'ਚ ਬਦਲਾਅ ਲਿਆ ਸਕਦੇ ਹਨ। ਨਾਲ ਹੀ ਇਹ ਵਰਨਣਯੋਗ ਹੈ ਕਿ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਲੰਬੇ ਸਮੇਂ ਤੱਕ ਚੱਲਣ ਵਾਲੇ ਹਨ। ਜੇਕਰ ਜਲਵਾਯੂ ਤਬਦੀਲੀਆਂ ਦੇ ਮਾੜੇ ਪ੍ਰਭਾਵਾਂ ਦਾ ਕੋਈ ਹੱਲ ਨਾ ਕੀਤਾ ਗਿਆ ਤਾਂ ਕਰੋੜਾਂ ਲੋਕ ਖ਼ਾਸਕਰ ਗ਼ਰੀਬਾਂ ਨੂੰ ਭੁੱਖਮਰੀ ਤੇ ਮੌਤ ਦੇ ਖ਼ਤਰੇ 'ਚ ਪੈ ਜਾਣਗੇ।

ਗੱਲ ਕਰੀਏ ਤਾਂ ਰਿਪੋਰਟਾਂ ਨੇ ਜਲਵਾਯੂ ਤਬਦੀਲੀਆਂ ਤੇ ਵਿਗਾੜਾਂ ਦੇ ਕੁਝ ਪ੍ਰਮੁੱਖ ਕਾਰਨ ਦੱਸੇ ਹਨ ਤੇ ਉਨ੍ਹਾਂ ਨੂੰ ਠੀਕ ਕਰਨ ਲਈ ਕੁਝ ਸੁਝਾਅ ਵੀ ਦਿੱਤੇ ਹਨ। ਜਲਵਾਯੂ ਪਰਿਵਰਤਨ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਕਾਰਨਾਂ 'ਚ ਮੱਧਮ ਤੇ ਅਤਿਅੰਤ ਤਾਪਮਾਨਾਂ 'ਚ ਵਾਧਾ ਤੇ ਇਸ ਰੁਝਾਨ ਦੇ ਜਾਰੀ ਰਹਿਣ ਦੀ ਉੱਚੀਆਂ ਸੰਭਾਵਨਾਵਾਂ ਹਨ, ਹਿਮਾਲੀਅਨ ਗਲੇਸ਼ੀਅਰਾਂ 'ਚ ਪਿਘਲਣ ਦੀ ਬੇਮਿਸਾਲ ਦਰ ਅਤੇ ਗਰਮੀ ਵਧਣ ਅਤੇ ਵਧੇ ਹੋਏ ਔਸਤ ਵਰਖਾ ਕਾਰਨ ਮੌਨਸੂਨ ਦੀਆ ਤਬਾਹੀ ਵਾਲੀਆਂ ਬਾਰਸ਼ਾਂ ਸ਼ਾਮਲ ਹਨ। ਇਸ ਦੀ ਤਾਜ਼ਾ ਮਿਸਾਲ ਹੁਣੇ ਹੀ ਨੇਪਾਲ 'ਚ ਆਏ ਹੜਾਂ ਦੀ ਹੈ, ਜਿਸ ਕਾਰਨ ਨੇਪਾਲ 'ਚ ਬਹੁਤ ਤਬਾਹੀ ਹੋਈ ਹੈ ਤੇ ਬਹੁਤ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ ਹੈ। ਜਲਵਾਯੂ ਪਰਿਵਰਤਨ ਤੇ ਵਿਗਾੜਾਂ ਦੇ ਇਹ ਖਤਰੇ ਭਵਿੱਖ ਵਿੱਚ ਹੋਰ ਵਧਣ ਅਤੇ ਗਹਿਰੇ ਹੋਣ ਦਾ ਅਨੁਮਾਨ ਹੈ। ਰਿਪੋਰਟਾਂ ਦੇ ਅਨੁਸਾਰ, 2100 ਤੱਕ ਪੂਰੇ ਭਾਰਤ ਵਿੱਚ ਔਸਤ ਤਾਪਮਾਨ 2.4 ਡਿਗਰੀ ਸੈਲਸੀਅਸ ਅਤੇ 4.4 ਡਿਗਰੀ ਸੈਲਸੀਅਸ ਦੇ ਵਿਚਕਾਰ ਵਧਣ ਦਾ ਅਨੁਮਾਨ ਹੈ। ਇਸੇ ਤਰ੍ਹਾਂ, ਭਾਰਤ ਵਿੱਚ 2100 ਤੱਕ ਗਰਮੀ ਦੀਆਂ ਲਹਿਰਾਂ ਵਿੱਚ ਤਿੰਨ ਗੁਣਾ ਜਾਂ ਚਾਰ ਗੁਣਾ ਵਾਧਾ ਹੋਣ ਦਾ ਵੀ ਅਨੁਮਾਨ ਹੈ।

ਜਲਵਾਯੂ ਪਰਿਵਰਤਨ ਤੇ ਵਿਗਾੜਾਂ ਦੇ ਇਹਨਾਂ ਪ੍ਰਭਾਵਾਂ ਦਾ ਅਧਿਐਨ ਕਰਨ ਤੋਂ ਬਾਅਦ, ਰਿਪੋਰਟਾਂ ਇਹਨਾਂ ਪ੍ਰਭਾਵਾਂ ਨੂੰ ਕੁਝ ਘਟਾਉਣ ਵਾਲੇ ਉਪਾਵਾਂ ਦਾ ਪ੍ਰਸਤਾਵ ਵੀ ਕਰਦੀਆਂ ਹਨ। ਫ਼ਸਲੀ ਵੰਨ-ਸੁਵੰਨਤਾ ਨੂੰ ਅਪਣਾਉਣਾ ਸਭ ਤੋਂ ਮਹੱਤਵਪੂਰਨ ਹੱਲ ਸੁਝਾਇਆ ਗਿਆ ਹੈ। ਖੇਤੀਬਾੜੀ 'ਚ ਉਹ ਫ਼ਸਲਾਂ ਬੀਜਣ ਦੀ ਸਲਾਹ ਦਿੱਤੀ ਜਾਂਦੀ ਹੈ, ਜੋ ਜਲਵਾਯੂ 'ਤੇ ਮਾੜੇ ਪ੍ਰਭਾਵ ਨਾ ਪਾਉਂਦੀਆਂ ਹੋਣ। ਨਾਲ ਹੀ ਖੇਤੀਬਾੜੀ ਖੋਜ ਤੇ ਵਿਕਾਸ 'ਚ ਜਨਤਕ ਨਿਵੇਸ਼ ਵਧਾਉਣਾ ਚਾਹੀਦਾ ਹੈ। ਇੱਥੇ ਦੱਸਣਯੋਗ ਹੈ ਕਿ ਭਾਰਤ 'ਚ ਖੇਤੀਬਾੜੀ 'ਚ ਜਨਤਕ ਨਿਵੇਸ਼ ਨਿਗੂਣਾ ਹੈ ਇਸ ਨੂੰ ਵਧਾਉਣਾ ਸਮੇਂ ਦੀ ਲੋੜ ਹੈ। ਖੇਤੀ ਮਸ਼ੀਨੀਕਰਨ ਅਤੇ ਮਿੱਟੀ ਦੀ ਨਮੀ ਦੀ ਸੰਭਾਲ ਨੂੰ ਫੌਰੀ ਅਤੇ ਤਰਜੀਹੀ ਆਧਾਰ 'ਤੇ ਅਪਣਾਉਣਾ ਚਾਹੀਦਾ ਹੈ। ਖਾਦ ਸਬਸਿਡੀਆਂ, ਊਰਜਾ ਨੀਤੀ, ਅਤੇ ਖੇਤੀਬਾੜੀ ਸਹਾਇਤਾ ਵਿਧੀਆਂ 'ਚ ਸੁਧਾਰਾਂ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਭੋਜਨ ਪ੍ਰਣਾਲੀ ਦੇ ਸਹੀ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਨਵੀਆਂ ਸੰਸਥਾਵਾਂ ਦੀ ਸਥਾਪਨਾ ਸਮੇਂ ਦੀ ਲੋੜ ਹੈ ਅਤੇ ਮਹਾਂਮਾਰੀਆਂ ਦੇ ਦੌਰਾਨ ਖੇਤੀਬਾੜੀ ਭੋਜਨ ਪ੍ਰਣਾਲੀਆਂ ਦੁਆਰਾ ਪ੍ਰਦਰਸ਼ਿਤ ਲਚਕਤਾ ਦਾ ਲਾਭ ਉਠਾਉਣਾ ਅਤੇ ਇਸ ਸੈਕਟਰ ਨੂੰ ਵਧੇਰੇ ਸੰਮਲਿਤ, ਟਿਕਾਊ ਅਤੇ ਲਚਕੀਲਾ ਬਣਾਉਣਾ ਬਹੁਤ ਮਹੱਤਵਪੂਰਨ ਹੈ।

# ਕਿਸਾਨਾਂ ਦੀ ਖੱਜਲ-ਖੁਆਰੀ



ਹਰਿਆਣੇ ਵਿੱਚ ਝੋਨੇ ਦੀ ਖ਼ਰੀਦ ਦੀ ਸਮੱਸਿਆ ਸਰਕਾਰੀ ਸਹਾਇਤਾ ਦੇਣ ਲਈ ਵਰਤੀ ਜਾ ਰਹੀ ਤਕਨੀਕ ਦੀ ਕਮਜ਼ੋਰੀ ਨੂੰ ਬੇਪਰਦ ਕਰਦੀ ਹੈ। 'ਮੇਰੀ ਫ਼ਸਲ ਮੇਰਾ ਬਿਓਰਾ' ਪੋਰਟਲ ਦਾ ਮਕਸਦ ਖ਼ਰੀਦ ਨੂੰ ਪਾਰਦਰਸ਼ੀ ਬਣਾਉਣਾ ਅਤੇ ਫ਼ਰਜ਼ੀ ਦਾਅਵਿਆਂ ਨੂੰ ਰੋਕਣਾ ਸੀ, ਪਰ ਜਦੋਂ ਖ਼ਰੀਦ ਦਾ ਕੰਮ ਚੱਲ ਰਿਹਾ ਹੈ ਤਾਂ ਲਗਪਗ 59 ਫ਼ੀਸਦੀ ਫ਼ਸਲੀ ਰਕਬਾ ਅਜਿਹਾ ਹੈ, ਜਿਸ ਦੇ ਵੇਰਵੇ ਆਪਸ ਵਿੱਚ ਮੇਲ ਨਹੀਂ ਸਨ ਖਾ ਰਹੇ ਅਤੇ ਇਸ ਕਾਰਨ ਅਜੇ ਤੱਕ ਇਸ ਦੀ ਤਸਦੀਕ ਨਹੀਂ ਹੋ ਸਕੀ। 22.35 ਲੱਖ ਏਕੜ ਰਕਬੇ ਦੇ ਰਿਕਾਰਡ ਵਿੱਚ ਫ਼ਰਕ ਪਾਇਆ ਗਿਆ ਸੀ, ਜਿਸ ਵਿੱਚੋਂ 28 ਸਤੰਬਰ ਤੱਕ ਸਿਰਫ਼ 9.14 ਲੱਖ ਏਕੜ ਦੀ ਹੀ ਤਸਦੀਕ ਹੋ ਸਕੀ ਹੈ, ਜਿਸ ਨਾਲ ਬਾਕੀ ਬਚੇ ਰਕਬੇ ਦੀ ਤਸਦੀਕ ਦਾ ਕੰਮ ਲਟਕਿਆ ਹੋਇਆ ਹੈ। ਯਮੁਨਾਨਗਰ ਵਿੱਚ ਕਿਸਾਨਾਂ ਨੇ ਇਸ ਗੱਲੋਂ ਰੋਸ ਪ੍ਰਗਟਾਇਆ ਹੈ ਕਿ ਰਜਿਸਟਰਡ ਅਤੇ ਤਸਦੀਕਸ਼ੁਦਾ ਰਕਬੇ ਵਿੱਚ ਫ਼ਰਕ ਕਾਰਨ ਝੋਨੇ ਦੀ ਖ਼ਰੀਦ ਰੁਕੀ ਹੋਈ ਹੈ। ਜਿਹੜੇ ਕਿਸਾਨ ਆਪਣੀ ਫ਼ਸਲ ਵੱਢ ਚੁੱਕੇ ਹਨ, ਉਨ੍ਹਾਂ ਲਈ ਡੇਟਾ ਵਿੱਚ ਆਈ ਇਹ ਖ਼ਰਾਬੀ ਕੋਈ ਛੋਟੀ ਜਿਹੀ ਤਕਨੀਕੀ ਸਮੱਸਿਆ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਆਪਣੀ ਜਿਣਸ ਲੈ ਕੇ ਮੰਡੀਆਂ ਵਿੱਚ ਰੁਲਣਾ ਪੈ ਰਿਹਾ ਹੈ ਜਦੋਂਕਿ ਫ਼ਸਲ ਦੇ ਭਾਅ ਅਤੇ ਭੁਗਤਾਨ ਬਾਰੇ ਅਨਿਸ਼ਚਿਤਤਾ ਬਣੀ ਹੋਈ ਹੈ।

ਸਰਕਾਰ ਕੋਲ ਤਸਦੀਕ ਨੂੰ ਸਖ਼ਤ ਕਰਨ ਦਾ ਜਾਇਜ਼ ਕਾਰਨ ਹੈ। ਰਕਬੇ ਨੂੰ ਵਧਾ ਕੇ ਦਿਖਾਉਣ, ਬਾਸਮਤੀ ਨੂੰ ਗ਼ੈਰ-ਬਾਸਮਤੀ ਝੋਨੇ ਵਜੋਂ ਗ਼ਲਤ ਤਰੀਕੇ ਨਾਲ ਦਰਸਾਉਣ ਅਤੇ ਬੇਨਿਯਮੀ ਖ਼ਰੀਦ ਨੂੰ ਲੈ ਕੇ ਪਹਿਲਾਂ ਹੀ ਚਿੰਤਾਵਾਂ ਪ੍ਰਗਟਾਈਆਂ ਜਾ ਰਹੀਆਂ ਹਨ। ਕੇਂਦਰ ਨੇ ਵੀ ਫ਼ਰਜ਼ੀ ਖ਼ਰੀਦ ਵਿਰੁੱਧ ਸਖ਼ਤ ਸੁਰੱਖਿਆ ਉਪਾਵਾਂ ਦੀ ਮੰਗ ਕੀਤੀ ਹੈ। ਇਸ ਗੱਲ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਸਰਕਾਰੀ ਪੈਸਾ ਸਿਰਫ਼ ਯੋਗ ਉਪਜ 'ਤੇ ਹੀ ਖ਼ਰਚ ਹੋਵੇ। ਫਿਰ ਵੀ ਤਸਦੀਕ ਉਸ ਖ਼ਰੀਦ ਪ੍ਰਣਾਲੀ ਲਈ ਹੀ ਰੁਕਾਵਟ ਨਹੀਂ ਬਣ ਸਕਦੀ, ਜਿਸ ਦੀ ਰੱਖਿਆ ਕਰਨ ਲਈ ਇਸ ਨੂੰ ਬਣਾਇਆ ਗਿਆ ਸੀ। ਇੱਕ ਡਿਜੀਟਲ ਸਿਸਟਮ ਉਦੋਂ ਹੀ ਕਾਰਗਰ ਹੁੰਦਾ ਹੈ ਜਦੋਂ ਇਹ ਖੇਤੀਬਾੜੀ ਲਈ ਲੋੜੀਂਦੀ ਰਫ਼ਤਾਰ ਨਾਲ ਕੰਮ ਕਰੇ। ਰਿਕਾਰਡਾਂ ਦਾ ਮੇਲ ਕਰਨ ਲਈ ਝੋਨਾ ਕਿਸੇ ਪੋਰਟਲ ਦੀ ਅਨਮਿਥੇ ਸਮੇਂ ਤੱਕ ਉਡੀਕ ਨਹੀਂ ਕਰ ਸਕਦਾ। ਸਮਾਂਬੱਧ ਪੜਤਾਲ ਅਤੇ ਜ਼ਿਲ੍ਹਾ ਪੱਧਰ 'ਤੇ ਬਣਾਈਆਂ ਗਈਆਂ ਵਿਸ਼ੇਸ਼ ਟੀਮਾਂ ਰਾਹੀਂ ਬਕਾਇਆ ਪਏ ਮਾਮਲਿਆਂ ਨੂੰ ਨਿਬੇੜਨ ਦੀ ਪਹਿਲਕਦਮੀ ਹੋਣੀ ਚਾਹੀਦੀ ਹੈ। ਜਿੱਥੇ ਕੋਈ ਕਿਸਾਨ ਰਿਕਾਰਡ ਦੇ ਫ਼ਰਕ 'ਤੇ ਇਤਰਾਜ਼ ਕਰਦਾ ਹੈ, ਉੱਥੇ ਸੁਣਵਾਈ ਲਈ ਇੱਕ ਤੇਜ਼ ਅਪੀਲ ਪ੍ਰਣਾਲੀ ਹੋਣੀ ਚਾਹੀਦੀ ਹੈ ਤਾਂ ਜੋ ਅਸਲ ਕਿਸਾਨਾਂ ਨੂੰ ਇੱਕ ਦਫ਼ਤਰ ਤੋਂ ਦੂਜੇ ਦਫ਼ਤਰ ਧੱਕੇ ਖਾਣ ਲਈ ਮਜਬੂਰ ਕੀਤੇ ਬਿਨਾਂ ਉਨ੍ਹਾਂ ਦੇ ਮਾਮਲੇ ਤੁਰੰਤ ਹੱਲ ਕੀਤੇ ਜਾ ਸਕਣ। ਸਰਕਾਰ ਨੂੰ ਬਕਾਇਆ ਅਤੇ ਹੱਲ ਕੀਤੇ ਗਏ ਕੇਸਾਂ ਦਾ ਜ਼ਿਲ੍ਹਾਵਾਰ ਡੇਟਾ ਵੀ ਜਨਤਕ ਕਰਨਾ ਚਾਹੀਦਾ ਹੈ। ਸਰਕਾਰ ਨੂੰ ਫ਼ਰਜ਼ੀ ਖ਼ਰੀਦ ਪ੍ਰਤੀ ਜ਼ਰੂਰ ਚੌਕਸ ਰਹਿਣਾ ਚਾਹੀਦਾ ਹੈ, ਪਰ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਤਸਦੀਕ ਦੇ ਕੰਮ ਵਿੱਚ ਹੋਈ ਦੇਰੀ ਦਾ ਨੁਕਸਾਨ ਅਸਲ ਕਿਸਾਨਾਂ ਨੂੰ ਨਾ ਉਠਾਉਣਾ ਪਵੇ।

# ਡਿਜੀਟਲ ਸਕਰੀਨ ’ਤੇ ਪੰਜਾਬੀ ਦਾ ਭਵਿੱਖ

ਅੱਜ ਤੇਜ਼ੀ ਨਾਲ ਬਦਲਦੀ ਹੋਈ ਸੂਚਨਾ ਤਕਨੀਕ ਦੀ ਇਸ ਕ੍ਰਾਂਤੀ ਦੇ ਨਵੇਂ ਡਿਜੀਟਲ ਯੁੱਗ ਨੇ ਪੰਜਾਬੀ ਭਾਸ਼ਾ ਦੇ ਸਰੂਪ ਨੂੰ ਵੀ ਬਦਲ ਦਿੱਤਾ ਹੈ। ਪਹਿਲਾਂ ਪੰਜਾਬੀ ਦੀ ਤਾਕਤ ਦਾ ਮੁੱਖ ਆਧਾਰ ਕਿਤਾਬਾਂ ਅਤੇ ਅਖ਼ਬਾਰ ਸਨ। ਅੱਜ ਵੀ ਉਹ ਮਹੱਤਵਪੂਰਨ ਹਨ, ਪਰ ਨਵੀਂ ਪੀੜ੍ਹੀ ਪੰਜਾਬੀ ਨੂੰ ਵੀਡੀਓ, ਆਡੀਓ, ਪੌਡਕਾਸਟ, ਰੀਲ, ਸ਼ਾਰਟ ਵੀਡੀਓ ਅਤੇ ਲਾਈਵ ਸਟ੍ਰੀਮ ਰਾਹੀਂ ਤੇਜ਼ੀ ਨਾਲ ਗ੍ਰਹਿਣ ਕਰ ਰਹੀ ਹੈ। ਪਹਿਲਾਂ ਵੀ ਪੰਜਾਬੀ ਭਾਸ਼ਾ ਦੇ ਇਤਿਹਾਸ ਵਿੱਚ ਕਈ ਅਜਿਹੇ ਮੋੜ ਆਏ ਹਨ ਜਿਨ੍ਹਾਂ ਨੇ ਇਸ ਦੇ ਰੂਪ, ਪਸਾਰ ਅਤੇ ਵਰਤੋਂ ਨੂੰ ਬਦਲਿਆ ਹੈ। ਗੁਰਮੁਖੀ ਲਿਪੀ ਦੀ ਸਥਾਪਨਾ ਤੋਂ ਲੈ ਕੇ ਰਵਾਇਤੀ ਛਾਪਾਖਾਨੇ, ਅਖ਼ਬਾਰ, ਰੇਡੀਓ, ਟੈਲੀਵਿਜ਼ਨ ਅਤੇ ਸਿਨੇਮਾ ਤੱਕ ਪੰਜਾਬੀ ਨੇ ਹਰ ਨਵੇਂ ਮਾਧਿਅਮ ਨੂੰ ਆਪਣੇ ਪ੍ਰਗਟਾਵੇ ਦਾ ਸਾਧਨ ਬਣਾਇਆ ਪਰ ਇੰਟਰਨੈੱਟ ਅਤੇ ਹੁਣ ਮਸਨੂਈ ਬੁੱਧੀ (ਏਆਈ) ਦਾ ਆਗਮਨ ਪੰਜਾਬੀ ਦੇ ਸਾਹਮਣੇ ਅਜਿਹੀ ਸੰਭਾਵਨਾ ਲੈ ਕੇ ਆਇਆ ਹੈ ਜਿਸ ਦੀ ਤੁਲਨਾ ਪਿਛਲੇ ਕਿਸੇ ਵੀ ਮਾਧਿਅਮ ਨਾਲ ਕਰਨੀ ਮੁਸ਼ਕਿਲ ਹੈ। ਅੱਜ ਪੰਜਾਬੀ ਸਿਰਫ਼ ਕਾਗਜ਼ ਉੱਤੇ ਛਪਣ ਵਾਲੀ ਅੱਖਰਾਂ ਦੀ ਭਾਸ਼ਾ ਨਹੀਂ ਰਹੀ ਹੈ। ਹੁਣ ਉਹ ਮੋਬਾਈਲ ਦੀ ਸਕ੍ਰੀਨ, ਸੋਸ਼ਲ ਮੀਡੀਆ, ਯੂਟਿਊਬ, ਪੌਡਕਾਸਟ, ਡਿਜੀਟਲ ਅਖ਼ਬਾਰ, ਔਨਲਾਈਨ ਸਿੱਖਿਆ, ਈ-ਕਾਮਰਸ ਅਤੇ ਏ ਆਈ ਦੀ ਦੁਨੀਆ ਵਿੱਚ ਆਪਣੀ ਨਵੀਂ ਥਾਂ ਬਣਾ ਰਹੀ ਹੈ।

ਅੱਜ ਇਹ ਬਦਲਾਅ ਉਸ ਵੇਲੇ ਹੋ ਰਿਹਾ ਹੈ ਜਦੋਂ ਭਾਰਤ ਖ਼ੁਦ ਦੁਨੀਆ ਦੀਆਂ ਸਭ ਤੋਂ ਵੱਡੀਆਂ ਡਿਜੀਟਲ ਮੰਡੀਆਂ ਵਿੱਚੋਂ ਇੱਕ ਬਣ ਚੁੱਕਾ ਹੈ। IAMAI-Kantar ਦੀ 2025 ਦੀ ਰਿਪੋਰਟ ਅਨੁਸਾਰ 2025 ਵਿੱਚ ਭਾਰਤ ਦੇ ਸਰਗਰਮ ਇੰਟਰਨੈੱਟ ਉਪਭੋਗਤਾਵਾਂ ਦੀ ਗਿਣਤੀ 95.8 ਕਰੋੜ ਤੱਕ ਪਹੁੰਚ ਗਈ, ਜਿਨ੍ਹਾਂ ਵਿੱਚ ਲਗਪਗ 54.8 ਕਰੋੜ ਅਰਥਾਤ 57 ਫ਼ੀਸਦੀ ਪੇਂਡੂ ਭਾਰਤ ਨਾਲ ਸਬੰਧਿਤ ਹਨ। ਇਸ ਤੋਂ ਪਹਿਲਾਂ 2024 ਵਿੱਚ 88.6 ਕਰੋੜ ਸਰਗਰਮ ਉਪਭੋਗਤਾ ਦਰਜ ਕੀਤੇ ਗਏ ਸਨ ਅਤੇ ਇਹ ਦੁਨੀਆ ਵਿੱਚ ਸਭ ਤੋਂ ਵੱਧ ਹਨ। ਇਸ ਡਿਜੀਟਲ ਕ੍ਰਾਂਤੀ ਦਾ ਸਭ ਤੋਂ ਮਹੱਤਵਪੂਰਨ ਪੱਖ ਭਾਸ਼ਾ ਹੈ। 2024 ਦੇ IAMAI-Kantar ਅੰਕੜਿਆਂ ਅਨੁਸਾਰ 87 ਕਰੋੜ ਇੰਟਰਨੈੱਟ ਉਪਭੋਗਤਾਵਾਂ ਨੇ ਭਾਰਤੀ ਭਾਸ਼ਾਵਾਂ ਵਿੱਚ ਸਮੱਗਰੀ ਵਰਤੀ ਜੋ ਕੁੱਲ ਇੰਟਰਨੈੱਟ ਉਪਭੋਗਤਾਵਾਂ ਦਾ ਲਗਪਗ 98 ਫ਼ੀਸਦੀ ਹੈ। ਸ਼ਹਿਰੀ ਭਾਰਤ ਵਿੱਚ 57 ਫ਼ੀਸਦੀ ਉਪਭੋਗਤਾ ਅੰਗਰੇਜ਼ੀ ਦੀ ਬਜਾਏ ਭਾਰਤੀ ਭਾਸ਼ਾਵਾਂ ਵਿੱਚ ਇੰਟਰਨੈੱਟ ਸਮੱਗਰੀ ਨੂੰ ਤਰਜੀਹ ਦੇਣ ਦੀ ਗੱਲ ਕਰਦੇ ਹਨ। ਹੁਣ ਭਾਰਤੀ ਭਾਸ਼ਾਵਾਂ ਵਿੱਚ ਵੀਡੀਓ ਦੇਖਣਾ 81 ਫ਼ੀਸਦੀ, ਸੰਗੀਤ ਸੁਣਨਾ 69 ਫ਼ੀਸਦੀ ਅਤੇ ਸੋਸ਼ਲ ਨੈੱਟਵਰਕਿੰਗ 36 ਫ਼ੀਸਦੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ। ਅੱਜ ਇਹ ਅੰਕੜੇ ਪੰਜਾਬੀ ਲਈ ਇੱਕ ਵੱਡਾ ਸੰਦੇਸ਼ ਹਨ। ਹੁਣ ਭਾਸ਼ਾ ਦਾ ਭਵਿੱਖ ਸਿਰਫ਼ ਇਸ ਗੱਲ ਨਾਲ ਨਹੀਂ ਤੈਅ ਹੋਵੇਗਾ ਕਿ ਕਿੰਨੇ ਲੋਕ ਉਸ ਨੂੰ ਬੋਲਦੇ ਹਨ, ਹੁਣ ਇਹ ਇਸ ਗੱਲ ਨਾਲ ਵੀ ਤੈਅ ਹੋਵੇਗਾ ਕਿ ਕਿੰਨਾ ਡਿਜੀਟਲ ਗਿਆਨ ਉਸ ਭਾਸ਼ਾ ਵਿੱਚ ਉਪਲੱਬਧ ਹੈ। ਪੰਜਾਬੀ ਦੀ ਅਸਲ ਤਾਕਤ ਅੱਜ ਭਾਸ਼ਾ ਤੋਂ ਵੱਡਾ ਇਸ ਦਾ ਇੱਕ ਵਿਸ਼ਵ ਭਾਈਚਾਰਾ ਹੈ। ਹੁਣ ਪੰਜਾਬੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਭੂਗੋਲ ਪੰਜਾਬ ਦੀਆਂ ਸਰਹੱਦਾਂ ਨਾਲ ਖ਼ਤਮ ਨਹੀਂ ਹੁੰਦਾ। ਭਾਰਤ ਤੋਂ ਬਾਹਰ ਕੈਨੇਡਾ, ਬਰਤਾਨੀਆ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਖਾੜੀ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਵੱਸਦੇ ਹਨ। ਇਸ ਤੋਂ ਇਲਾਵਾ ਪਾਕਿਸਤਾਨ ਵਿੱਚ ਪੰਜਾਬੀ ਇੱਕ ਵਿਸ਼ਾਲ ਭਾਸ਼ਾਈ ਭਾਈਚਾਰੇ ਦੀ ਭਾਸ਼ਾ ਹੈ, ਭਾਵੇਂ ਉੱਥੇ ਇਸ ਨੂੰ ਲਿਖਣ ਲਈ ਮੁੱਖ ਤੌਰ ’ਤੇ ਸ਼ਾਹਮੁਖੀ ਵਰਤੀ ਜਾਂਦੀ ਹੈ। ਭਾਰਤ ਦੀ 2011 ਦੀ ਜਨਗਣਨਾ ਵਿੱਚ ਪੰਜਾਬੀ ਨੂੰ ਇੱਕ ਵੱਖਰੀ ਮਾਤ ਭਾਸ਼ਾ ਵਜੋਂ ਦਰਜ ਕੀਤਾ ਗਿਆ ਹੈ ਅਤੇ ਦੇਸ਼ ਪੱਧਰੀ ਮਾਤ-ਭਾਸ਼ਾ ਦੇ ਅੰਕੜੇ ਕੇਂਦਰੀ ਜਨਗਣਨਾ ਡੇਟਾਬੇਸ ਵਿੱਚ ਉਪਲਬਧ ਹਨ। ਅਗਲੀ ਪੂਰੀ ਜਨਗਣਨਾ ਦੇ ਅੰਕੜੇ ਆਉਣ ਤੱਕ 2011 ਦੇ ਇਹ ਅੰਕੜੇ ਹੀ ਸਰਕਾਰੀ ਤੌਰ ’ਤੇ ਤੁਲਨਾਤਮਕ ਆਧਾਰ ਹਨ। ਅੱਜ ਇੰਟਰਨੈੱਟ ਨੇ ਇਸ ਵਿਸ਼ਵ ਪੰਜਾਬੀ ਭਾਈਚਾਰੇ ਨੂੰ ਪਹਿਲੀ ਵਾਰ ਇੱਕੋ ਡਿਜੀਟਲ ਮੰਚ ’ਤੇ ਜੋੜ ਦਿੱਤਾ ਹੈ। ਪਹਿਲਾਂ ਪੰਜਾਬ ਦੇ ਕਿਸੇ ਪਿੰਡ ਵਿੱਚ ਹੋਣ ਵਾਲੀ ਘਟਨਾ ਨੂੰ ਵਿਦੇਸ਼ ਵਿੱਚ ਬੈਠੇ ਪੰਜਾਬੀ ਤੱਕ ਪਹੁੰਚਣ ਵਿੱਚ ਦਿਨ ਲੱਗ ਸਕਦੇ ਸਨ। ਅੱਜ ਕਿਸੇ ਪਿੰਡ ਦਾ ਮੇਲਾ, ਕਿਸੇ ਗੁਰਦੁਆਰੇ ਦਾ ਸਮਾਗਮ, ਕਿਸੇ ਕਵੀ ਦੀ ਕਵਿਤਾ, ਕਿਸੇ ਕਿਸਾਨ ਦੀ ਗੱਲ, ਕਿਸੇ ਗਾਇਕ ਦਾ ਗੀਤ ਜਾਂ ਪੰਜਾਬ ਦੀ ਰਾਜਨੀਤੀ ਬਾਰੇ ਕੋਈ ਵੀਡੀਓ ਕੁਝ ਸਕਿੰਟਾਂ ਵਿੱਚ ਹੀ ਦੁਨੀਆ ਭਰ ਦੇ ਪੰਜਾਬੀਆਂ ਤੱਕ ਪਹੁੰਚ ਸਕਦੀ ਹੈ। ਨਵੀਆਂ ਸੂਚਨਾ ਤਕਨੀਕਾਂ ਨਾਲ ਇਹ ਸਿਰਫ਼ ਸੰਚਾਰ ਦੀ ਗਤੀ ਨਹੀਂ ਸਗੋਂ ਇਹ ਪੰਜਾਬੀ




ਦੀ ਭੂਗੋਲਿਕ ਮੁੜ ਰਚਨਾ ਹੈ। ਪਹਿਲਾਂ ਛਪਿਆ ਸਫ਼ਾ ਸੀਮਤ ਸੀ, ਹੁਣ ਡਿਜੀਟਲ ਸਫ਼ਾ ਬੇਹੱਦ ਸੰਭਾਵਨਾਵਾਂ ਭਰਪੂਰ ਹੈ। ਛਪੇ ਹੋਏ ਅਖ਼ਬਾਰ ਦੀ ਆਪਣੀ ਹੱਦ ਹੁੰਦੀ ਹੈ। ਇੱਕ ਕਿਤਾਬ ਤੇ ਇੱਕ ਰਸਾਲੇ ਦੀ ਸਰਕੁਲੇਸ਼ਨ ਹੁੰਦੀ ਹੈ ਪਰ ਡਿਜੀਟਲ ਸਮੱਗਰੀ ਲਈ ਪਾਠਕ ਦੀ ਗਿਣਤੀ ਦੀ ਕੋਈ ਅਜਿਹੀ ਭੌਤਿਕ ਸੀਮਾ ਨਹੀਂ ਹੈ। ਪੰਜਾਬੀ ਵਿਕੀਪੀਡੀਆ ਇਸ ਬਦਲਾਅ ਦਾ ਇੱਕ ਦਿਲਚਸਪ ਉਦਾਹਰਣ ਹੈ। Gurmukhi Punjabi Wikipedia ਦਾ ਡੋਮੇਨ 2002 ਵਿੱਚ ਬਣਿਆ ਅਤੇ 2004 ਵਿੱਚ ਪਹਿਲੇ ਲੇਖ ਲਿਖੇ ਗਏ। 2012 ਵਿੱਚ ਇਸ ਉੱਤੇ ਲਗਪਗ 2,400 ਲੇਖ ਸਨ। ਅੱਜ Wikimedia ਦੇ ਅਧਿਐਨ ਅਨੁਸਾਰ ਇਸ ਵਿੱਚ 33,000 ਤੋਂ ਵੱਧ ਲੇਖ ਹਨ ਅਤੇ ਹਜ਼ਾਰਾਂ ਰਜਿਸਟਰਡ ਉਪਭੋਗਤਾ ਇਸ ਨਾਲ ਜੁੜੇ ਹੋਏ ਹਨ। ਇਸ ਦਾ ਅਰਥ ਇਹ ਹੈ ਕਿ ਪੰਜਾਬੀ ਦਾ ਗਿਆਨ ਹੁਣ ਸਿਰਫ਼ ਲਾਇਬ੍ਰੇਰੀਆਂ ਦੀਆਂ ਅਲਮਾਰੀਆਂ ਵਿੱਚ ਨਹੀਂ ਸਗੋਂ ਇਤਿਹਾਸ, ਭੂਗੋਲ, ਵਿਗਿਆਨ, ਸਾਹਿਤ, ਕਲਾ, ਸ਼ਖ਼ਸੀਅਤਾਂ ਅਤੇ ਹੋਰ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਪੰਜਾਬੀ ਵਿੱਚ ਡਿਜੀਟਲ ਰੂਪ ਵਿੱਚ ਸੰਭਾਲੀ ਜਾ ਰਹੀ ਹੈ।

ਅੱਜ ਹੋਰ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਗਿਆਨ ਨੂੰ ਕੋਈ ਇੱਕ ਸੰਪਾਦਕ ਨਹੀਂ, ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਬੈਠੇ ਲੋਕ ਮਿਲ ਕੇ ਤਿਆਰ ਕਰ ਰਹੇ ਹਨ। ਇਹ ਭਾਸ਼ਾ ਦੀ ਜਮਹੂਰੀ ਗਿਆਨ ਵਿਵਸਥਾ ਦਾ ਨਵਾਂ ਮਾਡਲ ਹੈ। ਹੁਣ ਪੰਜਾਬੀ ਸਿਰਫ਼ ਪੜ੍ਹੀ ਹੀ ਨਹੀਂ ਜਾਂਦੀ, ਸੁਣੀ ਅਤੇ ਦੇਖੀ ਵੀ ਜਾਂਦੀ ਹੈ। ਅੱਜ ਇੱਕ ਪੰਜਾਬੀ ਲੇਖਕ ਆਪਣੀ ਕਵਿਤਾ ਕਿਤਾਬ ਵਿੱਚ ਛਪਵਾਉਣ ਦੇ ਨਾਲ ਯੂਟਿਊਬ ’ਤੇ ਪੜ੍ਹ ਸਕਦਾ ਹੈ। ਇੱਕ ਇਤਿਹਾਸਕਾਰ ਆਪਣਾ ਲੈਕਚਰ ਪੌਡਕਾਸਟ ਬਣਾ ਸਕਦਾ ਹੈ। ਇੱਕ ਅਧਿਆਪਕ ਪੰਜਾਬੀ ਵਿੱਚ ਔਨਲਾਈਨ ਕਲਾਸ ਚਲਾ ਸਕਦਾ ਹੈ। ਇੱਕ ਪੱਤਰਕਾਰ ਆਪਣੇ ਵਿਚਾਰ ਨੂੰ ਅਖ਼ਬਾਰ ਤੋਂ ਇਲਾਵਾ ਵੀਡੀਓ ਅਤੇ ਡਿਜੀਟਲ ਪਲੈਟਫਾਰਮ ਰਾਹੀਂ ਲੱਖਾਂ ਲੋਕਾਂ ਤੱਕ ਪਹੁੰਚਾ ਸਕਦਾ ਹੈ। ਅੱਜ ਇਸ ਬਦਲਾਅ ਨੇ ਪੰਜਾਬੀ ਵਿੱਚ ਬੋਲਣ ਵਾਲੀ ਪੱਤਰਕਾਰੀ ਅਤੇ ਸੁਣਨ ਵਾਲੇ ਸਾਹਿਤ ਲਈ ਵੀ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ।

ਅੱਜ ਪੰਜਾਬੀ ਸਾਹਿਤ ਦੀ ਰਚਨਾ ਲਈ ਇੱਕ ਨਵੀਂ ਦੁਨੀਆ ਪੈਦਾ ਹੋ ਗਈ ਹੈ। ਪੰਜਾਬੀ ਸਾਹਿਤ ਸਾਹਮਣੇ ਡਿਜੀਟਲ ਯੁੱਗ ਦਾ ਸਭ ਤੋਂ ਵੱਡਾ ਮੌਕਾ ਹੈ-ਪੁਰਾਣੀ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਤੇ ਅਣਗਿਣਤ ਰਚਨਾਕਾਰਾਂ ਦੀ ਵਿਰਾਸਤ ਨੂੰ ਡਿਜੀਟਲ ਆਰਕਾਈਵਜ਼ ਰਾਹੀਂ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾ ਸਕਦਾ ਹੈ। ਅੱਜ ਕੋਈ ਲਾਇਬ੍ਰੇਰੀ ਵਿੱਚ ਪੁਰਾਣੀ ਕਿਤਾਬ ਲੱਭਣ ਦੀ ਬਜਾਏ ਮੋਬਾਈਲ ’ਤੇ ਕਿਸੇ ਕਵੀ ਦੀ ਰਚਨਾ ਲੱਭ ਸਕਦਾ ਹੈ, ਪਰ ਇੱਥੇ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ। ਡਿਜੀਟਲ ਰੂਪਾਂਤਰਣ ਸਿਰਫ਼ ਪੀ ਡੀ ਐੱਫ ਬਣਾਉਣ ਦਾ ਨਾਮ ਨਹੀਂ। ਉਸ ਦਾ ਸਹੀ ਪਾਠ, ਸਹੀ ਲੇਖਕ, ਸਹੀ ਸਰੋਤ ਅਤੇ ਕਾਪੀਰਾਈਟ ਦਾ ਸਨਮਾਨ ਵੀ ਓਨਾ ਹੀ ਜ਼ਰੂਰੀ ਹੈ।

ਅੱਜ ਪੰਜਾਬੀ ਪੱਤਰਕਾਰੀ ਦਾ ਨਵਾਂ ਦੌਰ ਹੈ। ਪੰਜਾਬੀ ਪੱਤਰਕਾਰੀ ਲਈ ਇੰਟਰਨੈੱਟ ਵਰਦਾਨ ਵੀ ਹੈ ਅਤੇ ਇਮਤਿਹਾਨ ਵੀ ਹੈ। ਅੱਜ ਪੰਜਾਬੀ ਦੇ ਅਖ਼ਬਾਰਾਂ ਅਤੇ ਨਿਊਜ਼ ਪੋਰਟਲਾਂ ਕੋਲ ਆਪਣੀ ਪਹੁੰਚ ਵਧਾਉਣ ਦਾ ਮੌਕਾ ਹੈ। ਇੱਕ ਖ਼ਬਰ ਸਿਰਫ਼ ਅੰਮ੍ਰਿਤਸਰ, ਲੁਧਿਆਣਾ, ਜਲੰਧਰ ਜਾਂ ਚੰਡੀਗੜ੍ਹ ਤੱਕ ਸੀਮਿਤ ਨਹੀਂ ਰਹਿੰਦੀ। ਉਹ ਟੋਰਾਂਟੋ, ਵੈਨਕੂਵਰ, ਬਰਮਿੰਘਮ, ਨਿਊਯਾਰਕ ਜਾਂ ਮੈਲਬਰਨ ਵਿੱਚ ਬੈਠੇ ਪੰਜਾਬੀਆਂ ਤੱਕ ਵੀ ਸਕਿੰਟ ਵਿੱਚ ਪਹੁੰਚ ਸਕਦੀ ਹੈ ਪਰ ਡਿਜੀਟਲ ਪੱਤਰਕਾਰੀ ਵਿੱਚ ਸਭ ਤੋਂ ਵੱਡੀ ਸਮੱਸਿਆ ਹੈ ਵਿਊਜ਼ ਦੀ ਦੌੜ। ਜਿਹੜੀ ਸੁਰਖ਼ੀ ਉਤੇਜਕ ਹੋਵੇ, ਜਿਹੜੀ ਵੀਡੀਓ ਭਾਵਨਾਵਾਂ ਨੂੰ ਭੜਕਾਏ ਜਾਂ ਜਿਹੜੀ ਗੱਲ ਵਿਵਾਦ ਪੈਦਾ ਕਰੇ, ਉਹ ਤੇਜ਼ੀ ਨਾਲ ਫੈਲ ਸਕਦੀ ਹੈ। ਇਸ ਨਾਲ ਗੰਭੀਰ ਅਤੇ ਤੱਥ ਆਧਾਰਿਤ ਪੱਤਰਕਾਰੀ ਨੂੰ ਨੁਕਸਾਨ ਹੋ ਸਕਦਾ ਹੈ।

ਇਸ ਲਈ ਪੰਜਾਬੀ ਦੀ ਡਿਜੀਟਲ ਪੱਤਰਕਾਰੀ ਨੂੰ ਅਗਲੇ ਪੜਾਅ ਵਿੱਚ ਤੇਜ਼ ਹੋਣ ਦੇ ਨਾਲ-ਨਾਲ ਭਰੋਸੇਯੋਗ ਵੀ ਹੋਣਾ ਪਵੇਗਾ। ਇੰਟਰਨੈੱਟ ਨੇ ਹਰ ਵਿਅਕਤੀ ਨੂੰ ਬੋਲਣ ਦਾ ਮੰਚ ਦਿੱਤਾ ਹੈ, ਪਰ ਪੱਤਰਕਾਰੀ ਦੀ ਅਸਲ ਪਛਾਣ

ਕ੍ਰਿਸ਼ਨ ਕੁਮਾਰ ਰੱਤੂ

ਅਜੇ ਵੀ ਤੱਥ, ਪੜਤਾਲ ਅਤੇ ਜ਼ਿੰਮੇਵਾਰੀ ਹੀ ਰਹੇਗੀ। ਅੱਜ ਡਿਜੀਟਲ ਯੁੱਗ ਨੇ ਪੰਜਾਬੀ ਸਾਹਮਣੇ ਇੱਕ ਹੋਰ ਦਿਲਚਸਪ ਸਵਾਲ ਖੜ੍ਹਾ ਕੀਤਾ ਹੈ- ਗੁਰਮੁਖੀ ਜਾਂ ਰੋਮਨ? ਹੁਣ ਮੋਬਾਈਲ ’ਤੇ ਬਹੁਤ ਸਾਰੇ ਨੌਜਵਾਨ ਪੰਜਾਬੀ ਨੂੰ ਰੋਮਨ ਲਿਪੀ ਵਿੱਚ ਲਿਖਦੇ ਹਨ। ਇਸ ਨੂੰ ਸਿਰਫ਼ ਭਾਸ਼ਾ ਦਾ ਪਤਨ ਕਹਿ ਦੇਣਾ ਠੀਕ ਨਹੀਂ ਹੋਵੇਗਾ। ਇਹ ਡਿਜੀਟਲ ਸੰਚਾਰ ਦਾ ਇੱਕ ਨਵਾਂ ਰੂਪ ਹੈ ਪਰ ਜੇ ਪੰਜਾਬੀ ਦਾ ਭਵਿੱਖ ਸਿਰਫ਼ ਰੋਮਨ ਲਿਪੀ ਵਿੱਚ ਚਲਾ ਗਿਆ ਤਾਂ ਗੁਰਮੁਖੀ ਦੀ ਸਾਹਿਤਕ, ਇਤਿਹਾਸਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਦੂਰੀ ਪੈਦਾ ਹੋ ਸਕਦੀ ਹੈ। ਇਸ ਲਈ ਹੱਲ ਟਕਰਾਅ ਨਹੀਂ, ਸਹਿ-ਅਸਤਿਤਵ ਹੈ। ਰੋਮਨ ਪੰਜਾਬੀ ਨੂੰ ਡਿਜੀਟਲ ਵਰਤੋਂ ਦਾ ਇੱਕ ਰੂਪ ਮੰਨਦੇ ਹੋਏ ਗੁਰਮੁਖੀ ਨੂੰ ਗਿਆਨ, ਸਾਹਿਤ, ਸਿੱਖਿਆ ਅਤੇ ਅਧਿਕਾਰਤ ਡਿਜੀਟਲ ਸਮੱਗਰੀ ਦੀ ਮਜ਼ਬੂਤ ਲਿਪੀ ਬਣਾਈ ਰੱਖਣਾ ਹੋਵੇਗਾ।

ਹੁਣ ਪੰਜਾਬੀ ਦੇ ਭਵਿੱਖ ਦਾ ਸਭ ਤੋਂ ਵੱਡਾ ਮੋੜ ਆਰਟੀਫੀਸ਼ੀਅਲ ਇੰਟੈਲੀਜੈਂਸ ਹੈ। 2024 ਦੇ IAMAI-Kantar ਅਧਿਐਨ ਅਨੁਸਾਰ ਭਾਰਤ ਦੇ 10 ਵਿੱਚੋਂ ਲਗਪਗ 9 ਇੰਟਰਨੈੱਟ ਉਪਭੋਗਤਾ ਏਆਈ-ਸੁਵਿਧਾਵਾਂ ਵਾਲੀਆਂ ਐਪਲੀਕੇਸ਼ਨਾਂ ਨਾਲ ਕਿਸੇ ਨਾ ਕਿਸੇ ਤਰੀਕੇ ਨਾਲ ਸੰਪਰਕ ਕਰ ਚੁੱਕੇ ਸਨ। ਅੱਜ ਇਸ ਦਾ ਪੰਜਾਬੀ ਉੱਤੇ ਪ੍ਰਭਾਵ ਅਸਾਧਾਰਨ ਹੋ ਸਕਦਾ ਹੈ। ਕਲਪਨਾ ਕਰੋ ਕਿ ਇੱਕ ਕਿਸਾਨ ਪੰਜਾਬੀ ਵਿੱਚ ਮੋਬਾਈਲ ਨੂੰ ਪੁੱਛੇ, “ਕੱਲ੍ਹ ਮੇਰੇ ਇਲਾਕੇ ਵਿੱਚ ਮੀਂਹ ਪੈਣ ਦੀ ਕਿੰਨੀ ਸੰਭਾਵਨਾ ਹੈ?” ਅਤੇ ਜਵਾਬ ਪੰਜਾਬੀ ਵਿੱਚ ਮਿਲੇ। ਇੱਕ ਵਿਦਿਆਰਥੀ ਪੰਜਾਬੀ ਵਿੱਚ ਸਵਾਲ ਕਰੇ ਅਤੇ ਏ ਆਈ ਉਸ ਨੂੰ ਸਮਝਾ ਕੇ ਜਵਾਬ ਦੇਵੇ। ਇੱਕ ਬਜ਼ੁਰਗ ਵਿਅਕਤੀ ਟਾਈਪ ਕਰਨ ਦੀ ਬਜਾਏ ਪੰਜਾਬੀ ਵਿੱਚ ਬੋਲੇ ਅਤੇ ਮਸ਼ੀਨ ਉਸ ਦੀ ਗੱਲ ਸਮਝ ਲਵੇ। ਇੱਕ ਪੱਤਰਕਾਰ ਪੰਜਾਬੀ ਇੰਟਰਵਿਊ ਦੀ ਆਵਾਜ਼ ਨੂੰ ਲਿਖਤ ਵਿੱਚ ਬਦਲ ਸਕੇ। ਇੱਕ ਅਧਿਆਪਕ ਪੰਜਾਬੀ ਵਿੱਚ ਪਾਠ ਸਮੱਗਰੀ ਤਿਆਰ ਕਰ ਸਕੇ। ਹੁਣ ਇਹ ਸਿਰਫ਼ ਸੁਵਿਧਾ ਨਹੀਂ, ਇਹ ਭਾਸ਼ਾਈ ਸਮਾਨਤਾ ਵੱਲ ਕਦਮ ਹੋਵੇਗਾ ਪਰ ਇਸ ਲਈ ਏ ਆਈ ਨੂੰ ਪੰਜਾਬੀ ਦਾ ਵੱਡਾ ਅਤੇ ਗੁਣਵੱਤਾਪੂਰਨ ਡੇਟਾ ਚਾਹੀਦਾ ਹੈ। ਸ਼ਬਦਕੋਸ਼, ਵਿਆਕਰਣ, ਸਾਹਿਤ, ਅਖ਼ਬਾਰ, ਲੋਕ ਗੀਤ, ਬੋਲੀ, ਆਡੀਓ ਰਿਕਾਰਡਿੰਗ, ਇਤਿਹਾਸਕ ਦਸਤਾਵੇਜ਼ ਅਤੇ ਆਧੁਨਿਕ ਲਿਖਤ- ਇਹ ਸਭ ਏ ਆਈ ਲਈ ਭਾਸ਼ਾਈ ਸਰੋਤ ਬਣ ਸਕਦੇ ਹਨ। ਅੱਜ ਜਿਹੜੀ ਭਾਸ਼ਾ ਡਿਜੀਟਲ ਡੇਟਾ ਵਿੱਚ ਗ਼ਰੀਬ ਹੋਵੇਗੀ, ਏ ਆਈ ਦੇ ਯੁੱਗ ਵਿੱਚ ਉਹ ਭਾਸ਼ਾ ਵੀ ਪਿੱਛੇ ਰਹਿ ਸਕਦੀ ਹੈ। ਇਸ ਲਈ ਪੰਜਾਬੀ ਦਾ ਭਵਿੱਖ ਹੁਣ ਸਿਰਫ਼ ਸਾਹਿਤਕਾਰਾਂ ਦੀ ਜ਼ਿੰਮੇਵਾਰੀ ਨਹੀਂ। ਇਸ ਵਿੱਚ ਯੂਨੀਵਰਸਿਟੀਆਂ, ਸਰਕਾਰ, ਤਕਨੀਕੀ ਸੰਸਥਾਵਾਂ, ਮੀਡੀਆ, ਉਦਯੋਗ, ਸੌਫਟਵੇਅਰ ਮਾਹਿਰਾਂ ਅਤੇ ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਨੂੰ ਇਕੱਠੇ ਕੰਮ ਕਰਨਾ ਪਵੇਗਾ। ਹੁਣ ਪੰਜਾਬੀ ਲਈ ਡਿਜੀਟਲ ਸ਼ਬਦ ਭੰਡਾਰ ਦੀ ਲੋੜ ਹੈ ਤੇ ਪੰਜਾਬੀ ਲਈ ਆਉਣ ਵਾਲੇ ਸਮੇਂ ਦੀ ਇੱਕ ਵੱਡੀ ਲੋੜ ਇੱਕ ਵਿਸ਼ਾਲ ਡਿਜੀਟਲ ਭਾਸ਼ਾ ਭੰਡਾਰ ਤਿਆਰ ਕਰਨਾ ਹੈ। ਇੱਕ ਅਜਿਹਾ ਭੰਡਾਰ ਜਿਸ ਵਿੱਚ ਪੰਜਾਬੀ ਦੇ ਪੁਰਾਣੇ ਅਤੇ ਨਵੇਂ ਸ਼ਬਦ ਹੋਣ, ਮੁਹਾਵਰੇ ਹੋਣ, ਲੋਕ ਬੋਲੀਆਂ ਹੋਣ, ਮਾਲਵੇ, ਮਾਝੇ ਅਤੇ ਦੁਆਬੇ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਹੋਣ, ਪੇਂਡੂ ਸ਼ਬਦਾਵਲੀ ਹੋਵੇ, ਵਿਗਿਆਨਕ ਤੇ ਤਕਨੀਕੀ ਸ਼ਬਦਾਵਲੀ ਹੋਵੇ ਅਤੇ ਆਧੁਨਿਕ ਪੱਤਰਕਾਰੀ ਦੀ ਭਾਸ਼ਾ ਵੀ ਹੋਵੇ। ਅੱਜ ਜੇ ਕੋਈ ਏ ਆਈ ਸਿਸਟਮ ਪੰਜਾਬੀ ਵਿੱਚ ‘ਖੇਤ’, ‘ਵੱਟ’, ‘ਖਾਲ’, ‘ਮੋਘਾ’, ‘ਟਿੱਬਾ’, ‘ਚੋਅ’, ‘ਸਾਂਝੀ’, ‘ਛੱਪੜ’ ਜਾਂ ‘ਚਰ੍ਹੀ’ ਵਰਗੇ ਸ਼ਬਦਾਂ ਦਾ ਸਹੀ ਸੱਭਿਆਚਾਰਕ ਅਰਥ ਨਹੀਂ ਸਮਝਦਾ ਤਾਂ ਉਹ ਪੰਜਾਬ ਦੀ ਪੂਰੀ ਜ਼ਿੰਦਗੀ ਨੂੰ ਨਹੀਂ ਸਮਝ ਸਕਦਾ। ਇਸ ਲਈ ਪੰਜਾਬੀ ਏ ਆਈ ਦਾ ਅਰਥ ਸਿਰਫ਼ ਪੰਜਾਬੀ ਵਿੱਚ ਅਨੁਵਾਦ ਨਹੀਂ। ਪੰਜਾਬੀ ਏ ਆਈ ਦਾ ਅਰਥ ਪੰਜਾਬੀ ਸਮਾਜ ਦੀ ਯਾਦ, ਭਾਸ਼ਾ ਤੇ ਸੱਭਿਆਚਾਰ ਨੂੰ ਮਸ਼ੀਨ ਦੀ ਸਮਝ ’ਚ ਲਿਆਉਣਾ ਹੈ। ਪੰਜਾਬੀ ਦੇ ਡਿਜੀਟਲ ਭਵਿੱਖ ਵਿੱਚ ਪੰਜਾਬ ਦੀਆਂ ਯੂਨੀਵਰਸਿਟੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋਵੇਗੀ। ਅੱਜ ਪੰਜਾਬੀ ਵਿਕੀਪੀਡੀਆ ਦੀ ਕਹਾਣੀ ਦੱਸਦੀ ਹੈ ਕਿ ਜਦੋਂ ਵਿਦਿਆਰਥੀ ਅਤੇ ਭਾਸ਼ਾ ਪ੍ਰੇਮੀ ਇਕੱਠੇ ਹੁੰਦੇ ਹਨ ਤਾਂ ਡਿਜੀਟਲ ਸਮੱਗਰੀ ਦਾ ਵੱਡਾ ਭੰਡਾਰ ਤਿਆਰ ਹੋ ਸਕਦਾ ਹੈ। ਹੁਣ ਇਸ ਮਾਡਲ ਨੂੰ ਹੋਰ ਵੱਡੇ ਪੱਧਰ ’ਤੇ ਲਿਜਾਣ ਦੀ ਲੋੜ ਹੈ। ਅੱਜ ਪੰਜਾਬੀ ਦਾ ਭਵਿੱਖ ਸਿਰਫ਼ ਪੰਜਾਬ ਵਿੱਚ ਨਹੀਂ ਹੈ। ਇੰਟਰਨੈੱਟ ਨੇ ਇੱਕ ਹੋਰ ਵੱਡੀ ਸੰਭਾਵਨਾ ਪੈਦਾ ਕੀਤੀ ਹੈ- ਵਿਸ਼ਵ ਭਰ ਵਿੱਚ ਪੰਜਾਬੀ ਨੂੰ ਕਰੋੜਾਂ ਲੋਕਾਂ ਤੱਕ ਪਹੁੰਚਾਇਆ ਹੈ। ਹੁਣ ਕੈਨੇਡਾ ਵਿੱਚ ਬੈਠਾ ਪੰਜਾਬੀ ਅਧਿਆਪਕ ਪੰਜਾਬ ਦੇ ਵਿਦਿਆਰਥੀਆਂ ਨੂੰ ਪੜ੍ਹਾ ਸਕਦਾ ਹੈ। ਲੁਧਿਆਣਾ ਦਾ ਡਿਜ਼ਾਈਨਰ ਕੈਲੀਫੋਰਨੀਆ ਦੇ ਗਾਹਕ ਲਈ ਕੰਮ ਕਰ ਸਕਦਾ ਹੈ। ਅੰਮ੍ਰਿਤਸਰ ਦਾ ਲੇਖਕ ਲੰਡਨ ਵਿੱਚ ਆਪਣੀ ਕਿਤਾਬ ਵੇਚ ਸਕਦਾ ਹੈ। ਮੋਗਾ ਦੀ ਕੋਈ ਮਹਿਲਾ ਆਪਣੇ ਘਰ ਬਣੇ ਉਤਪਾਦ ਨੂੰ ਔਨਲਾਈਨ ਦੁਨੀਆ ਭਰ ਵਿੱਚ ਵੇਚ ਸਕਦੀ ਹੈ। ਇਸ ਲਈ ਪੰਜਾਬੀ ਡਿਜੀਟਲ ਮੰਡੀ ਸਿਰਫ਼ ਭਾਸ਼ਾ ਦਾ ਮਾਮਲਾ ਹੀ ਨਹੀਂ, ਇਹ ਇੱਕ ਆਰਥਿਕ ਮੌਕਾ ਵੀ ਹੈ। ਹੁਣ ਪੰਜਾਬੀ ਵਿੱਚ ਈ-ਕਾਮਰਸ, ਸਥਾਨਕ ਕਾਰੋਬਾਰ, ਖੇਤੀਬਾੜੀ ਸਲਾਹ, ਟੂਰਿਜ਼ਮ, ਧਾਰਮਿਕ ਯਾਤਰਾ, ਸੱਭਿਆਚਾਰਕ ਉਤਪਾਦ ਅਤੇ ਸਿੱਖਿਆ ਲਈ ਡਿਜੀਟਲ ਪਲੈਟਫਾਰਮ ਬਣ ਸਕਦੇ ਹਨ, ਪਰ ਇੱਕ ਵੱਡਾ ਖ਼ਤਰਾ ਵੀ ਹੈ- ਪੰਜਾਬੀ ਸਿਰਫ਼ ਮਨੋਰੰਜਨ ਤੇ ਘਟੀਆ ਕਾਮੇਡੀ ਦੀ ਭਾਸ਼ਾ ਨਾ ਬਣ ਜਾਵੇ।

ਅੱਜ ਪੰਜਾਬੀ ਦੀ ਡਿਜੀਟਲ ਮੌਜੂਦਗੀ ਵਧ ਰਹੀ ਹੈ, ਪਰ ਇਸ ਦੀ ਗੁਣਵੱਤਾ ਬਾਰੇ ਗੰਭੀਰ ਸੋਚ ਦੀ ਲੋੜ ਹੈ। ਜੇ ਪੰਜਾਬੀ ਇੰਟਰਨੈੱਟ ਉੱਤੇ ਸਿਰਫ਼ ਗੀਤ, ਮਜ਼ਾਕ, ਰੀਲਾਂ, ਵਿਵਾਦ ਅਤੇ ਛੋਟੀਆਂ ਵੀਡੀਓਜ਼ ਤੱਕ ਸੀਮਿਤ ਰਹਿ ਗਈ ਤਾਂ ਇਸ ਦੀ ਸੰਭਾਵਨਾ ਅਧੂਰੀ ਰਹੇਗੀ। ਕਿਸੇ ਭਾਸ਼ਾ ਦੀ ਅਸਲ ਤਾਕਤ ਉਸ ਦੇ ਮਨੋਰੰਜਨ ਨਾਲ ਨਹੀਂ, ਉਸ ਦੇ ਗਿਆਨ ਨਾਲ ਮਾਪੀ ਜਾਂਦੀ ਹੈ। ਕੀ ਪੰਜਾਬੀ ਵਿੱਚ ਵਿਸ਼ਵ-ਪੱਧਰੀ ਵਿਗਿਆਨਕ ਸਮੱਗਰੀ ਹੈ? ਕੀ ਅੱਜ ਪੰਜਾਬੀ ਵਿੱਚ ਵਿਸ਼ਵ ਇਤਿਹਾਸ, ਅਰਥਸ਼ਾਸਤਰ, ਰਾਜਨੀਤੀ ਅਤੇ ਦਰਸ਼ਨ ਦਾ ਵਿਸ਼ਾਲ ਡਿਜੀਟਲ ਸਾਹਿਤ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਹੀ ਪੰਜਾਬੀ ਦੇ ਡਿਜੀਟਲ ਭਵਿੱਖ ਦੀ ਅਸਲ ਤਸਵੀਰ ਤਿਆਰ ਕਰਨਗੇ।

ਅੱਜ ਪੰਜਾਬੀ ਦੇ ਭਵਿੱਖ ਦਾ ਸਭ ਤੋਂ ਵੱਡਾ ਫ਼ੈਸਲਾ ਨੌਜਵਾਨ ਕਰਨਗੇ। ਅੱਜ ਦੀ ਜੈੱਨ ਜ਼ੀ ਅਤੇ ਆਉਣ ਵਾਲੀ ਜੈੱਨ ਅਲਫਾ ਪੀੜ੍ਹੀ ਪੰਜਾਬੀ ਨੂੰ ਕਿਵੇਂ ਵਰਤੇਗੀ, ਇਹ ਬਹੁਤ ਮਹੱਤਵਪੂਰਨ ਹੈ। ਜੇ ਪੰਜਾਬੀ ਨੂੰ ਸਿਰਫ਼ ਘਰ ਵਿੱਚ ਬੋਲਣ ਦੀ ਭਾਸ਼ਾ ਅਤੇ ਅੰਗਰੇਜ਼ੀ ਨੂੰ ਗਿਆਨ ਤੇ ਰੁਜ਼ਗਾਰ ਦੀ ਭਾਸ਼ਾ ਸਮਝਿਆ ਗਿਆ ਤਾਂ ਡਿਜੀਟਲ ਯੁੱਗ ਵਿੱਚ ਪੰਜਾਬੀ ਦੀ ਭੂਮਿਕਾ ਸੀਮਿਤ ਹੋ ਸਕਦੀ ਹੈ ਪਰ ਜੇ ਨੌਜਵਾਨ ਪੰਜਾਬੀ ਵਿੱਚ ਕੋਡਿੰਗ ਸਿੱਖਣ, ਪੰਜਾਬੀ ਪੌਡਕਾਸਟ ਬਣਾਉਣ, ਵਿਗਿਆਨਕ ਵੀਡੀਓ ਬਣਾਉਣ, ਡਿਜੀਟਲ ਕਾਰੋਬਾਰ ਚਲਾਉਣ ਅਤੇ ਏ ਆਈ ਮਾਡਲਾਂ ਲਈ ਡੇਟਾ ਤਿਆਰ ਕਰਨ ਲੱਗ ਪੈਣ ਤਾਂ ਤਸਵੀਰ ਪੂਰੀ ਤਰ੍ਹਾਂ ਬਦਲ ਸਕਦੀ ਹੈ। ਇੱਥੇ ਇੱਕ ਨਵਾਂ ਵਿਚਾਰ ਪੈਦਾ ਕਰਨਾ ਹੋਵੇਗਾ-ਪੰਜਾਬੀ ਪੁਰਾਣੀ ਭਾਸ਼ਾ ਨਹੀਂ, ਨਵੀਂ ਤਕਨਾਲੋਜੀ ਦੀ ਭਾਸ਼ਾ ਵੀ ਹੋ ਸਕਦੀ ਹੈ। ਹੁਣ ਭਵਿੱਖ ਵਿੱਚ ਪੰਜਾਬੀ ਨੂੰ ਡਿਜੀਟਲ ਤੌਰ ’ਤੇ ਮਜ਼ਬੂਤ ਕਰਨ ਲਈ ਕੁਝ ਵੱਡੇ ਕਦਮ ਲਾਜ਼ਮੀ ਹਨ। ਪਹਿਲਾ, ਪੰਜਾਬੀ ਦੀਆਂ ਪੁਰਾਣੀਆਂ ਕਿਤਾਬਾਂ, ਅਖ਼ਬਾਰਾਂ, ਰਸਾਲਿਆਂ, ਹੱਥ ਲਿਖਤਾਂ ਅਤੇ ਇਤਿਹਾਸਕ ਦਸਤਾਵੇਜ਼ਾਂ ਦਾ ਵੱਡੇ ਪੱਧਰ ’ਤੇ ਡਿਜੀਟਲੀਕਰਨ ਹੋਵੇ। ਦੂਜਾ, ਪੰਜਾਬੀ ਲਈ ਮਿਆਰੀ ਏ ਆਈ ਅਤੇ speech-data ਤਿਆਰ ਕੀਤਾ ਜਾਵੇ। ਤੀਜਾ, ਗੁਰਮੁਖੀ ਲਈ ਵਧੀਆ OCR, speech-to-text ਅਤੇ text-to-speech ਪ੍ਰਣਾਲੀਆਂ ਬਣਾਈਆਂ ਜਾਣ। ਚੌਥਾ, ਸਕੂਲਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਡਿਜੀਟਲ ਸਾਖਰਤਾ ਨੂੰ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ। ਪੰਜਵਾਂ, ਪੰਜਾਬੀ ਵਿੱਚ ਵਿਗਿਆਨ, ਤਕਨਾਲੋਜੀ, ਕਾਨੂੰਨ, ਸਿਹਤ, ਅਰਥਵਿਵਸਥਾ ਅਤੇ ਨਾਗਰਿਕ ਸੇਵਾਵਾਂ ਦੀ ਗੁਣਵੱਤਾ ਵਾਲੀ ਸਮੱਗਰੀ ਵਧਾਈ ਜਾਵੇ। ਛੇਵਾਂ, ਦੁਨੀਆ ਭਰ ਦੇ ਪੰਜਾਬੀ ਭਾਈਚਾਰੇ ਨੂੰ ਇੱਕ ਡਿਜਟਲ ਨੈੱਟਵਰਕ ਵਿੱਚ ਜੋੜਿਆ ਜਾਵੇ ਅਤੇ ਸਭ ਤੋਂ ਵੱਧ- ਪੰਜਾਬੀ ਨੂੰ ਕੇਵਲ ਭਾਵਨਾ ਨਹੀਂ, ਤਕਨਾਲੋਜੀ ਅਤੇ ਗਿਆਨ ਦੀ ਭਾਸ਼ਾ ਬਣਾਉਣ ਦਾ ਸੰਕਲਪ ਲਿਆ ਜਾਵੇ।

ਅੱਜ ਸਾਨੂੰ ਯਾਦ ਰੱਖਣਾ ਹੋਵੇਗਾ ਕਿ ਪੰਜਾਬੀ ਦਾ ਅਗਲਾ ਸਫ਼ਾ ਕਾਗਜ਼ ’ਤੇ ਨਹੀਂ, ਕੋਡ ਵਿੱਚ ਲਿਖਿਆ ਜਾਵੇਗਾ। ਪੰਜਾਬੀ ਦਾ ਇਤਿਹਾਸ ਸਾਨੂੰ ਦੱਸਦਾ ਹੈ ਕਿ ਇਹ ਭਾਸ਼ਾ ਸਮੇਂ ਦੇ ਨਾਲ ਚੱਲਣ ਦੀ ਸਮਰੱਥਾ ਰੱਖਦੀ ਹੈ। ਇਸ ਨੇ ਮੌਖਿਕ ਪਰੰਪਰਾ ਤੋਂ ਲਿਖਤ ਤੱਕ, ਹੱਥ ਲਿਖਤ ਤੋਂ ਛਾਪਾਖਾਨੇ ਤੱਕ ਅਤੇ ਅਖ਼ਬਾਰ ਤੋਂ ਟੈਲੀਵਿਜ਼ਨ ਤੱਕ ਦੀ ਯਾਤਰਾ ਕੀਤੀ ਹੈ। ਹੁਣ ਇਸ ਦੀ ਸਭ ਤੋਂ ਵੱਡੀ ਯਾਤਰਾ ਡਿਜੀਟਲ ਦੁਨੀਆ ਵਿੱਚ ਹੋ ਰਹੀ ਹੈ। ਅੱਜ ਭਾਰਤ ਵਿੱਚ 95.8 ਕਰੋੜ ਇੰਟਰਨੈੱਟ ਉਪਭੋਗਤਾ ਅਤੇ ਉਨ੍ਹਾਂ ਵਿੱਚੋਂ 54.8 ਕਰੋੜ ਪੇਂਡੂ ਉਪਭੋਗਤਾ ਇਹ ਦੱਸਦੇ ਹਨ ਕਿ ਡਿਜੀਟਲ ਭਾਰਤ ਹੁਣ ਸਿਰਫ਼ ਮਹਾਨਗਰਾਂ ਦੀ ਕਹਾਣੀ ਨਹੀਂ। ਜਦੋਂ ਭਾਰਤ ਦੇ 98 ਫ਼ੀਸਦੀ ਇੰਟਰਨੈੱਟ ਉਪਭੋਗਤਾ ਕਿਸੇ ਨਾ ਕਿਸੇ ਰੂਪ ਵਿੱਚ ਭਾਰਤੀ ਭਾਸ਼ਾਵਾਂ ਦੀ ਸਮੱਗਰੀ ਨਾਲ ਜੁੜ ਰਹੇ ਹਨ ਤਾਂ ਪੰਜਾਬੀ ਲਈ ਮੌਕਾ ਵੀ ਵਿਸ਼ਾਲ ਹੈ ਪਰ ਮੌਕਾ ਆਪਣੇ ਆਪ ਭਵਿੱਖ ਨਹੀਂ ਬਣਾਉਂਦਾ। ਭਵਿੱਖ ਬਣਾਉਣਾ ਪੈਂਦਾ ਹੈ।

ਪੰਜਾਬੀ ਦਾ ਭਵਿੱਖ ਉਦੋਂ ਮਜ਼ਬੂਤ ਹੋਵੇਗਾ ਜਦੋਂ ਪੰਜਾਬੀ ਵਿੱਚ ਸਿਰਫ਼ ਹਜ਼ਾਰਾਂ ਨਵੀਆਂ ਰੀਲਾਂ ਨਹੀਂ, ਹਜ਼ਾਰਾਂ ਨਵੇਂ ਗਿਆਨ ਸਰੋਤ ਵੀ ਬਣਨਗੇ; ਜਦੋਂ ਪੰਜਾਬੀ ਸਿਰਫ਼ ਗੀਤ ਸੁਣਨ ਦੀ ਨਹੀਂ, ਵਿਗਿਆਨ ਸਮਝਣ ਦੀ ਭਾਸ਼ਾ ਹੋਵੇਗੀ ਜਦੋਂ ਬੱਚਾ ਪੰਜਾਬੀ ਵਿੱਚ ਏ ਆਈ ਨਾਲ ਗੱਲ ਕਰ ਸਕੇਗਾ, ਜਦੋਂ ਕਿਸਾਨ ਪੰਜਾਬੀ ਵਿੱਚ ਡਿਜੀਟਲ ਸਲਾਹ ਲੈ ਸਕੇਗਾ ਤੇ ਜਦੋਂ ਦੁਨੀਆ ਦੇ ਕਿਸੇ ਕੋਨੇ ਵਿੱਚ ਬੈਠਾ ਪੰਜਾਬੀ ਆਪਣੀ ਮਾਂ ਬੋਲੀ ਵਿੱਚ ਗਿਆਨ ਹਾਸਲ ਕਰ ਸਕੇਗਾ। ਅੱਜ ਪੰਜਾਬੀ ਦਾ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਪੰਜਾਬੀ ਬਚੇਗੀ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਕੀ ਅਸੀਂ ਪੰਜਾਬੀ ਨੂੰ ਆਉਣ ਵਾਲੀ ਡਿਜੀਟਲ ਸੱਭਿਅਤਾ ਦੀਆਂ ਮੁੱਖ ਭਾਸ਼ਾਵਾਂ ਵਿੱਚ ਸ਼ਾਮਲ ਕਰਵਾ ਸਕਾਂਗੇ ਕਿਉਂਕਿ ਪੰਜਾਬੀ ਦਾ ਅਗਲਾ ਸਫ਼ਾ ਹੁਣ ਸਿਰਫ਼ ਛਪੇ ਹੋਏ ਸਫ਼ਿਆਂ ਉੱਤੇ ਨਹੀਂ ਲਿਖਿਆ ਜਾ ਰਿਹਾ। ਅੱਜ ਉਹ ਮੋਬਾਈਲ ਦੀ ਸਕਰੀਨ ਉੱਤੇ, ਡਿਜੀਟਲ ਡੇਟਾ ਵਿੱਚ, ਏਆਈ ਦੀ ਯਾਦ ਵਿੱਚ ਅਤੇ ਦੁਨੀਆ ਭਰ ਦੇ ਪੰਜਾਬੀਆਂ ਦੀਆਂ ਉਂਗਲਾਂ ਨਾਲ ਲਿਖਿਆ ਜਾ ਰਿਹਾ ਹੈ। ਹੁਣ ਇਹ ਸਾਡੇ ਸਮੇਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਕਿ ਇਸ ਡਿਜੀਟਲ ਸਫ਼ੇ ਉੱਤੇ ਪੰਜਾਬੀ ਦੀ ਸਿਰਫ਼ ਮੌਜੂਦਗੀ ਨਾ ਹੋਵੇ- ਉਸ ਦੀ ਆਪਣੀ ਆਵਾਜ਼, ਆਪਣਾ ਗਿਆਨ, ਆਪਣੀ ਲਿਪੀ ਅਤੇ ਆਪਣੀ ਰੂਹ ਵੀ ਮੌਜੂਦ ਹੋਵੇ।

# ਸੰਸਕਾਰ ਤੇ ਅਜੋਕੀ ਨੌਜਵਾਨ ਪੀੜ੍ਹੀ



ਪ੍ਰੋ. ਗੁਰਬਾਜ

ਸੰਸਕਾਰ ਜ਼ਿੰਦਗੀ ਦੇ ਧਰਾਤਲ ਦੇ ਉਹ ਤੌਰ ਤਰੀਕੇ ਤੇ ਚਰਿੱਤਰ ਨਿਰਮਾਣ ਦਾ ਢਾਂਚਾ ਨੇ ਜਿਨ੍ਹਾਂ ਤੋਂ ਬਗੈਰ ਮਨੁੱਖੀ ਜੀਵਨ ਅਧੂਰਾ ਹੈ। ਇਨ੍ਹਾਂ ਦੀ ਜ਼ਿੰਦਗੀ 'ਚ ਓਨੀ ਹੀ ਮਹਾਨਤਾ ਹੈ ਜਿੰਨੀ ਕਿ ਜਿਊਣ ਲਈ ਸਾਹਾਂ ਦੀ। ਸੰਸਕਾਰ ਚਰਿੱਤਰ ਦੇ ਉਹ ਗੁਣ ਹੁੰਦੇ ਹਨ ਜੋ ਇੱਕ ਬੱਚਾ ਆਪਣੇ ਮਾਂ-ਬਾਪ ਤੋਂ ਸਿੱਖਦਾ ਹੈ। ਇਹ ਸੁਤੇ ਸਿੱਧ ਹੀ ਸਾਡੇ ਜੀਵਨ ਦਾ ਅਟੁੱਟ ਅੰਗ ਬਣ ਜਾਂਦੇ ਹਨ ਤੇ ਸਾਰੀ ਉਮਰ ਸਾਡੀ ਸੋਚ ਤੇ ਰਹਿਣੀ-ਬਹਿਣੀ ਦਾ ਪੱਲਾ ਫੜੀ ਰੱਖਦੇ ਹਨ। ਸੰਸਕਾਰਾਂ ਜਾਂ ਸ਼ੁਭ ਗੁਣਾਂ ਦੀ ਅਣਹੋਂਦ ਵਿੱਚ ਆਦਮੀ ਦੀ ਜ਼ਿੰਦਗੀ ਨੀਰਸ ਤੇ ਰੁੱਖੀ ਬਣ ਜਾਂਦੀ ਹੈ। ਜ਼ਿੰਦਗੀ ਕਾਗਜ਼ ਦਾ ਫੁੱਲ ਬਣ ਜਾਂਦੀ ਹੈ ਜੋ ਫੁੱਲ ਤਾਂ ਹੈ, ਪਰ ਉਸ ਵਿੱਚੋਂ ਖੁਸ਼ਬੂ ਮਨਫੀ ਹੋ ਜਾਂਦੀ ਹੈ। ਸੰਸਕਾਰ ਉਹ ਪਛਾਣ ਨੇ ਜਿਸ ਤੋਂ ਮਨੁੱਖ ਦੇ ਸਲੀਕੇ-ਤਰੀਕੇ, ਉਸਾਰੂ ਸੋਚ, ਨਿਮਰਤਾ, ਖਾਨਦਾਨ ਤੇ ਪਾਲਣ ਪੋਸ਼ਣ ਦੀ ਝਲਕ ਮਿਲਦੀ ਹੈ, ਜਿਸ ਨਾਲ ਸਾਹਮਣੇ ਵਾਲੇ ਦਾ ਮਨ ਤੁਹਾਡੀ ਸ਼ਖ਼ਸੀਅਤ ਪ੍ਰਤੀ ਇੱਜ਼ਤ-ਸਤਿਕਾਰ ਨਾਲ ਗਦ ਗਦ ਹੋ ਉੱਠਦਾ ਹੈ।

ਸੰਸਾਕਾਰਾਂ ਵਿਹੂਣੀ ਜ਼ਿੰਦਗੀ ਉਸ ਬੇੜੀ ਦੀ ਤਰ੍ਹਾਂ ਹੈ ਜਿਸ ਦਾ ਕੋਈ ਮਲਾਹ ਨਹੀਂ ਹੁੰਦਾ, ਅਜਿਹਾ ਬਾਗ਼ ਜਿਸ ਦਾ ਕੋਈ ਮਾਲੀ ਨਾ ਹੋਵੇ ਤੇ ਜਿੱਥੇ ਕੁਰੱਖਤਾ-ਰੁੱਖੇਪਣ ਦੇ ਕੱਖ-ਕੰਡੇ ਤੇ ਖਿਲਾਰਾ ਪਿਆ ਹੋਵੇ। ਅਜੋਕੀ ਪੀੜ੍ਹੀ ਦੀ ਗੱਲ ਕਰੀਏ ਤਾਂ ਜ਼ਿਆਦਾਤਰ ਸਾਨੂੰ ਦੂਰ ਤਾਈਂ ਵੀ ਸੰਸਕਾਰਾਂ-ਤਹਿਜ਼ੀਬ ਦੀ ਝਲਕ ਮੁਸ਼ਕਿਲ ਨਾਲ ਹੀ ਮਿਲਦੀ ਹੈ। ਹਰੇਕ ਚੀਜ਼ ਦੇ ਦੋ ਪੱਖ ਹੁੰਦੇ ਹਨ ਚੰਗਾ ਤੇ ਮਾੜਾ ਵੀ। ਅਜੋਕੇ ਸਮੇਂ ਦੇ ਬਿਜਲਈ ਉਪਕਰਨਾਂ, ਸੋਸ਼ਲ ਮੀਡੀਆ ਦੇ ਸਾਧਨਾਂ ਦੀ ਹੋਂਦ ਨੇ ਬੇਸ਼ੱਕ ਸਾਡਾ ਜੀਵਨ ਸੌਖਾਲਾ ਬਣਾ ਦਿੱਤਾ ਹੈ ਤੇ ਬਾਹਰੀ ਸੱਭਿਆਤਾਵਾਂ ਦੇ ਹਾਣ 'ਤੇ ਲਿਆ ਖੜ੍ਹਾ ਕੀਤਾ ਹੈ, ਨਾਲ ਹੀ ਸਾਡੇ ਜੀਵਨ ਨੂੰ ਨਵੀਆਂ ਸੇਧਾਂ ਵੀ ਬਖ਼ਸ਼ੀਆਂ ਹਨ, ਪਰ ਦੂਜੇ ਪਾਸੇ ਹੀ ਇਸ ਨੇ ਤਹਿਜ਼ੀਬ-ਸੰਸਕਾਰਾਂ ਦੀ ਜਗ ?ਹਾ 'ਤੇ ਨੌਜਵਾਨ ਪੀੜ੍ਹੀ ਨੂੰ ਅੱਥਰੀ ਤੇ ਬੇਮੁਹਾਰੀ ਆਜ਼ਾਦੀ ਵੀ ਦਿੱਤੀ ਹੈ ਜਿਸ ਨਾਲ ਅਜੋਕੀ ਪੀੜ੍ਹੀ ਪੱਛਮੀ ਸੱਭਿਅਤਾ ਤੇ ਮਨ ਦੀ ਆਪਣੀ ਮੌਜ ਤੇ ਬੇਮੁਹਾਰੀ ਲੋਰ ਦਾ ਪੱਲਾ ਫੜੀ ਸੰਸਕਾਰਾਂ-ਤਹਿਜ਼ੀਬ ਦੀਆਂ ਧੱਜੀਆਂ ਉਡਾ ਰਹੀ ਹੈ।

ਤੁਸੀਂ ਅੱਜ ਵਿਰਲੇ ਹੀ ਅਜਿਹੇ ਗੱਭਰੂ ਦੇਖੇ ਹੋਣੇ ਜੋ ਆਪਣੇ ਬਜ਼ੁਰਗਾਂ ਨਾਲ ਗੁਰਦੁਆਰੇ ਜਾਂਦੇ ਹੋਣ ਜਾਂ ਫਿਰ ਸਵੇਰੇ-ਰਾਤ ਨੂੰ ਕੁਝ ਸਮਾਂ ਕੱਢ ਕੇ ਉਨ੍ਹਾਂ ਦੇ ਕੋਲ ਬੈਠ ਕੇ ਦੋ ਬੋਲ ਪਿਆਰ ਦੇ ਬੋਲਣ ਜਾਂ ਸਾਰੇ ਦਿਨ ਦੀ ਬਿਤਾਈ ਜ਼ਿੰਦਗੀ ਬਾਰੇ ਚੰਦ ਬੋਲ ਸਾਂਝੇ ਕਰਦੇ ਹੋਣ। ਉਨ੍ਹਾਂ ਦੇ ਦਵਾ-ਦਾਰੂ, ਸੋਚਾਂ-ਫ਼ਿਕਰਾਂ ਨੂੰ ਵਿਚਾਰਦੇ ਹੋਣ। ਰਿਸ਼ਤੇਦਾਰੀ ਵਿੱਚ ਆਪ ਤੋਂ ਵੱਡੇ ਤੇ ਸਤਿਕਾਰਤ ਵਿਅਕਤੀਆਂ ਨੂੰ ਵੀ ਸਿਰਫ਼ ਸਿਰ ਨਿਵਾ ਕੇ ਮਾੜਾ ਮੋਟਾ ਬੁੱਤਾ ਹੀ ਸਾਰਦੇ ਹਨ, ਪੂਰੀ ਇੱਜ਼ਤ ਤੇ ਮਾਣ ਸਤਿਕਾਰ ਨਾਲ ਹੱਥ ਜੋੜ ਸਤਿ ਸ੍ਰੀ ਅਕਾਲ, ਫਤਿਹ ਬੁਲਾਉਣ ਦੀ ਥਾਂ ਨੌਜਵਾਨ ਪੀੜ੍ਹੀ ਹੈਲੋ, ਹਾਇ ਹੀ ਕਹਿਣ ਤੱਕ ਸੀਮਤ ਰਹਿੰਦੀ ਹੈ।

ਸਾਡੇ ਰੋਜ਼ਾਨਾ ਨਿੱਤ ਪ੍ਰਤੀ ਦਿਨ ਦੇ ਕੰਮ ਚਾਹੇ ਵਧ ਗਏ ਹਨ, ਸਮਾਂ ਵੀ ਜਿਵੇਂ ਆਪਣੇ ਚਾਲੇ ਭੱਜੀ ਜਾ ਰਿਹਾ ਹੈ, ਪਰ ਸਾਨੂੰ ਕਦੀ ਵੀ ਸੰਸਕਾਰਾਂ ਤੇ ਸ਼ੁਭ ਗੁਣਾਂ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਕਿਸੇ ਨਾਲ ਬੋਲੇ ਦੋ ਪਿਆਰ ਦੇ ਸ਼ਬਦ ਵੀ ਕਦੀ-ਕਦੀ ਅੰਤਾਂ ਦਾ ਪਿਆਰ-ਮੋਹ ਬਖ਼ਸ਼ਦੇ ਹਨ ਤੇ ਸਾਹਮਣੇ ਵਾਲੇ ਦੇ ਮਨ 'ਤੇ ਤੁਹਾਡੀ ਵਡਿਆਈ ਤੇ ਸ਼ੁਭ ਸ਼ਖ਼ਸੀਅਤ ਦਾ ਅਸਰ ਛੱਡ ਜਾਂਦੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਆਪਣੀ ਆਜ਼ਾਦੀ ਤੇ ਬੇਮੁਹਾਰੀ ਮਾਨਸਿਕ ਲੋਰ ਵਿੱਚ ਕਿਸੇ ਦੀ ਵੀ ਦਖ਼ਲਅੰਦਾਜ਼ੀ ਤੇ ਅਣਚਾਹੀ ਟੋਕਾਟਾਕੀ ਨੂੰ ਬਰਦਾਸ਼ਤ ਨਹੀਂ ਕਰਦੀ, ਪਰ ਉਹ ਨਹੀਂ ਜਾਣਦੇ ਕਿ ਸਾਡੇ ਵੱਡੇ-ਵਡੇਰੇ ਗੁਣਾ ਤੇ ਤਜਰਬਿਆਂ ਦੀ ਖਾਣ ਜਾਂ ਗੁਥਲੀ ਹਨ, ਪਰ ਫਿਰ ਜਦੋਂ ਅਚਾਨਕ ਜ਼ਿੰਦਗੀ ਦੇ ਤੇਜ਼ ਤੇ ਰੰਗੀਨ ਰਸਤਿਆਂ 'ਤੇ ਚੱਲਦਿਆਂ ਜਦੋਂ ਅੱਲ੍ਹੜ ਉਮਰੇ ਕੋਈ ਗ਼ਲਤੀ ਕਰ ਬੈਠਦੇ ਹਨ ਤਾਂ ਫਿਰ ਆਪਣੇ ਵੱਡੇ ਵਡੇਰਿਆਂ ਦੀਆਂ ਨਸੀਹਤਾਂ ਨੂੰ ਯਾਦ ਕਰ ਕੇ ਝੂਰਦੇ ਤੇ ਰੋਂਦੇ ਹਨ। ਬਾਅਦ ਵਿੱਚ ਅਜਿਹੀ ਭਟਕਣਾ ਤੇ ਪਛਤਾਵੇ ਦਾ ਕੋਈ ਫਾਇਦਾ ਨਹੀਂ ਰਹਿੰਦਾ ਤੇ ਫਿਰ ਉਦਾਸੀਆਂ ਦੀਆਂ ਗਹਿਰੀਆਂ ਖਾਈਆਂ 'ਚ ਜਾ ਕੇ ਨਸ਼ਿਆਂ ਦਾ ਸਹਾਰਾ ਭਾਲਦੇ ਨੇ। ਅਜੋਕੀ ਪੀੜ੍ਹੀ ਪੱਛਮੀ ਫੈਸ਼ਨ ਤੇ ਵੰਨ ਸੁਵੰਨਤਾ ਵਿੱਚ ਇੰਨੀ ਗੁਆਚ ਚੁੱਕੀ ਹੈ ਕਿ ਉਸ ਨੂੰ ਸਿਰਫ਼ ਇਹੀ ਚੰਗਾ ਲੱਗਦਾ ਹੈ ਕਿ ਉਹ ਜੋ ਵੀ ਕਹਿੰਦੇ ਤੇ ਕਰਦੇ ਨੇ ਸਿਰਫ਼ ਉਹੀ ਠੀਕ ਹੈ। ਮਾਂ-ਬਾਪ ਨੂੰ ਅਣਗੌਲਿਆ ਕਰਨਾ ਤੇ ਟਿੱਚ ਜਾਣਨਾ ਤਾਂ ਅੱਜਕੱਲ੍ਹ ਨੌਜਵਾਨ ਪੀੜ੍ਹੀ ਦਾ ਆਮ ਹੀ ਵਰਤਾਰਾ ਹੈ।

ਮੈਨੂੰ ਹਾਸਾ ਵੀ ਆ ਰਿਹਾ ਹੈ ਤੇ ਹੈਰਾਨੀ ਵੀ ਹੁੰਦੀ ਹੈ ਜਦੋਂ ਅੱਜਕੱਲ੍ਹ ਇੱਕ ਗੀਤ ਨੂੰ ਚੈਨਲਾਂ 'ਤੇ ਕਾਫ਼ੀ ਚੱਲਦਾ ਦੇਖਦਾ ਹਾਂ। ਗੀਤ ਦੇ ਬੋਲ ਨੇ 'ਕੁੜੀਆਂ ਨੂੰ ਕੌਫ਼ੀ ਨਿੱਤ ਪੁੱਛਦੈਂ, ਮਾਪਿਆਂ ਨੂੰ ਪੁੱਛਦਾ ਤੂੰ ਪਾਣੀ ਨਾ।' ਅੱਜ ਦੇ ਗੱਭਰੂਆਂ ਕੋਲ ਆਪਣੇ ਦੋਸਤਾਂ ਲਈ ਸਮਾਂ, ਪੈਸਾ, ਖ਼ੁਸ਼ੀ ਤੇ ਚਾਅ ਤਾਂ ਹਨ, ਪਰ ਮਾਪਿਆਂ ਲਈ ਸਮਾਂ ਨਹੀਂ। ਨੌਜਵਾਨ ਪੀੜ੍ਹੀ ਨੂੰ ਉਹ ਸਭ ਕੁਝ ਸੌਖਿਆਂ ਹੀ ਭੁੱਲ ਜਾਂਦਾ ਹੈ ਜੋ ਉਨ੍ਹਾਂ ਨੂੰ ਹਮੇਸ਼ਾ ਪੱਲੇ ਬੰਨ੍ਹ ਕੇ ਰੱਖਣਾ ਚਾਹੀਦਾ ਹੈ ਕਿ ਕਿਵੇਂ ਸਾਡੇ ਮਾਤਾ-ਪਿਤਾ ਨੇ ਉਨ੍ਹਾਂ ਦੇ ਮਹਿੰਗੇ ਕਾਲਜਾਂ-ਯੂਨੀਵਰਸਿਟੀਆਂ ਦੀ ਪੜ੍ਹਾਈ ਕਰਵਾਈ ਹੁੰਦੀ ਹੈ। ਕਿਉਂ ਮਾਤਾ-ਪਿਤਾ ਦਾ ਪਿਆਰ ਤੇ ਲਾਡ ਹਮੇਸ਼ਾ ਦਿਲ ਵਿੱਚ ਸਮਾਇਆ ਨਹੀਂ ਰਹਿੰਦਾ। ਉਹ ਵੇਲਾ ਘੜੀ ਕਿਉਂ ਯਾਦ ਨਹੀ ਰਹਿੰਦਾ ਕਿ ਸਾਡੀ ਕੋਈ ਵੀ ਜ਼ਿੱਦ ਤੇ ਲਾਡ ਪੁਗਾਉਣ ਲਈ ਮਾਪੇ ਕਦੇ ਪਿੱਛੇ ਨਹੀਂ ਹਟਦੇ ਤੇ ਸਾਡਾ ਕੋਈ ਬੋਲ ਪੁਗਾਉਣ ਲਈ ਦਿਨ ਤੋਂ ਰਾਤ ਨਹੀਂ ਹੋਣ ਦਿੰਦੇ। ਅੱਜ ਤਾਂ ਲੱਗਦਾ ਹੈ ਕਿ ਸਰਵਨ ਪੁੱਤ ਵਾਲੀ ਅਸੀਸ ਵੀ ਸਿਰਫ਼ ਕਿਤਾਬਾਂ ਵਿੱਚ ਹੀ ਰਹਿ ਜਾਏਗੀ। ਅੱਜ ਦੀ ਪੀੜ੍ਹੀ ਪੱਛਮੀ ਬਾਣੇ, ਪੱਛਮੀ ਲਾਣੇ ਤੇ ਪੱਛਮੀ ਖਾਣੇ ਦੀ ਸਾਥ-ਸੰਗਤ ਨੂੰ ਖ਼ੂਬ ਮਾਣਦੀ ਹੈ, ਪਰ ਮਾਂ-ਬਾਪ ਦੀ ਖ਼ੁਸ਼ੀ, ਦਵਾ-ਦਾਰੂ ਦਾ ਖ਼ਿਆਲ ਵੀ ਨਹੀਂ ਆਉਂਦਾ।

ਫੈਸ਼ਨਪ੍ਰਸਤੀ, ਨਿਤ ਦੀ ਫਜ਼ੂਲ ਖ਼ਰਚੀ, ਅਮੀਰੀ ਦੀ ਭੇਡਚਾਲ, ਨਸ਼ੇ ਦਾ ਚਸਕਾ, ਮੰਦੀ ਸੰਗਤ ਜਿਹੀਆਂ ਅਲਾਮਤਾਂ ਨਾਲ ਲੜਨ 'ਚ ਅਜੋਕੀ ਪੀੜ੍ਹੀ ਅਸਫਲ ਸਾਬਤ ਹੋ ਰਹੀ ਹੈ। ਸੰਸਕਾਰਾਂ ਦੀ ਦਾਤ ਮਾਤਾ-ਪਿਤਾ ਹੀ ਬੱਚਿਆਂ ਨੂੰ ਦੇ ਸਕਦੇ ਹਨ। ਘਰ ਵਿੱਚ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ ਕਿ ਬੱਚੇ ਉਸ ਮਾਹੌਲ ਤੋਂ ਬਾਹਰ ਨਾ ਜਾ ਸਕਣ। ਮਾਤਾ-ਪਿਤਾ ਨੂੰ ਬਚਪਨ ਤੋਂ ਹੀ ਬੱਚਿਆਂ ਦੇ ਮਨਾਂ 'ਤੇ ਜ਼ਿੰਦਗੀ ਦੀ ਕੋਮਲ, ਸਾਵੀ-ਪੱਧਰੀ ਮਾਨਸਿਕ ਹਾਲਤ 'ਚ ਅਜਿਹੇ ਸੰਸਕਾਰਾਂ ਦੇ ਬੀਜ ਬੋਣੇ ਚਾਹੀਦੇ ਹਨ ਤਾਂ ਕਿ ਅੱਲ੍ਹੜਪੁਣੇ ਤੇ ਜਵਾਨੀ ਦੀ ਸਰਦਲ 'ਤੇ ਪਹੁੰਚਦੇ ਪਹੁੰਚਦੇ ਉਹ ਆਪਣੇ ਮਾਤਾ-ਪਿਤਾ ਤੋਂ ਵਿਰਸੇ ਵਿੱਚ ਮਿਲੇ ਸੰਸਕਾਰਾਂ ਤੇ ਤਹਿਜ਼ੀਬ ਦਾ ਪੱਲਾ ਸਾਰੀ ਉਮਰ ਹੀ ਨਾ ਛੱਡ ਸਕਣ, ਚਾਹੇ ਬੁਰੇ ਵਿਚਾਰਾਂ, ਕੁਸੰਗਤਾਂ ਤੇ ਤਲਖੀਆਂ-ਅਨੁਸ਼ਾਸਨਹੀਣਤਾ ਦੀਆਂ ਤੇਜ਼ ਹਨੇਰੀਆਂ ਵੀ ਕਿੰਨੀਆਂ ਹੀ ਵਗਣ। ਉਹ ਫਿਰ ਵੀ ਇੱਕ ਮਜ਼ਬੂਤ ਤੇ ਡੂੰਘੀਆਂ ਜੜਾਂ ਵਾਲੇ ਸੰਘਣੇ ਵਿਸ਼ਾਲ ਰੁੱਖ ਦੀ ਤਰ੍ਹਾਂ ਡਟੇ ਤੇ ਖੜ੍ਹੇ ਰਹਿਣ।

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

# ਮਾਂ ਦੇ ਹੱਥਾਂ ਨਾਲ ਲਿਪਟੇ ਉਹ ਅੱਠ ਦਿਨ



ਨਵਦੀਪ ਸਿੰਘ ਭੁਨੀਰ

ਜਦੋਂ ਵੀ ਮੈਂ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਮਾਂ ਦਾ ਪਿਆਰ' ਪੜ੍ਹਾ ਰਿਹਾ ਹੁੰਦਾ ਹਾਂ, ਤਾਂ ਅਕਸਰ ਮੇਰਾ ਗਲਾ ਭਰ ਆਉਂਦਾ ਹੈ ਅਤੇ ਹਰਫ਼ਾਂ ਦੀ ਥਾਂ ਮੇਰੀਆਂ ਅੱਖਾਂ ਸਾਹਮਣੇ ਮੇਰੀ ਆਪਣੀ ਜ਼ਿੰਦਗੀ ਦਾ ਉਹ ਸਫ਼ਾ ਉੱਘੜ ਆਉਂਦਾ ਹੈ ਜਿਸ ਉੱਤੇ ਇਕ ਮਾਸੂਮ ਦੀ ਕੁਰਲਾਹਟ ਅਤੇ ਇਕ ਮਾਂ ਦੀ ਬੇਮਿਸਾਲ ਤਪੱਸਿਆ ਉੱਕਰੀ ਹੋਈ ਹੈ। ਗੱਲ ਸਾਲ 2010 ਦੇ ਜਨਵਰੀ ਮਹੀਨੇ ਦੀ ਪੋਹ-ਮਾਘ ਦੀ ਉਸ ਕਾਂਬੇ ਵਾਲੀ ਠੰਢ ਦੀ ਹੈ।

ਸਾਡੇ ਘਰ ਖ਼ੁਸ਼ੀਆਂ ਦੀ ਰੌਣਕ ਸੀ, ਕਿਉਂਕਿ ਮੇਰੇ ਨੌਂ ਮਹੀਨਿਆਂ ਦੇ ਪੁੱਤਰ ਨਵਜੀਤ ਸਿੰਘ ਦੀ ਪਹਿਲੀ ਲੋਹੜੀ ਸੀ। ਮੈਂ ਉਨ੍ਹੀਂ ਦਿਨੀਂ ਬਰੇਟਾ ਵਿਖੇ ਬੀਐੱਡ ਕਰ ਰਿਹਾ ਸਾਂ। ਇਮਤਿਹਾਨ ਸਿਰ 'ਤੇ ਹੋਣ ਕਾਰਨ ਉੱਥੇ ਹੀ ਡੇਰੇ ਲਾਏ ਹੋਏ ਸਨ। ਲੋਹੜੀ ਵਾਲੀ ਸ਼ਾਮ ਸਿਰਫ਼ ਇਕ ਰਾਤ ਦੀ ਖ਼ੁਸ਼ੀ ਸਾਂਝੀ ਕਰਨ ਪਿੰਡ ਪੁੱਜਿਆ ਅਤੇ ਅਗਲੇ ਦਿਨ ਸਵਖਤੇ ਹੀ ਵਾਪਸ ਮੁੜ ਗਿਆ। ਨਵਜੀਤ ਨੂੰ ਇੱਕ-ਦੋ ਦਿਨ ਤੋਂ ਹਲਕਾ ਜਿਹਾ ਤਾਪ ਸੀ ਪਰ ਸਾਨੂੰ ਕੀ ਇਲਮ ਸੀ ਕਿ ਇਹ ਮਾਮੂਲੀ ਜਿਹਾ ਬੁਖ਼ਾਰ ਸਾਡੀ ਜ਼ਿੰਦਗੀ ਦੀ ਸਭ ਤੋਂ ਕਠਿਨ ਅਗਨੀ-ਪ੍ਰੀਖਿਆ ਬਣਨ ਜਾ ਰਿਹਾ ਹੈ।

ਲੋਹੜੀ ਤੋਂ ਅਗਲੇ ਮਾਘੀ ਵਾਲੇ ਦਿਨ ਬੱਚੇ ਦਾ ਪਿੰਡਾ ਭੱਠੀ ਵਾਂਗ ਤਪਣ ਲੱਗਾ। ਉਸ ਦੀ ਮਾਂ ਅਤੇ ਦਾਦੀ ਜੀ ਉਸ ਨੂੰ ਮਾਨਸਾ ਦੇ ਇਕ ਡਾਕਟਰ ਕੋਲੋਂ ਦਵਾਈ ਦਿਵਾ ਲਿਆਏ ਪਰ ਹਾਲਾਤ ਸੁਧਰਨ ਦੀ ਥਾਂ ਹੋਰ ਨਾਜ਼ੁਕ ਹੋ ਗਏ। ਤੇਜ਼ ਤਾਪ ਦੇ ਨਾਲ ਉਲਟੀਆਂ ਅਤੇ ਦਸਤ ਸ਼ੁਰੂ ਹੋ ਗਏ। ਨੌਂ ਮਹੀਨਿਆਂ ਦਾ ਫੁੱਲਾਂ ਵਰਗਾ ਮਾਸੂਮ ਬੱਚਾ ਪਲਾਂ-ਛਿਣਾਂ ਵਿਚ ਨਿਢਾਲ ਹੋ ਕੇ ਹੱਥਾਂ ਵਿਚ ਆ ਗਿਆ। ਉਸ ਦਿਨ ਮੇਰੇ ਵੱਡੇ ਭਾਈ ਘਰ ਹੀ ਸਨ।

ਬੱਚੇ ਦੀ ਹਾਲਤ ਵਿਗੜਦੀ ਦੇਖ ਕੇ ਉਹ ਬਿਨਾਂ ਕੋਈ ਪਲ ਗੁਆਏ ਨਵਜੀਤ ਨੂੰ ਮਾਨਸਾ ਦੇ ਬੱਚਿਆਂ ਵਾਲੇ ਹਸਪਤਾਲ ਲੈ ਗਏ। ਜਾਂਚ ਉਪਰੰਤ ਜਦੋਂ ਡਾਕਟਰ ਨੇ ਇਹ ਦੱਸਿਆ ਕਿ ਬੁਖ਼ਾਰ ਬੱਚੇ ਦੇ ਦਿਮਾਗ ਨੂੰ ਹੋ ਚੁੱਕਾ ਹੈ ਤਾਂ ਪਰਿਵਾਰ ਦੇ ਸਾਹ ਸੂਤੇ ਗਏ। ਉਸ ਨੂੰ ਫ਼ੌਰੀ ਤੌਰ 'ਤੇ ਦਾਖ਼ਲ ਕਰ ਲਿਆ ਗਿਆ। ਇਲਾਜ ਲਈ ਗੁਲੂਕੋਜ਼ ਦੀ ਬੋਤਲ ਲਾਉਣ ਦਾ ਅਮਲ ਸ਼ੁਰੂ ਹੋਇਆ। ਨਵਜੀਤ ਆਪਣੀ ਮਾਂ ਦੀ ਛਾਤੀ ਨਾਲ ਚਿੰਬੜਿਆ ਰੋ ਰਿਹਾ ਸੀ। ਸਟਾਫ ਵੱਲੋਂ ਕਦੇ ਉਸ ਦੀ ਨੰਨ੍ਹੀ ਬਾਂਹ ਅਤੇ ਕਦੇ ਹੱਥ ਦੀਆਂ ਪਤਲੀਆਂ ਨਾੜਾਂ ਟੋਲਣ ਲਈ ਸੂਈਆਂ ਚੋਭੀਆਂ ਜਾਂਦੀਆਂ, ਪਰ ਨਾੜ ਨਾ ਲੱਭਦੀ।

ਉਹ ਮਾਸੂਮ ਜਿੰਦ ਵਾਰ-ਵਾਰ ਸੂਈਆਂ ਨਾਲ ਵਿੰਨ੍ਹੀ ਜਾ ਰਹੀ ਸੀ। ਆਪਣੀਆਂ ਅੱਖਾਂ ਸਾਹਮਣੇ ਆਪਣੇ ਜਿਗਰ ਦੇ ਟੋਟੇ ਨੂੰ ਇੰਜ ਹਾਲੋਂ-ਬੇਹਾਲ ਹੁੰਦਾ ਦੇਖ ਕੇ ਇਕ ਮਾਂ ਦੇ ਕਲੇਜੇ 'ਤੇ ਕੀ ਬੀਤਦੀ ਹੈ-ਇਹ ਜਾਂ ਤਾਂ ਰੱਬ ਜਾਣਦਾ ਹੈ ਜਾਂ ਉਹ ਮਾਂ। ਆਖ਼ਰ ਮਾਂ ਅਤੇ ਦਾਦੀ ਦੀ ਹਾਲਤ ਦੇਖ ਕੇ ਸਟਾਫ ਨੇ ਬੱਚੇ ਨੂੰ ਉਸ ਦੀ ਮਾਂ ਦੀ ਕੁੱਛੜੋਂ ਖੋਹ ਲਿਆ ਅਤੇ ਇਕ ਕਮਰੇ ਅੰਦਰ ਲੈ ਗਏ। ਉਨ੍ਹਾਂ ਹਦਾਇਤ ਦਿੱਤੀ ਕਿ ਤੁਹਾਡੇ 'ਚੋਂ ਕੋਈ ਵੀ ਅੰਦਰ ਨਾ ਆਵੇ।

ਕਮਰੇ ਦੇ ਬੰਦ ਦਰਵਾਜ਼ੇ ਅੱਗੇ ਖਲੋਤੀ ਮਾਂ ਲਈ ਉਹ ਪਲ ਉਸ ਦੀ ਜ਼ਿੰਦਗੀ ਦੇ ਸਭ ਤੋਂ ਦੁਖਦਾਈ ਪਲ ਸਨ। ਕਾਫ਼ੀ ਜਦੋ-ਜਹਿਦ ਤੋਂ ਬਾਅਦ ਆਖ਼ਰਕਾਰ ਨਵਜੀਤ ਦੇ ਪੈਰ ਦੀ ਨਾੜ ਵਿਚ ਸੂਈ ਲੱਗ ਸਕੀ ਅਤੇ ਗੁਲੂਕੋਜ਼ ਚੜ੍ਹਨਾ ਸ਼ੁਰੂ ਹੋਇਆ। ਪਰ ਹੁਣ ਇਕ ਹੋਰ ਮੁਸ਼ਕਲ ਸੀ। ਨਵਜੀਤ ਜ਼ੋਰ-ਜ਼ੋਰ ਦੀ ਲੱਤਾਂ ਮਾਰ ਰਿਹਾ ਸੀ। ਡਰ ਸੀ ਕਿ ਸੂਈ ਨਿਕਲ ਨਾ ਜਾਵੇ। ਸਟਾਫ ਨੇ ਉਸ ਦੀ ਮਾਂ ਨੂੰ ਕਿਹਾ, 'ਇਸ ਦੀ ਲੱਤ ਨੂੰ ਫੜ ਕੇ ਰੱਖਣਾ, ਨਹੀਂ ਤਾਂ ਸੂਈ ਨਿਕਲ ਜਾਵੇਗੀ।' ਬਸ, ਇਹ ਉਹ ਪਲ ਸੀ ਜਦੋਂ ਮਮਤਾ ਇਕ ਅਡੋਲ ਪਹਿਰੇਦਾਰ ਬਣ ਕੇ ਖੜ੍ਹ ਗਈ।

ਇਕ ਘੰਟਾ ਨਹੀਂ, ਇਕ ਦਿਨ ਨਹੀਂ... ਉਹ ਪੂਰੇ ਅੱਠ ਦਿਨ ਅਤੇ ਅੱਠ ਰਾਤਾਂ ਆਪਣੇ ਬੱਚੇ ਦੇ ਪੈਰ ਨੂੰ ਇੰਜ ਕੋਮਲ ਪਰ ਮਜ਼ਬੂਤ ਹੱਥਾਂ ਨਾਲ ਫੜ ਕੇ ਬੈਠੀ ਰਹੀ, ਜਿਵੇਂ ਉਸ ਦੀ ਮੁੱਠੀ ਵਿਚ ਬੱਚੇ ਦੇ ਸਾਹ ਕੈਦ ਹੋਣ। ਉਨ੍ਹਾਂ ਅੱਠਾਂ ਦਿਨਾਂ ਦੌਰਾਨ ਉਸ ਨੂੰ ਨਾ ਖਾਣ-ਪੀਣ ਦੀ ਸੁੱਧ ਰਹੀ, ਨਾ ਸੌਣ ਦੀ ਤੇ ਨਾ ਆਪਣੀ ਸਿਹਤ ਦਾ ਫ਼ਿਕਰ। ਜੇਕਰ ਥਕਾਵਟ ਕਾਰਨ ਕਦੇ ਅੱਖ ਲੱਗਣ ਲੱਗਦੀ, ਤਾਂ ਉਹ ਤ੍ਰਭਕ ਕੇ ਜਾਗ ਪੈਂਦੀ ਕਿ ਕਿਤੇ ਉਸ ਦੀ ਪਕੜ ਢਿੱਲੀ ਨਾ ਪੈ ਜਾਵੇ।

ਮੇਰੇ ਅੰਦਰੂਨੀ ਇਮਤਿਹਾਨ ਚੱਲ ਰਹੇ ਸਨ ਅਤੇ ਪੜ੍ਹਾਈ ਦਾ ਪੂਰਾ ਜ਼ੋਰ ਸੀ, ਇਸ ਲਈ ਮੈਂ ਹਸਪਤਾਲ ਵਿਚ ਰਹਿ ਨਹੀਂ ਸੀ ਸਕਦਾ। ਸਿਰਫ਼ ਚੱਕਰ ਹੀ ਮਾਰ ਸਕਦਾ ਸੀ। ਪਰ ਜਦੋਂ ਵੀ ਗਿਆ, ਉਸ ਨੂੰ ਇਕ ਸਥਿਰ ਬੁੱਤ ਵਾਂਗ ਉਸੇ ਮੁਦਰਾ ਵਿਚ ਬੈਠੀ ਪਾਇਆ, ਇਕ ਹੱਥ ਪੁੱਤ ਦੀ ਲੱਤ 'ਤੇ, ਨਜ਼ਰ ਉਸ ਦੇ ਮਾਸੂਮ ਮੁੱਖੜੇ ਅਤੇ ਸੁੱਕੇ ਹੋਏ ਬੁੱਲ੍ਹਾਂ 'ਤੇ ਹੁੰਦੀ ਤੇ ਇੱਕੋ ਅਰਦਾਸ ਸੀ- "ਹੇ ਮੇਰੇ ਸੱਚੇ ਪਾਤਸ਼ਾਹ! ਮੇਰੇ ਲਾਲ ਨੂੰ ਜਲਦੀ ਠੀਕ ਕਰ ਦਿਉ। ਚਾਹੇ ਇਸ ਦਾ ਦੁੱਖ ਮੈਨੂੰ ਦੇ ਦੇਣਾ।

ਅੱਠ ਦਿਨਾਂ ਦੇ ਲਗਾਤਾਰ ਇਲਾਜ, ਉਸ ਮਾਂ ਦੀ ਤਪੱਸਿਆ ਅਤੇ ਪਰਿਵਾਰ ਦੀਆਂ ਅਰਦਾਸਾਂ ਸਦਕਾ ਨਵਜੀਤ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਹਾਲਾਂਕਿ ਅਗਲੇ ਤਿੰਨ-ਚਾਰ ਵਰ੍ਹਿਆਂ ਤੱਕ ਵੀ ਨਵਜੀਤ ਹਰ ਸਰਦੀ ਵਿਚ ਬਿਮਾਰ ਹੋ ਜਾਂਦਾ ਸੀ। ਕਈ ਵਾਰ ਹਾਲਤ ਇੰਨੀ ਵਿਗੜ ਜਾਂਦੀ ਕਿ ਉਸ ਨੂੰ ਮੁੜ ਹਸਪਤਾਲ ਦਾਖ਼ਲ ਕਰਵਾਉਣਾ ਪੈਂਦਾ। ਹਰ ਵਾਰ ਉਸ ਦੀ ਮਾਂ ਉਸੇ ਸਿਦਕ ਨਾਲ, ਭੁੱਖ-ਪਿਆਸ ਅਤੇ ਆਪਣੀ ਥਕਾਵਟ ਨੂੰ ਭੁਲਾ ਕੇ ਉਸ ਦੇ ਸਿਰਹਾਣੇ ਡਟੀ ਰਹੀ।

ਅੱਜ ਨਵਜੀਤ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰ ਚੁੱਕਾ ਹੈ। ਕਦੇ-ਕਦਾਈਂ ਅੱਲ੍ਹੜ ਉਮਰ ਦੇ ਰੋਹ ਵਿਚ ਜਦੋਂ ਉਹ ਆਪਣੀ ਮਾਂ ਨਾਲ ਕਿਸੇ ਨਿੱਕੀ ਗੱਲੋਂ ਕੋਈ ਤਲਖ਼ ਬੋਲ ਬੋਲਦਾ ਹੈ, ਤਾਂ ਮੇਰੀਆਂ ਅੱਖਾਂ ਮੂਹਰੇ ਉਸ ਦੀ ਨਿਢਾਲ ਮਾਂ ਦਾ ਉਹੀ ਚਿਹਰਾ ਘੁੰਮ ਜਾਂਦਾ ਹੈ, ਜਿਸ ਨੇ ਹਸਪਤਾਲ ਦੇ ਬੈੱਡ 'ਤੇ ਆਪਣੇ ਸੂਈਆਂ ਨਾਲ ਵਿੰਨ੍ਹੇ ਨੌਂ ਮਹੀਨਿਆਂ ਦੇ ਲਾਲ ਦੇ ਪੈਰ ਨੂੰ ਦੋਹਾਂ ਹੱਥਾਂ ਵਿਚ ਘੁੱਟਿਆ ਹੋਇਆ ਸੀ।

ਮੈਂ ਬੜੇ ਠਰੰਮੇ ਨਾਲ ਉਸ ਨੂੰ ਸਮਝਾਉਂਦਾ ਹੋਇਆ ਕਹਿੰਦਾ ਹਾਂ, "ਪੁੱਤਰ! ਜਿਸ ਮਾਂ ਅੱਗੇ ਅੱਜ ਤੂੰ ਉੱਚਾ ਬੋਲ ਰਿਹਾ ਏਂ ਨਾ, ਉਸ ਨੇ ਤੇਰੇ ਇਕ-ਇਕ ਸਾਹ ਲਈ ਆਪਣੀਆਂ ਕਿੰਨੀਆਂ ਰਾਤਾਂ ਦੀ ਨੀਂਦ, ਭੁੱਖ ਅਤੇ ਚੈਨ ਕੁਰਬਾਨ ਕੀਤਾ ਹੈ, ਸ਼ਾਇਦ ਤੈਨੂੰ ਇਸ ਦਾ ਅੰਦਾਜ਼ਾ ਵੀ ਨਹੀਂ ਤੇ ਹੋ ਸਕਦੈ ਕਿ ਕਦੇ ਹੋਵੇ ਵੀ ਨਾ। ਕਿਉਂਕਿ ਤੇਰੇ ਕਰਮਾਂ ਵਿਚ ਕਦੇ ਮਾਂ ਹੋਣਾ ਨਹੀਂ ਲਿਖਿਆ।" ਮੇਰੇ ਇੰਨਾ ਕਹਿੰਦਿਆਂ ਹੀ ਉਸ ਦੇ ਚਿਹਰੇ ਦਾ ਗੁੱਸਾ ਸ਼ਰਮਿੰਦਗੀ ਅਤੇ ਪਛਤਾਵੇ ਵਿਚ ਬਦਲ ਜਾਂਦਾ ਹੈ। ਉਹ ਚੁੱਪ-ਚਾਪ ਜਾ ਕੇ ਆਪਣੀ ਮਾਂ ਨੂੰ ਕਲਾਵੇ ਵਿਚ ਲੈ ਲੈਂਦਾ ਹੈ। ਉਸ ਮੂਕ ਜੱਫੀ ਵਿਚ ਕੋਈ ਲਫ਼ਜ਼ ਨਹੀਂ ਹੁੰਦੇ ਪਰ ਉਹ ਖ਼ਾਮੋਸ਼ੀ ਜਿਵੇਂ ਕਹਿ ਰਹੀ ਹੁੰਦੀ ਹੈ, "ਮਾਂ, ਤੇਰੇ ਕਰਕੇ ਹੀ ਤਾਂ ਮੇਰੀ ਹੋਂਦ ਹੈ।

ਇਸ ਤੋਂ ਬਾਅਦ ਜਦੋਂ ਮੈਂ ਕਲਾਸਰੂਮ ਵਿਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਸਮਾਪਤ ਕਰਦਾ ਹਾਂ, ਤਾਂ ਕਿਤਾਬ ਬੰਦ ਕਰ ਕੇ ਵਿਦਿਆਰਥੀਆਂ ਨੂੰ ਭਰੇ ਹੋਏ ਗਲ਼ੇ ਨਾਲ ਸਿਰਫ਼ ਇੰਨਾ ਹੀ ਆਖ ਪਾਉਂਦਾ ਹਾਂ, "ਬੱਚਿਓ! ਤੁਹਾਡੀਆਂ ਮਾਵਾਂ ਨੇ ਵੀ ਤੁਹਾਨੂੰ ਪਾਲਣ ਲਈ ਅਜਿਹੀਆਂ ਹੀ ਅਣਗਿਣਤ ਕਾਲੀਆਂ ਰਾਤਾਂ ਜਾਗ ਕੇ ਕੱਟੀਆਂ ਹੋਣਗੀਆਂ। ਅਣਗਿਣਤ ਦੁੱਖੜੇ ਝੱਲੇ ਹੋਣਗੇ। ਮਾਂ ਦੇ ਦੁੱਧ ਅਤੇ ਉਸ ਦੀ ਘਾਲਣਾ ਦਾ ਮੁੱਲ ਦੁਨੀਆ ਦੀ ਕਿਸੇ ਦੌਲਤ ਨਾਲ ਨਹੀਂ ਤਾਰਿਆ ਜਾ ਸਕਦਾ। ਜੇਕਰ ਤੁਸੀਂ ਕੁਝ ਕਰ ਸਕਦੇ ਹੋ ਤਾਂ ਬਸ ਇੰਨਾ ਕਰਨਾ ਕਿ ਕਦੇ ਉਸ ਮਾਂ ਦੇ ਨਰਮ ਦਿਲ ਨੂੰ ਠੇਸ ਨਾ ਪਹੁੰਚਾਉਣਾ-ਇਹੀ ਉਸ ਦੇ ਕਰਜ਼ੇ ਦੀ ਸਭ ਤੋਂ ਵੱਡੀ ਅਦਾਇਗੀ ਹੋਵੇਗੀ। ਇਹ ਸੁਣ ਕੇ ਜਮਾਤ ਵਿਚ ਸੰਨਾਟਾ ਛਾ ਜਾਂਦਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਜਿਵੇਂ ਉਸ ਖ਼ਾਮੋਸ਼ੀ ਵਿਚ ਕਈ ਬੱਚੇ ਆਪਣੇ ਅੰਦਰ ਆਪਣੀ ਮਾਂ ਦਾ ਚਿਹਰਾ ਤਲਾਸ਼ ਰਹੇ ਹੋਣ ਤੇ ਕਹਿ ਰਹੇ ਹੋਣ,-ਮਾਂ, ਤੇਰੇ ਸਦਕਾ ਹੀ ਤਾਂ ਮੇਰੀ ਹੋਂਦ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਕਬਿੱਤ

ਦਾਨੇ ਕੀ ਨਾ ਪਾਨੀ ਕੀ ਨਾ ਆਵੈ ਸੁਧ ਖਾਨੇ ਕੀ
ਯਾ ਗਲੀ ਮਹਿਬੂਬ ਕੀ ਅਰਾਮ ਖੁਸ਼ਖਾਨਾ ਹੈ
ਰੋਜ਼ ਹੀ ਸੋ ਹੈ ਜੋ ਰਾਜ਼ੀ ਯਾਰ ਕੀ ਰਜਾਇ ਬੀਚ
ਨਾਜ਼ਕੀ ਨਜ਼ਰ ਤੇਜ਼ ਤੀਰ ਕਾ ਨਿਸ਼ ਨਾ ਹੈ
ਸੂਰਤ ਚਰਾਗ ਰੌਸ਼ਨ ਈ ਆਸ਼ਨਾਈ ਬੀਚ
ਬਾਰ ਬਾਰ ਬਹੇ ਬਲਿ ਜੈਸੇ ਪਰਵਾਨਾ ਹੈ
ਦਿਲ ਸੇ ਦਿਲਾਸਾ ਦੀਜੇ ਹਾਲ ਕੋ ਨ ਖਯਾਲ ਕੀਜੇ
ਬੇਖ਼ੁਦ ਫ਼ਕੀਰ ਵੁਹ ਆਸ਼ਿਕ ਦੀਵਾਨਾ ਹੈ।

**ਸਵੈਯਾ**

ਜਾਂ ਥਲ ਕੀਏ ਬਿਹਾਰ ਅਨੰਕਨ,
ਤਾਂ ਥਲ ਬਾਂਕਰੀ ਬੈਠਿ ਚੁਨਯੋ ਕਰੈਂ



ਪਰਮਿੰਦਰ ਪਰਵਾਨਾ

## ਦੱਸੋ ਬੱਚਿਓ ਉਸਦਾ ਨਾਂ

ਰੁੱਖਾਂ ਉੱਤੇ ਬਹਿੰਦਾ ਹੈ।
ਟੁਕ ਟੁਕ ਕਰਦਾ ਰਹਿੰਦਾ ਹੈ।

ਸਿਰ 'ਤੇ ਕਲਗੀ ਸੋਹਣੀ ਹੈ,
ਸੂਰਤ ਬੜੀ ਮਨ ਮੋਹਣੀ ਹੈ।

ਜਿੰਨਾ ਵੀ ਉਹ ਨਿੱਕਾ ਹੈ।
ਓਨਾਂ ਹੀ ਉਹ ਤਿੱਖਾ ਹੈ।

ਰੰਗ ਉਸ ਦਾ ਖਾਖੀ ਹੈ।
ਹੋਰ ਰੰਗ ਵਿੱਚ ਬਾਕੀ ਹੈ।

ਰੁੱਖਾਂ ਨੂੰ ਕੱਟ ਲੈਂਦਾ ਹੈ,
ਛਿਲਕੇ ਤਾਈਂ ਪੱਟ ਲੈਂਦਾ ਹੈ।

ਚੁੰਝ ਵਿੱਚ ਸਖ਼ਤਾਈ ਹੈ,
ਰੱਬ ਨੇ ਕਿੰਝ ਬਣਾਈ ਹੈ।

ਜੀਵਾਂ ਨੂੰ ਖਾਂਦਾ ਜਾਂਦਾ ਹੈ,
ਲੰਮੀ ਉਡਾਰੀ ਲਾਂਦਾ ਹੈ।

ਬੱਚਿਓ! ਥੋਨੂੰ ਮੰਨਾ ਤਾਂ,
ਜੇ ਦੱਸੋਗੇ ਉਸ ਦਾ ਨਾਂ।

ਹੱਸੇ ਬੱਚਿਓ! ਹਾ ਹਾ ਹਾ,
ਉਹ ਪੰਛੀ ਹੈ ਚੱਕੀ ਰਾਹਾ।

ਹਰਪ੍ਰੀਤ ਪੱਤੋ
9465821417

## ਚੀਖ਼

ਦਰਦਾਂ ਦੇ ਛਾਲੇ ਉੱਧੜੇ ਪਏ ਨੇ,
ਸਾਹ ਪੀੜਾਂ ਨਾਲ ਉੱਖੜੇ ਪਏ ਨੇ।
ਜ਼ਿੰਦਗੀ ਦੇ ਸਵਾਲ ਉਲਝੇ ਪਏ ਨੇ,
ਜਵਾਬ ਲੇਖਾਂ ਨਾਲ ਰੁੱਸੇ ਪਏ ਨੇ।

ਧਰਤੀ ਦੇ ਪਾਣੀ ਸੁੱਕਦੇ ਪਏ ਨੇ,
ਬਿਰਖ ਵੀ ਜੰਗਲਾਂ 'ਚ ਮੁੱਕਦੇ ਪਏ ਨੇ।
ਕੁੱਖ 'ਚ ਧੀਆਂ ਦੇ ਕਤਲ ਨੇ ਹੁੰਦੇ,
ਕੁਦਰਤ ਅਤੇ ਕਾਦਰ ਗੁੱਸੇ ਪਏ ਨੇ।

ਨੰਗੇ ਤਨ ਪੋਹ ਵਿੱਚ ਠਰਦੇ ਨੇ ਲੋਕ,
ਹਾੜ੍ਹ ਦੀ ਧੁੱਪ ਵਿੱਚ ਸੜਦੇ ਪਏ ਨੇ।
ਕਫ਼ਨ ਕਿਰਤੀਆਂ ਸਿਰ ਬੰਨ੍ਹੇ ਪਏ ਨੇ,
ਹੱਥ ਤਕਦੀਰ ਨਾਲ ਲੜਦੇ ਪਏ ਨੇ।

ਧਨਾਢਾਂ ਦੇ ਢਿੱਡ ਨੇ ਬਾਹਰ ਨੂੰ ਲਟਕੇ,
ਮਜ਼ਲੂਮਾਂ ਦੇ ਚੁੱਲ੍ਹੇ ਬੁਝੇ ਪਏ ਨੇ।
ਵਿਚਾਰੇ ਭੁੱਖ ਨਾਲ ਤਪੇ ਪਏ ਨੇ,
ਪਾਣੀ ਵੀ ਚਿੱਥ ਕੇ ਪੀਂਦੇ ਪਏ ਨੇ।

ਝੱਖੜ ਥੰਮ ਚਾਨਣ ਹੁੰਦੇ ਪਏ ਨੇ,
ਕਲਮ ਅਤੇ ਦਾਤੀ ਸਲਾਹੀਂ ਪਏ ਨੇ।
ਸਾਂਝ ਦੇ ਸਿਰਨਾਵੇਂ ਲਿਖਦੇ ਪਏ ਨੇ,
'ਅਮਰ' ਹੁਣ ਸ਼ਬਦ ਸਹੀ ਰਸਤੇ ਪਏ ਨੇ।

-ਅਮਰਜੀਤ ਦਸੂਹਾ

## ਕਣੀਆਂ

ਕਿਣਮਿਣ, ਕਿਣਮਿਣ ਆ ਗਈਆਂ ਕਣੀਆਂ,
ਠੰਢਕ ਜਿਹੀ ਵਰਤਾ ਗਈਆਂ ਕਣੀਆਂ।
ਗਰਮੀ ਨੇ ਸੀ ਅੱਗ ਵਰ੍ਹਾਈ,
ਸਭ 'ਤੇ ਰਹਿਮ ਕਮਾ ਗਈਆਂ ਕਣੀਆਂ।

ਧਰਤੀ ਦੀ ਹਿੱਕ ਠਾਰੀ ਇਨ੍ਹਾਂ,
ਧਰਤ ਦੀ ਪਿਆਸ ਬੁਝਾ ਗਈਆਂ ਕਣੀਆਂ।
ਮੁਰਝਾਏ ਬੂਟੇ ਫਿਰ ਤੋਂ ਮੌਲੇ,
ਖੇੜਾ ਨਵਾਂ ਲਿਆ ਗਈਆਂ ਕਣੀਆਂ।

ਮਹਿਕ ਉੱਠੀ ਹੈ ਮਿੱਟੀ ਸੌਂਧੀ,
ਕਣ-ਕਣ ਨੂੰ ਖਿੜਾ ਗਈਆਂ ਕਣੀਆਂ।
ਪੰਛੀ ਵੀ ਹੁਣ ਚਹਿਕਣ ਲੱਗੇ,
ਰੌਣਕ ਨਵੀਂ ਲਗਾ ਗਈਆਂ ਕਣੀਆਂ।

ਬਾਲ ਮਨਾਂ ਨੂੰ ਚਾਅ ਹੈ ਚੜ੍ਹਿਆ,
ਆਹਰੇ ਸਭ ਨੂੰ ਲਾ ਗਈਆਂ ਕਣੀਆਂ।
ਨਹਾਤੀਆਂ ਧੋਤੀਆਂ ਫੁੱਲ ਪੱਤੀਆਂ ਨੇ,
ਕੁਦਰਤ ਰੂਪ ਸਜਾ ਗਈਆਂ ਕਣੀਆਂ।

-ਓਮਕਾਰ ਸੂਦ ਬਹੋਨਾ

## .ਗਜ਼ਲ

ਅਕਸਰ ਵੇਖਾਂ ਇੱਕ ਦੂਜੇ ਦੀ, ਰਹਿਣ ਬੁਰਾਈ ਕਰਦੇ ਲੋਕ,
ਜਦ ਇਨਸਾਨ ਤਰੱਕੀ ਕਰਦਾ, ਬਿਲਕੁਲ ਵੀ ਨਾ ਜਰਦੇ ਲੋਕ।

ਮਾੜੇ ਬੰਦੇ ਉੱਤੇ ਐਵੇਂ, ਹਰ ਬੰਦਾ ਹੀ ਝਾੜੇ ਰੋਬ,
ਪੈਸੇ ਵਾਲੇ ਬੰਦੇ ਦਾ ਹੀ, ਵੇਖੇ ਪਾਣੀ ਭਰਦੇ ਲੋਕ।

ਸਭ ਦੇ ਰੰਗ ਨੇ ਵੱਖੋ-ਵੱਖਰੇ, ਸਭ ਦੇ ਵੱਖੋ-ਵੱਖ ਸੁਭਾਅ,
ਇੱਕ ਦੂਜੇ ਦੇ ਢੱਕਦੇ ਘੱਟ ਨੇ, ਚੱਕਦੇ ਬਹੁਤੇ ਪੜਦੇ ਲੋਕ।

ਵੱਧ ਦਿਹਾੜੀ ਦੇਣ ਦੀ ਗੱਲ ਤਾਂ, ਰਹਿ ਗਈ ਲੱਖਾਂ ਕੋਹਾਂ ਦੂਰ,
ਮਜ਼ਦੂਰਾਂ ਦਾ ਹੱਕ ਖਾ ਜਾਂਦੇ, ਏਥੇ ਸਰਦੇ ਵਰਦੇ ਲੋਕ।

ਰੱਬ ਦੇ ਨਾਂਅ 'ਤੇ ਕਰ ਕੇ 'ਕੱਠਾ, ਭੋਲੇ ਲੋਕਾਂ ਕੋਲੋਂ ਦਾਨ,
ਚੁੱਪ-ਚੁਪੀਤੇ ਛਕ ਜਾਂਦੇ ਹਨ, ਰੱਬ ਤੋਂ ਵੀ ਨ੍ਹੀਂ ਡਰਦੇ ਲੋਕ।

ਦੇਸ਼ ਮੇਰੇ ਦੀ ਧਰਤੀ ਦਾ ਅੱਜ, ਕਿੰਨਾ ਬਦਤਰ ਹੋਇਆ ਹਾਲ,
ਆਪਣੀ ਮੌਤੇ ਘੱਟ ਤੇ ਜ਼ਿਆਦਾ, ਨਸ਼ਿਆਂ ਕਾਰਨ ਮਰਦੇ ਲੋਕ।

'ਗੋਸਲ' ਆਖਰ ਪਛਤਾਵੇ ਬਿਨ, ਕੁਝ ਨਈਂ ਬਚਣਾ ਉਹਨਾਂ ਕੋਲ,
ਜਿਹੜੇ ਅਪਣੇ ਹੱਕਾਂ ਖਾਤਰ, ਮੂੰਹ ਨਾ ਖੋਲ੍ਹਣ ਡਰਦੇ ਲੋਕ।

- ਗੁਰਵਿੰਦਰ ਸਿੰਘ ਗੋਸਲ

## ਇਨਸਾ.ਫ ਦੀ ਜੰਗ

ਹੱਕ ਸੱਚ ਇਨਸਾਫ਼ ਦੀ ਜੰਗ ਹੈ ਸਾਡੀ
ਰਹਿੰਦਾ ਹਰ ਰੋਜ ਤੂੰ ਝੂਠ ਨੂੰ ਬੋਲਦਾ ਏਂ
ਹੱਥ ਵਿੱਚ ਤੱਕੜ ਵਿਤਕਰੇ ਦੇ ਫੜਕੇ ਤੂੰ
ਸੌਦਾ ਝੂਠ ਦਾ ਵਿੱਚ ਰਹਿੰਦਾ ਤੋਲਦਾ ਏਂ

ਸਾਡਾ ਜ਼ਨਮ ਹੋਇਆ ਖੰਡੇ ਦੀ ਧਾਰ ਵਿੱਚੋਂ
ਤਾਂ ਹੀ ਜ਼ੁਲਮ ਦੇ ਨਾਲ ਮੱਥਾ ਲਾਉਂਦੇ ਆਂ
ਰੱਸਾ ਫਾਂਸੀ ਦਾ ਮੂੰਹ ਨਾਲ ਚੁੰਮ ਕੇ ਤੇ
ਆਪਣੇ ਹੱਥ ਨਾਲ ਗਲ ਵਿੱਚ ਪਾਉਂਦੇ ਆਂ

ਸਾਡਾ ਇਤਿਹਾਸ ਚੰਗੀ ਤਰਾਂ ਪੜ ਲਵੀਂ ਤੂੰ
ਬੰਦਾ ਮੈਦਾਨੇ ਜੰਗ ਜਦ ਆਣ ਗੱਜਿਆ ਸੀ
ਸੂਬੇ ਸਰਹੰਦ ਵਰਗੇ ਮਿੱਟੀ 'ਚ ਮਿਲਾ ਦਿੱਤੇ
ਸੁੱਚਾ ਨੰਦ ਵੀ ਮੂਹਰੇ ਲੱਗ ਭੱਜਿਆ ਸੀ

ਖੇਡ ਸਿਆਸਤ ਦੀ ਧਰਮ ਦੇ ਨਾਂ ਤੇ ਖੇਡੇ
ਇਹਨਾਂ ਚਾਲਾਂ ਨੂੰ ਸਾਰਾ ਜੱਗ ਜਾਣਦਾ ਏ
ਸਰਦੀ ਕਹਿਰ ਦੀ ਬਰਫ਼ ਪਹਾੜੀਆਂ ਤੇ
ਕੌਣ ਦੇਸ਼ ਦਾ ਰਾਖਾ ਹਿੱਕਾਂ ਨੂੰ ਤਾਣਦਾ ਏ

ਗੁਰਚਰਨ ਸਿੰਘ ਧੰਜੂ

## ਉੱਠ ਕਿਰਤੀਆ...

ਤੂੰ ਉੱਠ ਕਿਰਤੀਆ ਅੱਗੇ ਵਧ,
ਤੇਰਾ ਬੇਲੀ ਨਾ ਕੋਈ ਸੰਗੀ ਏ।
ਹੌਸਲਾ ਹੀ ਤੈਨੂੰ ਬਚਾਏਗਾ,
ਕਿਉਂ ਹਿੰਮਤ ਸੂਲੀ ਟੰਗੀ ਏ।

ਤੈਨੂੰ ਮਾਰ ਸਮਿਆਂ ਦੀ ਪਈ ਐਸੀ,
ਹਰ ਗੱਲ ਹੋ ਰਹੀ ਬੇਢੰਗੀ ਏ।
ਲੋਕਾਂ ਦਾ ਢਿੱਡ ਪਿਆ ਭਰਦਾ ਏਂ,
ਤੈਨੂੰ ਫਿਰ ਵੀ ਤੋਟ ਤੇ ਤੰਗੀ ਏ।

ਤਰਲੇ ਮਿੰਨਤਾਂ ਬਹੁਤ ਕਰ ਲਏ,
ਤੂੰ ਇੱਕੋ ਮੰਗ ਤੇ ਮੰਗੀ ਏ।
ਗੱਲ ਇਕੱਲੇ ਰਹਿ ਕੇ ਨ੍ਹੀਂ ਬਣਨੀ,
ਇਕੱਠਿਆਂ ਦੀ ਗੱਲ ਚੰਗੀ ਏ।

- ਯਾਦਵਿੰਦਰ ਸਿੰਘ ਕਲੌਲੀ

## ਤ੍ਰਿਸਕਾਰ

ਸੱਚ ਦਾ ਇਉਂ ਤ੍ਰਿਸਕਾਰ ਨਾ ਕਰ,
ਝੂਠ ਨੂੰ ਤੂੰ ਸਵੀਕਾਰ ਨਾ ਕਰ।
ਦਿਲ ਦੇ ਰਿਸ਼ਤੇ ਨਾਜ਼ੁਕ ਹੁੰਦੇ,
ਇਨ੍ਹਾਂ ਦਾ ਇਉਂ ਵਪਾਰ ਨਾ ਕਰ।

ਮਰ ਜਾਵੇ ਜ਼ਮੀਰ ਹੀ ਜਿਸ 'ਤੇ,
ਅਜਿਹੇ ਰਾਹ ਅਖ਼ਤਿਆਰ ਨਾ ਕਰ।
ਸੋਚ ਤੂੰ ਰੱਖੀਂ ਫੁੱਲਾਂ ਵਰਗੀ,
ਨਫ਼ਰਤ ਨੂੰ ਗੁਲਜ਼ਾਰ ਨਾ ਕਰ।

ਥੋੜ੍ਹਾ ਬਹੁਤਾ ਸਬਰ ਵੀ ਰੱਖ,
ਹਰ ਗੱਲ 'ਤੇ ਤਕਰਾਰ ਨਾ ਕਰ।
'ਅੱਬਾਸ' ਤੂੰ ਆਪਣੇ ਅਸੂਲਾਂ ਨਾਲ,
ਸਮਝੌਤਿਆਂ ਦਾ ਵਪਾਰ ਨਾ ਕਰ।

- ਮੁਹੰਮਦ ਅੱਬਾਸ ਧਾਲੀਵਾਲ

## .ਗਜ਼ਲ

ਮਹਿਰਮ ਬਣੇ ਰਹਿਣ ਸਦਾ ਦਿਲ ਦੇ,
ਹੋਵੇ ਕਿਸਮਤ ਜੇ ਤਾਹੀਓਂ ਮਿਲਦੇ।
ਗਾਹ ਮਾਰਿਆ ਮੈਂ ਕੁੱਲ ਗੁਲਜ਼ਾਰ,
ਵੇਖਣ ਨੂੰ ਨਾ ਮਿਲੇ ਫੁੱਲ ਖਿਲਦੇ।

ਖੋਦ-ਖੋਦ ਖੁੱਡ, ਚੂਹੇ ਥੱਕ ਜਾਵਣ,
ਸੱਪ ਬਣ ਬੈਠਣ ਮਾਲਕ ਬਿਲ ਦੇ।
ਤਿੜਕਿਆ ਸ਼ੀਸ਼ਾ ਭਾਵੇਂ ਜੁੜ ਜਾਵੇ,
ਫੱਟ ਦਿਲ ਲੱਗੇ ਕਦੇ ਨਾ ਸਿਲਦੇ।

ਉੱਜੜੇ ਵੱਸੇ, ਉੱਜੜੇ, ਮੁੜ ਵੱਸੇ,
ਪਰ ਨਾ ਦੇਣਦਾਰ ਤਿੱਕ ਤਿਲ ਦੇ।
ਬੇਇਨਸਾਫ਼ੀ ਦੇ ਤਾਬੂਤਾਂ ਖ਼ਾਤਰ,
ਤਲਬਗਾਰ ਹਾਂ ਅਸੀਂ ਹਰ ਕਿੱਲ ਦੇ।

ਸਦੀਆਂ ਪੁਸ਼ਤਾਂ ਦੇਣ ਨਾ ਮੁਆਫ਼ੀ,
ਗੁਨਾਹਗਾਰ ਜੋ ਵਰਤੀ ਢਿੱਲ ਦੇ।
'ਨਾਕਾਮ' ਜੇ ਨੀਅਤ ਰਾਸ ਮੁਕੰਮਲ,
ਹੱਲ ਮਿਲ ਜਾਂਦੇ ਹਰ ਮੁਸ਼ਕਿਲ ਦੇ।

- ਗੁਰਬਖ਼ਸ਼ ਸਿੰਘ 'ਨਾਕਾਮ'

## ਬਹਾਰਾਂ

ਹੋਵਣ ਕਤਲ ਬਹਾਰਾਂ ਇੱਥੇ,
ਸੜਨ ਪਈਆਂ ਗੁਲਜ਼ਾਰਾਂ ਇੱਥੇ।
ਪੈਰ ਪੈਰ 'ਤੇ ਜ਼ਹਿਰਾਂ ਉੱਗਣ,
ਬਣ ਕੇ ਤਿੱਖੀਆਂ ਖ਼ਾਰਾਂ ਇੱਥੇ।

ਅੰਬਰੋਂ ਵਰ੍ਹਦੀ ਰਾਖ ਅਗਨ ਦੀ,
ਧਰਤੀ ਦਾ ਮੂੰਹ ਸ਼ਿਕਵਾ ਸ਼ਿਕਵਾ।
ਮਹਿਲ ਮਾੜੀਆਂ ਉੱਚੀਆਂ ਉੱਠਣ,
ਰੋਵਣ ਛੰਨਾਂ ਢਾਰਾਂ ਇੱਥੇ।

ਖ਼ੂਨ 'ਚ ਲਿੱਬੜੇ ਪੰਜੇ ਤੱਕੇ,
ਤੇ ਬਨਮਾਨਸ ਬੰਦੇ ਤੱਕੇ।
ਤਿਰਸ਼ੂਲਾਂ ਦੀ ਮੰਡੀ ਲਗਦੀ,
ਮੁਫ਼ਤ ਮਿਲਣ ਤਲਵਾਰਾਂ ਇੱਥੇ।

- ਗੁਰਮੀਤ ਸਿੰਘ ਚੀਮਾ

## ਅਮੀਰ ਮਿੱਟੀ

ਮਿੱਟੀ ਜਿਹਾ ਅਮੀਰ ਨਾ ਕੋਈ
ਸਭ ਦੇ ਕੰਮ ਜੋ ਆਵੇ
ਧੁੱਪ, ਮੀਂਹ, ਝੱਖੜ, ਔੜਾਂ ਝੱਲਦੀ
ਕੁੱਲ ਦੁਨੀਆ ਨੂੰ ਰੁਸ਼ਨਾਵੇ
ਵਾਂਗ ਮਨੁੱਖ ਨਾ ਕਰੇ ਵਿਤਕਰਾ
ਸਭ ਨੂੰ ਗਲ ਨਾਲ ਲਾਵੇ।

ਇਸ ਤੋਂ ਸਿੱਖ ਲੈ ਤੂੰ ਜੀਵਣਾ
ਕਿਉਂ ਰੋ-ਰੋ ਜੂਨ ਹੰਢਾਵੇਂ
ਜਨਮ ਤੋਂ ਅਖ਼ੀਰ ਸਮੇਂ ਤੱਕ
ਮਿੱਟੀ ਚੋਗ ਚੁਗਾਵੇ
ਤੇਰੇ ਖਾਣੇ ਕੁਝ ਨਾ ਪੈਣਾ
ਇਹ ਕੀ-ਕੀ ਰੰਗ ਵਿਖਾਵੇ।

ਫੁੱਲ, ਫਲ ਤੇ ਜੜੀ ਬੂਟੀਆਂ
ਇਸ ਦੀ ਕੁੱਖ ਦੇ ਜਾਏ
ਮੀਂਹ ਪੈਂਦੇ ਤਾਂ ਮਹਿਕ ਮਿੱਟੀ ਦੀ
ਸਭ ਦੇ ਮਨ ਨੂੰ ਭਾਵੇ
ਮਿੱਟੀ ਨਾਲ ਸਭ ਮਿੱਟੀ ਹੋਣਾ
ਤੈਨੂੰ ਰਤਾ ਸਮਝ ਨਾ ਆਵੇ।

ਮਿੱਟੀ ਵਾਂਗੂ ਬਣ ਜਾ ਖੁੱਲ੍ਹਦਿਲਾ
ਜਿਹੜੀ ਸਭ ਲਈ ਅੰਨ ਉਗਾਵੇ
ਗੁਰੂਆਂ ਮਾਂ ਦਾ ਦਰਜਾ ਦੇ ਕੇ
ਇਸ ਨੂੰ ਪੂਜਣ ਯੋਗ ਬਣਾਇਆ
'ਧਾਲੀਵਾਲਾ' ਬੰਦਾ ਚੰਦ ਛਿੱਲੜਾਂ ਲਈ
ਇਹ ਦੀ ਹਿੱਕ ਚੜ੍ਹ ਬੋਲੀ ਲਾਵੇ।

- ਰਵਿੰਦਰ ਸਿੰਘ ਧਾਲੀਵਾਲ

## ਅਜੋਕੇ ਸਮਿਆਂ ਦਾ ਸੱਚ

ਅੰਨ੍ਹਾ ਰਾਜਾ, ਰਾਜ ਚਲਾਵੇ
ਗੂੰਗੀ ਪਰਜਾ, ਹੇਠ ਵਹਾਵੇ।
ਦੇਸ਼ ਦਾ ਬੇੜਾ ਗ਼ਰਕ ਹੋ ਗਿਆ
ਵੇਖ ਸਿਆਸਤ ਗ਼ਰਕੀ ਜਾਵੇ।

ਚੋਣਾਂ ਸੰਗ ਇਨਸਾਫ਼ ਵੀ ਵਿਕਿਆ
ਪੇਪਰ ਲੀਕ ਦਾ ਸ਼ੋਰ ਪਿਆ ਆਵੇ।
ਗੈਸ, ਤੇਲ ਆਸਮਾਨੀਂ ਚੜ੍ਹ ਗਏ
ਬੇਸ਼ਰਮਾਂ ਨੂੰ ਸ਼ਰਮ ਨਾ ਆਵੇ।

ਨਫ਼ਰਤ ਵਾਲੇ ਬੀਜ ਬੀਜ ਕੇ
ਭਾਈ ਸੰਗ ਭਾਈ ਲੜਵਾਵੇ।
ਅੰਨਦਾਤਾ ਹੈ ਫ਼ਾਹੇ ਲੈਂਦਾ
ਇਹ ਮਿੱਤਰਾਂ ਦਾ ਹੇਜ ਪੁਗਾਵੇ।

ਕੋਈ ਤਾਂ ਉੱਠੋ ਸੂਰਾ ਵੀਰੋ
'ਅੱਛੇ ਦਿਨ' ਜੋ ਮੋੜ ਲਿਆਵੇ।
ਸੁੱਤੇ ਹੁੰਦੇ ਤਾਂ ਉੱਠ ਜਾਂਦੇ
ਮੁਰਦੇ ਨੂੰ ਦੱਸ ਕੌਣ ਉਠਾਵੇ?
ਦੜ ਵੱਟ ਕੇ ਤੂੰ ਬਹਿ ਜਾ 'ਘੁੰਮਣ'
ਇਨ੍ਹਾਂ ਤੋਂ ਹੁਣ ਰੱਬ ਬਚਾਵੇ।

- ਪਰਮਜੀਤ ਸਿੰਘ ਨਿੱਕੇ ਘੁੰਮਣ

## ਚਾਹ ਪੀ ਲਈਏ

ਤੁਰਦੇ ਤੇ ਰੁਕਦੇ ਥੱਕ ਰਹੇ ਹਾਂ, ਘੁੱਟ ਚਾਹ ਪੀ ਲਈਏ,
ਕਿੱਧਰੇ ਆਰਾਮ ਤੱਕ ਰਹੇ ਹਾਂ, ਘੁੱਟ ਚਾਹ ਪੀ ਲਈਏ।
ਗੁੜ ਵਾਲੀ ਚਾਹ ਵਿੱਚ ਇਲਾਇਚੀ-ਅਦਰਕ ਵੀ ਹੈ,
ਆਵੇ ਖ਼ੁਸ਼ਬੂ, ਨੇੜੇ ਹੀ ਰਹੀਏ, ਘੁੱਟ ਚਾਹ ਪੀ ਲਈਏ।

ਇਹ ਜਵਾਨੀ, ਗੁਮਾਨੀ ਤੇ ਅੱਖ ਮਸਤਾਨੀ ਦਾ ਅਸਰ,
ਮੁੱਛ 'ਤੇ ਹੱਥ ਤੇ ਜੀ-ਜੀ ਕਹੀਏ, ਘੁੱਟ ਚਾਹ ਪੀ ਲਈਏ।
ਉਮੰਗ ਤੋਂ ਉੱਗਦਾ ਹੈ ਦਿਨ, ਆਸ 'ਤੇ ਅਸਤ ਹੋ ਜਾਵੇ,
ਚੱਲ ਨਸੀਬਾਂ ਨਾਲ ਵੀ ਖਹੀਏ, ਘੁੱਟ ਚਾਹ ਪੀ ਲਈਏ।

ਟੋਟੇ-ਟੋਟੇ ਹੋਇਆ ਵੀ ਝੱਲਾ ਦਿਲ, ਧੜਕ ਰਿਹਾ ਹੈ,
ਲਾ ਕੇ ਕੁਝ ਤੋਪੇ, ਸਿਉਂ ਲਈਏ, ਘੁੱਟ ਚਾਹ ਪੀ ਲਈਏ।
ਇਸ ਆਰ ਤੋਂ ਉਸ ਪਾਰ ਹੋ ਜਾਣ ਤੋਂ ਪਹਿਲਾਂ-ਪਹਿਲਾਂ,
ਚੁਸਕੀਆਂ ਨਾਲ ਜੀਅ ਲਈਏ, ਘੁੱਟ ਚਾਹ ਪੀ ਲਈਏ।

- ਮਨਜੀਤ ਸਿੰਘ ਬੱਧਣ

# ਵਿਆਕਰਨ ਤੋਂ ਪਰੇ: ਜਿੱਥੇ ਸ਼ਬਦ ਵਿਚਾਰਾਂ ਨਾਲ ਮਿਲਦੇ ਹਨ

ਭਾਸ਼ਾ ਸਿੱਖਣ ਦੀ ਸ਼ੁਰੂਆਤ ਅਕਸਰ ਵਿਆਕਰਨ ਤੋਂ ਹੁੰਦੀ ਹੈ। ਅਸੀਂ ਨਾਂਵ, ਕਿਰਿਆ, ਕਾਲ, ਆਰਟੀਕਲ, ਸੰਬੰਧਕ, ਵਾਕ-ਰਚਨਾ ਅਤੇ ਸ਼ੁੱਧਤਾ ਦੇ ਨਿਯਮ ਸਿੱਖਦੇ ਹਾਂ। ਵਿਆਕਰਨ ਨਿਸ਼ਚਿਤ ਤੌਰ 'ਤੇ ਮਹੱਤਵਪੂਰਨ ਹੈ, ਕਿਉਂਕਿ ਇਹ ਭਾਸ਼ਾ ਨੂੰ ਢਾਂਚਾ ਦਿੰਦੀ ਹੈ ਅਤੇ ਸਾਨੂੰ ਸਪੱਸ਼ਟ ਢੰਗ ਨਾਲ ਸੰਚਾਰ ਕਰਨ ਵਿੱਚ ਮਦਦ ਕਰਦੀ ਹੈ। ਪਰ ਭਾਸ਼ਾ ਸਿਰਫ਼ ਨਿਯਮਾਂ ਦਾ ਸਮੂਹ ਨਹੀਂ ਹੈ।

ਵਿਆਕਰਨ ਸਾਨੂੰ ਵਾਕ ਬਣਾਉਣਾ ਸਿਖਾਉਂਦੀ ਹੈ; ਪਰ ਵਿਚਾਰ ਇਹ ਨਿਰਧਾਰਤ ਕਰਦਾ ਹੈ ਕਿ ਉਹ ਵਾਕ ਕੀ ਅਰਥ ਰੱਖਦਾ ਹੈ।

ਕੋਈ ਵਿਅਕਤੀ ਸੈਂਕੜੇ ਵਿਆਕਰਨਿਕ ਨਿਯਮ ਜਾਣਦਾ ਹੋ ਸਕਦਾ ਹੈ, ਪਰ ਫਿਰ ਵੀ ਆਪਣੇ ਵਿਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨ ਵਿੱਚ ਮੁਸ਼ਕਲ ਮਹਿਸੂਸ ਕਰ ਸਕਦਾ ਹੈ। ਦੂਜੇ ਪਾਸੇ, ਕੋਈ ਵਿਅਕਤੀ ਸਧਾਰਨ ਭਾਸ਼ਾ ਵਰਤ ਸਕਦਾ ਹੈ, ਕਦੇ-ਕਦੇ ਵਿਆਕਰਨਿਕ ਗਲਤੀ ਵੀ ਕਰ ਸਕਦਾ ਹੈ, ਪਰ ਉਸ ਦਾ ਵਿਚਾਰ ਇੰਨਾ ਪ੍ਰਭਾਵਸ਼ਾਲੀ ਹੋ ਸਕਦਾ ਹੈ ਕਿ ਲੋਕ ਉਸ ਨੂੰ ਆਸਾਨੀ ਨਾਲ ਸਮਝ ਲੈਣ ਅਤੇ ਯਾਦ ਰੱਖਣ।

ਇਹ ਅੰਤਰ ਦੱਸਦਾ ਹੈ ਕਿ ਭਾਸ਼ਾ ਸਿਰਫ਼ ਇੱਕ ਤਕਨੀਕੀ ਹੁਨਰ ਨਹੀਂ। ਇਹ ਵਿਚਾਰਾਂ, ਭਾਵਨਾਵਾਂ, ਕਲਪਨਾ ਅਤੇ ਮਨੁੱਖੀ ਸੰਬੰਧਾਂ ਦਾ ਮਾਧਿਅਮ ਹੈ।

**ਵਿਆਕਰਨ ਨੀਂਹ ਹੈ, ਮੰਜ਼ਿਲ ਨਹੀਂ**

ਵਿਆਕਰਨ ਉਹ ਢਾਂਚਾ ਪ੍ਰਦਾਨ ਕਰਦੀ ਹੈ ਜਿਸ ਵਿੱਚ ਸ਼ਬਦ ਇੱਕ-ਦੂਜੇ ਨਾਲ ਸਹੀ ਢੰਗ ਨਾਲ ਜੁੜਦੇ ਹਨ। ਵਿਆਕਰਨ ਦੀ ਕੁਝ ਸਮਝ ਤੋਂ ਬਿਨਾਂ ਸੰਚਾਰ ਉਲਝਣ ਵਾਲਾ ਹੋ ਸਕਦਾ ਹੈ। ਇਸ ਲਈ ਵਿਦਿਆਰਥੀਆਂ ਲਈ ਸ਼ਬਦ-ਭੰਡਾਰ, ਵਾਕ-ਰਚਨਾ, ਵਿਰਾਮ-ਚਿੰਨ੍ਹ ਅਤੇ ਭਾਸ਼ਾ ਦੀ ਸਹੀ ਵਰਤੋਂ ਦੀ ਮਜ਼ਬੂਤ ਨੀਂਹ ਜ਼ਰੂਰੀ ਹੈ।

ਪਰ ਭਾਸ਼ਾ ਸਿੱਖਣ ਨੂੰ ਸਿਰਫ਼ ਵਿਆਕਰਨ ਦੇ ਨਿਯਮ ਯਾਦ ਕਰਨ ਤੱਕ ਸੀਮਿਤ ਨਹੀਂ ਕਰਨਾ ਚਾਹੀਦਾ।

ਜੇ ਵਿਦਿਆਰਥੀ ਆਪਣਾ ਸਾਰਾ ਸਮਾਂ ਨਿਯਮ ਯਾਦ ਕਰਨ ਵਿੱਚ ਲਗਾ ਦੇਣ ਅਤੇ ਆਪਣੇ ਵਿਚਾਰ ਪ੍ਰਗਟ ਕਰਨਾ ਨਾ ਸਿੱਖਣ, ਤਾਂ ਭਾਸ਼ਾ ਦੀ ਸਿੱਖਿਆ ਯਾਂਤਰਿਕ ਬਣ ਜਾਂਦੀ ਹੈ। ਉਹ ਪ੍ਰੀਖਿਆ ਵਿੱਚ ਵਿਆਕਰਨਿਕ ਗਲਤੀ ਪਛਾਣ ਸਕਦੇ ਹਨ, ਪਰ ਜਦੋਂ ਉਨ੍ਹਾਂ ਨੂੰ ਕੋਈ ਮੌਲਿਕ ਵਿਚਾਰ ਲਿਖਣ ਜਾਂ ਬੋਲਣ ਲਈ ਕਿਹਾ ਜਾਵੇ, ਤਾਂ ਉਹ ਝਿਜਕ ਸਕਦੇ ਹਨ।

ਭਾਸ਼ਾ ਸਿੱਖਣ ਦਾ ਅਸਲ ਉਦੇਸ਼ ਸਿਰਫ਼ ਵਿਆਕਰਨਿਕ ਤੌਰ 'ਤੇ ਸਹੀ ਵਾਕ ਬਣਾਉਣਾ ਨਹੀਂ, ਸਗੋਂ ਸਪੱਸ਼ਟ ਸੋਚਣਾ ਅਤੇ ਅਰਥਪੂਰਨ ਢੰਗ ਨਾਲ ਸੰਚਾਰ ਕਰਨਾ ਹੈ।

**ਸ਼ਬਦ ਵਿਚਾਰਾਂ ਨੂੰ ਰੂਪ ਦਿੰਦੇ ਹਨ**

ਹਰ ਅਰਥਪੂਰਨ ਵਾਕ ਦੇ ਪਿੱਛੇ ਇੱਕ ਵਿਚਾਰ ਹੁੰਦਾ ਹੈ। ਬੋਲਣ ਜਾਂ ਲਿਖਣ ਤੋਂ ਪਹਿਲਾਂ ਸਾਡੇ ਮਨ ਵਿੱਚ ਕੁਝ ਹੁੰਦਾ ਹੈ—ਕੋਈ ਸਵਾਲ, ਨਿਰੀਖਣ, ਭਾਵਨਾ, ਤਰਕ, ਅਨੁਭਵ ਜਾਂ ਕਲਪਨਾ। ਸ਼ਬਦ ਉਸ ਵਿਚਾਰ ਨੂੰ ਅਜਿਹਾ ਰੂਪ ਦਿੰਦੇ ਹਨ ਜਿਸ ਨੂੰ ਦੂਜਾ ਵਿਅਕਤੀ ਸਮਝ ਸਕੇ।

ਇਸ ਲਈ ਸ਼ਬਦ-ਭੰਡਾਰ ਮਹੱਤਵਪੂਰਨ ਹੈ। ਸਾਡਾ ਸ਼ਬਦ-ਭੰਡਾਰ ਜਿੰਨਾ ਸਮਰੱਥ ਹੋਵੇਗਾ, ਅਸੀਂ ਵਿਚਾਰਾਂ ਦੇ ਵੱਖ-ਵੱਖ ਪੱਖਾਂ ਨੂੰ ਉੱਨਾ ਹੀ ਸਹੀ ਢੰਗ ਨਾਲ ਪ੍ਰਗਟ ਕਰ ਸਕਾਂਗੇ।

ਉਦਾਹਰਨ ਲਈ, ਕਿਸੇ ਵਿਅਕਤੀ ਨੂੰ 'ਖੁਸ਼', 'ਸੰਤੁਸ਼ਟ', 'ਉਤਸ਼ਾਹਿਤ', 'ਰਾਹਤ ਮਹਿਸੂਸ ਕਰਨ ਵਾਲਾ', 'ਸ਼ੁਕਰਗੁਜ਼ਾਰ' ਜਾਂ 'ਪ੍ਰਸੰਨ' ਕਹਿਣ ਨਾਲ ਭਾਵਨਾ ਦੇ ਵੱਖ-ਵੱਖ ਰੰਗ ਪ੍ਰਗਟ ਹੁੰਦੇ ਹਨ।

ਇਸ ਲਈ ਭਾਸ਼ਾ ਸਿਰਫ਼ ਵਿਚਾਰਾਂ ਨੂੰ ਬਿਆਨ ਨਹੀਂ ਕਰਦੀ; ਇਹ ਵਿਚਾਰਾਂ ਨੂੰ ਵਿਵਸਥਿਤ ਅਤੇ ਸੁਧਾਰਨ ਵਿੱਚ ਵੀ ਮਦਦ ਕਰਦੀ ਹੈ।

**ਭਾਸ਼ਾ ਸਾਡੀ ਸੋਚ ਨੂੰ ਪ੍ਰਭਾਵਿਤ ਕਰਦੀ ਹੈ**

ਕਿਸੇ ਵਿਚਾਰ ਨੂੰ ਸ਼ਬਦਾਂ ਵਿੱਚ ਪ੍ਰਗਟ ਕਰਨ ਦੀ ਸਾਡੀ ਸਮਰੱਥਾ ਇਸ ਗੱਲ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ ਕਿ ਅਸੀਂ ਉਸ ਵਿਚਾਰ ਨੂੰ ਆਪਣੇ ਆਪ ਕਿੰਨਾ ਸਪੱਸ਼ਟ ਸਮਝਦੇ ਹਾਂ।

ਕਈ ਵਾਰ ਇੱਕ ਧੁੰਦਲਾ ਵਿਚਾਰ ਉਦੋਂ ਸਪੱਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਉਸ ਨੂੰ ਸ਼ਬਦਾਂ ਵਿੱਚ ਲਿਖਣ ਦੀ ਕੋਸ਼ਿਸ਼ ਕਰਦੇ ਹਾਂ। ਲਿਖਣਾ ਸਾਡੇ ਤਰਕ ਨੂੰ ਵਿਵਸਥਿਤ ਕਰਨ ਲਈ ਮਜਬੂਰ ਕਰਦਾ ਹੈ। ਕਿਸੇ ਹੋਰ ਵਿਅਕਤੀ ਨੂੰ ਕੋਈ ਗੱਲ ਸਮਝਾਉਣ ਨਾਲ ਸਾਡੀ ਆਪਣੀ ਸਮਝ ਵਿੱਚ ਮੌਜੂਦ ਕਮੀਆਂ ਵੀ ਸਾਹਮਣੇ ਆ ਸਕਦੀਆਂ ਹਨ।

ਇਸੇ ਲਈ ਵਿਦਿਆਰਥੀਆਂ ਨੂੰ ਨਿਯਮਿਤ ਤੌਰ 'ਤੇ ਲਿਖਣ ਅਤੇ ਬੋਲਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਜੋ ਵਿਦਿਆਰਥੀ ਸਿਰਫ਼ ਜਾਣਕਾਰੀ ਦੁਹਰਾਉਂਦਾ ਹੈ, ਉਹ ਯਾਦਦਾਸ਼ਤ ਵਿਕਸਿਤ ਕਰਦਾ ਹੈ। ਪਰ ਜੋ ਵਿਦਿਆਰਥੀ ਸਮਝਾਉਂਦਾ, ਸਵਾਲ ਕਰਦਾ, ਤੁਲਨਾ ਕਰਦਾ, ਤਰਕ ਦਿੰਦਾ ਅਤੇ ਨਵੀਂ ਰਚਨਾ ਕਰਦਾ ਹੈ, ਉਹ ਡੂੰਘੀ ਬੌਧਿਕ ਸਮਰੱਥਾ ਵਿਕਸਿਤ ਕਰਦਾ ਹੈ।

ਭਾਸ਼ਾ ਗਿਆਨ ਅਤੇ ਸਮਝ ਵਿਚਕਾਰ ਪੁਲ ਬਣ ਜਾਂਦੀ ਹੈ।

**ਸੰਚਾਰ ਸਿਰਫ਼ ਸ਼ੁੱਧਤਾ ਨਹੀਂ**



ਪ੍ਰਭਾਵਸ਼ਾਲੀ ਸੰਚਾਰ ਵਿੱਚ ਸਿਰਫ਼ ਵਿਆਕਰਨਿਕ ਸ਼ੁੱਧਤਾ ਹੀ ਸ਼ਾਮਲ ਨਹੀਂ ਹੁੰਦੀ।

ਲਹਿਜ਼ਾ, ਸੰਦਰਭ, ਸੁਣਨ ਵਾਲਾ ਵਿਅਕਤੀ, ਸਮਾਂ ਅਤੇ ਬੋਲਣ ਵਾਲੇ ਦੀ ਨੀਅਤ—ਇਹ ਸਾਰੇ ਅਰਥ ਨੂੰ ਪ੍ਰਭਾਵਿਤ ਕਰਦੇ ਹਨ।

ਇੱਕੋ ਵਾਕ ਇੱਕ ਸਥਿਤੀ ਵਿੱਚ ਸਨਮਾਨਜਨਕ ਅਤੇ ਦੂਜੀ ਸਥਿਤੀ ਵਿੱਚ ਰੁੱਖਾ ਲੱਗ ਸਕਦਾ ਹੈ। ਇੱਕ ਛੋਟਾ ਜਿਹਾ ਜਵਾਬ ਆਤਮਵਿਸ਼ਵਾਸ, ਗੁੱਸਾ, ਬੇਪਰਵਾਹੀ ਜਾਂ ਹਾਸੇ ਦਾ ਸੰਕੇਤ ਦੇ ਸਕਦਾ ਹੈ।

ਇਸ ਲਈ ਚੰਗੇ ਸੰਚਾਰਕ ਸਿਰਫ਼ ਇਹ ਨਹੀਂ ਸਿੱਖਦੇ ਕਿ ਕੀ ਕਹਿਣਾ ਹੈ, ਸਗੋਂ ਇਹ ਵੀ ਸਿੱਖਦੇ ਹਨ ਕਿ ਕਿਵੇਂ, ਕਦੋਂ ਅਤੇ ਕਿਉਂ ਕਹਿਣਾ ਹੈ।

ਇਹ ਡਿਜੀਟਲ ਯੁੱਗ ਵਿੱਚ ਹੋਰ ਵੀ ਮਹੱਤਵਪੂਰਨ ਹੈ, ਜਿੱਥੇ ਸੰਚਾਰ ਅਕਸਰ ਛੋਟੇ ਸੁਨੇਹਿਆਂ, ਟਿੱਪਣੀਆਂ ਅਤੇ ਪੋਸਟਾਂ ਤੱਕ ਸੀਮਿਤ ਹੋ ਜਾਂਦਾ ਹੈ। ਚਿਹਰੇ ਦੇ ਹਾਵ-ਭਾਵ ਅਤੇ ਆਵਾਜ਼ ਦੇ ਲਹਿਜੇ ਤੋਂ ਬਿਨਾਂ ਸ਼ਬਦ ਆਸਾਨੀ ਨਾਲ ਗਲਤ ਸਮਝੇ ਜਾ ਸਕਦੇ ਹਨ।

**ਪੜ੍ਹਨਾ ਸਾਨੂੰ ਵਿਆਕਰਨ ਤੋਂ ਅੱਗੇ ਲੈ ਜਾਂਦਾ ਹੈ**

ਪੜ੍ਹਨਾ ਭਾਸ਼ਾ ਅਤੇ ਸੋਚ ਨੂੰ ਇਕੱਠੇ ਵਿਕਸਿਤ ਕਰਨ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੈ।

ਚੰਗੀ ਕਿਤਾਬ ਸਾਨੂੰ ਨਵੇਂ ਵਿਚਾਰਾਂ, ਸੱਭਿਆਚਾਰਾਂ, ਅਨੁਭਵਾਂ ਅਤੇ ਦ੍ਰਿਸ਼ਟੀਕੋਣਾਂ ਨਾਲ ਜਾਣੂ ਕਰਵਾਉਂਦੀ ਹੈ। ਇਹ ਕੁਦਰਤੀ ਢੰਗ ਨਾਲ ਸ਼ਬਦ-ਭੰਡਾਰ ਵਧਾਉਂਦੀ ਹੈ ਅਤੇ ਨਾਲ ਹੀ ਸਾਡੀ ਸੋਚ ਦੀ ਦੁਨੀਆ ਨੂੰ ਵੀ ਵਿਸ਼ਾਲ ਕਰਦੀ ਹੈ।

ਜਦੋਂ ਵਿਦਿਆਰਥੀ ਕਹਾਣੀਆਂ, ਜੀਵਨੀਆਂ, ਲੇਖ, ਵਿਗਿਆਨਕ ਸਮੱਗਰੀ, ਇਤਿਹਾਸ ਅਤੇ ਸਾਹਿਤ ਪੜ੍ਹਦੇ ਹਨ, ਤਾਂ ਉਹ ਵੱਖ-ਵੱਖ ਢੰਗਾਂ ਨਾਲ ਸੋਚਣਾ ਸਿੱਖਦੇ ਹਨ।

ਇਸ ਲਈ ਪੜ੍ਹਨ ਨੂੰ ਸਿਰਫ਼ ਪ੍ਰੀਖਿਆ ਦੀ ਤਿਆਰੀ ਦਾ ਸਾਧਨ ਨਹੀਂ ਸਮਝਣਾ ਚਾਹੀਦਾ।

ਜੋ ਬੱਚਾ ਵਿਆਪਕ ਪੜ੍ਹਦਾ ਹੈ, ਉਹ ਸਿਰਫ਼ ਵੱਧ ਸ਼ਬਦ ਨਹੀਂ ਸਿੱਖਦਾ; ਉਹ ਦੁਨੀਆ ਨੂੰ ਦੇਖਣ ਦੇ ਵੱਧ ਢੰਗ ਸਿੱਖਦਾ ਹੈ।

**ਲਿਖਣਾ ਵਿਚਾਰਾਂ ਨੂੰ ਢਾਂਚਾ ਦਿੰਦਾ ਹੈ**

ਲਿਖਣਾ ਭਾਸ਼ਾ ਅਤੇ ਵਿਚਾਰ ਦੇ ਮਿਲਾਪ ਦਾ ਸਭ ਤੋਂ ਸਪੱਸ਼ਟ ਰੂਪ ਹੈ।

ਜਦੋਂ ਅਸੀਂ ਲਿਖਦੇ ਹਾਂ, ਤਾਂ ਸਾਨੂੰ ਤੈਅ ਕਰਨਾ ਪੈਂਦਾ ਹੈ ਕਿ ਕੀ ਕਹਿਣਾ ਹੈ, ਵਿਚਾਰਾਂ ਨੂੰ ਕਿਸ ਕ੍ਰਮ ਵਿੱਚ ਰੱਖਣਾ ਹੈ ਅਤੇ ਕਿਹੜੇ ਸ਼ਬਦ ਸਾਡੇ ਅਰਥ ਨੂੰ ਸਭ ਤੋਂ ਵਧੀਆ ਢੰਗ ਨਾਲ ਪ੍ਰਗਟ ਕਰ ਸਕਦੇ ਹਨ। ਇਹ ਪ੍ਰਕਿਰਿਆ ਸੋਚ ਵਿੱਚ ਅਨੁਸ਼ਾਸਨ ਪੈਦਾ ਕਰਦੀ ਹੈ।

ਵਿਦਿਆਰਥੀਆਂ ਨੂੰ ਸਿਰਫ਼ ਨਿਰਧਾਰਤ ਪ੍ਰਸ਼ਨਾਂ ਦੇ ਉੱਤਰ ਲਿਖਣ ਤੱਕ ਸੀਮਿਤ ਨਹੀਂ ਕਰਨਾ ਚਾਹੀਦਾ।

ਉਨ੍ਹਾਂ ਨੂੰ ਡਾਇਰੀ ਲਿਖਣ, ਛੋਟੇ ਲੇਖ ਲਿਖਣ, ਆਪਣੇ ਨਿਰੀਖਣ ਦਰਜ ਕਰਨ, ਵਿਗਿਆਨਕ ਧਾਰਨਾਵਾਂ ਨੂੰ ਆਪਣੇ ਸ਼ਬਦਾਂ ਵਿੱਚ ਸਮਝਾਉਣ, ਕਹਾਣੀਆਂ ਲਿਖਣ ਅਤੇ ਸਮਾਜਿਕ ਮੁੱਦਿਆਂ ਉੱਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਮਕਸਦ ਹਰ ਵਾਰ ਸੰਪੂਰਨ ਵਿਆਕਰਨ ਨਹੀਂ ਹੋਣਾ ਚਾਹੀਦਾ। ਪਹਿਲਾ ਉਦੇਸ਼ ਸਪੱਸ਼ਟ ਅਤੇ ਸੁਤੰਤਰ ਸੋਚ ਵਿਕਸਿਤ ਕਰਨਾ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਵਿਆਕਰਨ ਉਸ ਵਿਚਾਰ ਨੂੰ ਹੋਰ ਸੁੰਦਰ ਅਤੇ ਸਹੀ ਬਣਾਉਣ ਦਾ ਸਾਧਨ ਬਣ ਸਕਦੀ ਹੈ।

**ਗਲਤੀਆਂ ਸਿੱਖਣ ਦਾ ਹਿੱਸਾ ਹਨ**

ਵਿਆਕਰਨਿਕ ਗਲਤੀਆਂ ਦੇ ਡਰ ਕਾਰਨ ਸੰਚਾਰ ਰੁਕਣਾ ਨਹੀਂ ਚਾਹੀਦਾ।

ਜਿਹੜੇ ਵਿਦਿਆਰਥੀ ਹਰ ਸਮੇਂ ਗਲਤੀ ਕਰਨ ਤੋਂ ਡਰਦੇ ਹਨ, ਉਹ ਬੋਲਣ ਤੋਂ ਝਿਜਕ ਸਕਦੇ ਹਨ। ਉਨ੍ਹਾਂ ਨੂੰ ਉੱਤਰ ਪਤਾ ਹੋਣ ਦੇ ਬਾਵਜੂਦ ਇਹ ਡਰ ਹੋ ਸਕਦਾ ਹੈ ਕਿ ਕਿਤੇ ਉਹ ਗਲਤ ਨਾ ਬੋਲ ਜਾਣ।

ਇੱਥੇ ਅਧਿਆਪਕ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਗਲਤੀਆਂ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ, ਪਰ ਇਸ ਤਰੀਕੇ ਨਾਲ ਨਹੀਂ ਕਿ ਵਿਦਿਆਰਥੀ ਦਾ ਆਤਮਵਿਸ਼ਵਾਸ ਹੀ ਖਤਮ ਹੋ ਜਾਵੇ। ਵਿਦਿਆਰਥੀ ਨੂੰ ਸਮਝਣਾ ਚਾਹੀਦਾ ਹੈ ਕਿ ਗਲਤੀਆਂ ਭਾਸ਼ਾ ਸਿੱਖਣ ਦੀ ਕੁਦਰਤੀ ਪ੍ਰਕਿਰਿਆ ਦਾ ਹਿੱਸਾ ਹਨ।

ਕਲਾਸਰੂਮ ਅਜਿਹੀ ਥਾਂ ਹੋਣੀ ਚਾਹੀਦੀ ਹੈ ਜਿੱਥੇ ਵਿਦਿਆਰਥੀ ਕੋਸ਼ਿਸ਼ ਕਰ ਸਕਣ, ਗਲਤੀ ਕਰ ਸਕਣ, ਮਾਰਗਦਰਸ਼ਨ ਪ੍ਰਾਪਤ ਕਰ ਸਕਣ ਅਤੇ ਦੁਬਾਰਾ ਕੋਸ਼ਿਸ਼ ਕਰ ਸਕਣ।



**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

ਆਤਮਵਿਸ਼ਵਾਸ ਸੰਚਾਰ ਨੂੰ ਜਨਮ ਦਿੰਦਾ ਹੈ; ਸੰਚਾਰ ਅਭਿਆਸ ਪੈਦਾ ਕਰਦਾ ਹੈ; ਅਤੇ ਅਭਿਆਸ ਸ਼ੁੱਧਤਾ ਨੂੰ ਬਿਹਤਰ ਬਣਾਉਂਦਾ ਹੈ।

**ਤਕਨਾਲੋਜੀ ਅਤੇ ਭਾਸ਼ਾ ਦਾ ਬਦਲਦਾ ਰੂਪ**

ਡਿਜੀਟਲ ਸੰਚਾਰ ਭਾਸ਼ਾ ਦੀ ਵਰਤੋਂ ਨੂੰ ਬਦਲ ਰਿਹਾ ਹੈ। ਇਮੋਜੀ, ਸੰਖੇਪ ਸ਼ਬਦ, ਵੌਇਸ ਮੈਸੇਜ, ਕ੍ਰਿਤ੍ਰਿਮ ਬੁੱਧੀ ਅਤੇ ਸੋਸ਼ਲ ਮੀਡੀਆ ਨੇ ਪ੍ਰਗਟਾਵੇ ਦੇ ਨਵੇਂ ਰੂਪ ਪੈਦਾ ਕੀਤੇ ਹਨ। ਮਨੁੱਖੀ ਸੰਚਾਰ ਦੇ ਬਦਲਣ ਨਾਲ ਭਾਸ਼ਾ ਵੀ ਲਗਾਤਾਰ ਬਦਲ ਰਹੀ ਹੈ।

ਇਸ ਦਾ ਅਰਥ ਇਹ ਨਹੀਂ ਕਿ ਵਿਆਕਰਨ ਦੀ ਮਹੱਤਤਾ ਘੱਟ ਹੋ ਗਈ ਹੈ। ਇਸ ਦੀ ਬਜਾਏ ਭਾਸ਼ਾ ਪ੍ਰਤੀ ਜਾਗਰੂਕਤਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ। ਵਿਦਿਆਰਥੀਆਂ ਨੂੰ ਸਮਝਣਾ ਚਾਹੀਦਾ ਹੈ ਕਿ ਵੱਖ-ਵੱਖ ਸੰਦਰਭਾਂ ਲਈ ਭਾਸ਼ਾ ਦੇ ਵੱਖ-ਵੱਖ ਰੂਪ ਲੋੜੀਂਦੇ ਹਨ। ਦੋਸਤ ਨੂੰ ਭੇਜਿਆ ਜਾਣ ਵਾਲਾ ਸੁਨੇਹਾ, ਵਿਗਿਆਨਕ ਰਿਪੋਰਟ, ਨੌਕਰੀ ਲਈ ਅਰਜ਼ੀ ਅਤੇ ਰਸਮੀ ਭਾਸ਼ਣ ਇੱਕੋ ਢੰਗ ਨਾਲ ਨਹੀਂ ਲਿਖੇ ਜਾ ਸਕਦੇ।

ਇਸ ਲਈ ਭਾਸ਼ਾ ਸਿੱਖਿਆ ਨੂੰ ਸਿਰਫ਼ ਸ਼ੁੱਧਤਾ ਹੀ ਨਹੀਂ, ਸਗੋਂ ਸੰਦਰਭ ਅਨੁਸਾਰ ਢਲਣ ਦੀ ਸਮਰੱਥਾ ਵੀ ਸਿਖਾਉਣੀ ਚਾਹੀਦੀ ਹੈ।

**ਅਧਿਆਪਕ ਦੀ ਭੂਮਿਕਾ**

ਭਾਸ਼ਾ ਅਧਿਆਪਕ ਸਿਰਫ਼ ਵਿਆਕਰਨਿਕ ਗਲਤੀਆਂ ਲੱਭਣ ਵਾਲਾ ਵਿਅਕਤੀ ਨਹੀਂ ਹੁੰਦਾ।

ਇੱਕ ਚੰਗਾ ਅਧਿਆਪਕ ਵਿਦਿਆਰਥੀਆਂ ਨੂੰ ਸ਼ਬਦਾਂ ਦੀ ਤਾਕਤ ਦੀ ਖੋਜ ਕਰਨ ਵਿੱਚ ਮਦਦ ਕਰਦਾ ਹੈ।

ਅਧਿਆਪਕ ਸਵਾਲਾਂ, ਵਿਚਾਰ-ਵਟਾਂਦਰੇ, ਬਹਿਸਾਂ, ਕਹਾਣੀ-ਕਥਨ, ਪੇਸ਼ਕਾਰੀਆਂ, ਰਚਨਾਤਮਕ ਲਿਖਤ ਅਤੇ ਪੜ੍ਹਨ ਨੂੰ ਉਤਸ਼ਾਹਿਤ ਕਰ ਸਕਦੇ ਹਨ। ਉਹ ਵਿਦਿਆਰਥੀਆਂ ਨੂੰ ਪਾਠ-ਪੁਸਤਕ ਦੀਆਂ ਲਾਈਨਾਂ ਦੁਹਰਾਉਣ ਦੀ ਬਜਾਏ ਆਪਣੇ ਸ਼ਬਦਾਂ ਵਿੱਚ ਵਿਚਾਰ ਸਮਝਾਉਣ ਲਈ ਕਹਿ ਸਕਦੇ ਹਨ।

ਜਦੋਂ ਵਿਦਿਆਰਥੀ ਭਾਸ਼ਾ ਦੀ ਵਰਤੋਂ ਆਪਣੇ ਮੌਲਿਕ ਵਿਚਾਰ ਪ੍ਰਗਟ ਕਰਨ ਲਈ ਕਰਨ ਲੱਗਦੇ ਹਨ, ਤਾਂ ਭਾਸ਼ਾ ਸਿੱਖਣਾ ਹੋਰ ਅਰਥਪੂਰਨ ਬਣ ਜਾਂਦਾ ਹੈ।

ਅਧਿਆਪਕ ਦਾ ਕੰਮ ਵਿਦਿਆਰਥੀ ਨੂੰ 'ਸਹੀ ਉੱਤਰ ਕੀ ਹੈ?' ਤੋਂ ਅੱਗੇ ਲੈ ਕੇ 'ਮੈਂ ਕੀ ਸੋਚਦਾ ਹਾਂ ਅਤੇ ਇਸ ਨੂੰ ਸਪੱਸ਼ਟ ਢੰਗ ਨਾਲ ਕਿਵੇਂ ਪ੍ਰਗਟ ਕਰ ਸਕਦਾ ਹਾਂ?' ਤੱਕ ਪਹੁੰਚਾਉਣਾ ਹੈ।

**ਭਾਸ਼ਾ ਅਤੇ ਮਨੁੱਖੀ ਸੰਬੰਧ**

ਅੰਤ ਵਿੱਚ ਭਾਸ਼ਾ ਮਨੁੱਖਾਂ ਲਈ ਹੈ।

ਅਸੀਂ ਸ਼ਬਦਾਂ ਦੀ ਵਰਤੋਂ ਗਿਆਨ ਸਾਂਝਾ ਕਰਨ, ਪਿਆਰ ਪ੍ਰਗਟ ਕਰਨ, ਅਸਹਿਮਤੀ ਦੂਰ ਕਰਨ, ਦੂਜਿਆਂ ਨੂੰ ਹੌਂਸਲਾ ਦੇਣ, ਪ੍ਰੇਰਿਤ ਕਰਨ ਅਤੇ ਰਿਸ਼ਤੇ ਬਣਾਉਣ ਲਈ ਕਰਦੇ ਹਾਂ। ਇੱਕ ਵਿਆਕਰਨਿਕ ਤੌਰ 'ਤੇ ਸੰਪੂਰਨ ਵਾਕ ਵੀ ਖਾਲੀ ਮਹਿਸੂਸ ਹੋ ਸਕਦਾ ਹੈ ਜੇ ਉਸ ਵਿੱਚ ਸਮਝ ਅਤੇ ਸੰਵੇਦਨਾ ਨਾ ਹੋਵੇ।

ਸੰਚਾਰ ਉਦੋਂ ਸ਼ਕਤੀਸ਼ਾਲੀ ਬਣਦਾ ਹੈ ਜਦੋਂ ਭਾਸ਼ਾ ਦੇ ਪਿੱਛੇ ਮਨੁੱਖੀ ਭਾਵਨਾ ਅਤੇ ਉਦੇਸ਼ ਹੁੰਦਾ ਹੈ।

ਇੱਕ ਡਾਕਟਰ ਮਰੀਜ਼ ਨੂੰ ਸਮਝਾਉਂਦਾ ਹੈ, ਇੱਕ ਅਧਿਆਪਕ ਵਿਦਿਆਰਥੀ ਨੂੰ ਉਤਸ਼ਾਹਿਤ ਕਰਦਾ ਹੈ, ਇੱਕ ਮਾਪੇ ਬੱਚੇ ਨੂੰ ਸਲਾਹ ਦਿੰਦੇ ਹਨ ਜਾਂ ਕੋਈ ਆਗੂ ਲੋਕਾਂ ਨੂੰ ਸੰਬੋਧਨ ਕਰਦਾ ਹੈ—ਇਨ੍ਹਾਂ ਸਾਰਿਆਂ ਵਿੱਚ ਸ਼ਬਦ ਆਮ ਹੋ ਸਕਦੇ ਹਨ, ਪਰ ਉਨ੍ਹਾਂ ਨੂੰ ਅਰਥਪੂਰਨ ਬਣਾਉਂਦੀ ਹੈ ਉਨ੍ਹਾਂ ਦੇ ਪਿੱਛੇ ਦੀ ਸੋਚ, ਇਮਾਨਦਾਰੀ ਅਤੇ ਮਕਸਦ।

ਸਿੱਖਿਆ ਨੂੰ ਵਿਆਕਰਨ ਤੋਂ ਅੱਗੇ ਜਾਣਾ ਹੋਵੇਗਾ

ਸਕੂਲਾਂ ਵਿੱਚ ਵਿਆਕਰਨ ਜ਼ਰੂਰ ਸਿਖਾਈ ਜਾਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਭਾਸ਼ਾਈ ਸ਼ੁੱਧਤਾ, ਅਨੁਸ਼ਾਸਨ ਅਤੇ ਸਪੱਸ਼ਟਤਾ ਦੀ ਲੋੜ ਹੈ।

ਪਰ ਸਿੱਖਿਆ ਇੱਥੇ ਖਤਮ ਨਹੀਂ ਹੋਣੀ ਚਾਹੀਦੀ। ਵਿਦਿਆਰਥੀਆਂ ਨੂੰ ਇਹ ਵੀ ਸਿਖਾਉਣਾ ਚਾਹੀਦਾ ਹੈ ਕਿ ਉਹ:

- ਸੁਤੰਤਰ ਤੌਰ 'ਤੇ ਸੋਚਣ;
- ਆਪਣੇ ਵਿਚਾਰ ਸਪੱਸ਼ਟ ਢੰਗ ਨਾਲ ਪ੍ਰਗਟ ਕਰਨ;
- ਧਿਆਨ ਨਾਲ ਸੁਣਨ;
- ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਮਝਣ;
- ਜਾਣਕਾਰੀ ਉੱਤੇ ਸਵਾਲ ਕਰਨ;
- ਸੰਵੇਦਨਸ਼ੀਲਤਾ ਨਾਲ ਸੰਚਾਰ ਕਰਨ;
- ਰਚਨਾਤਮਕ ਲਿਖਣ;
- ਆਤਮਵਿਸ਼ਵਾਸ ਨਾਲ ਬੋਲਣ; ਅਤੇ
- ਸੰਦਰਭ ਅਨੁਸਾਰ ਭਾਸ਼ਾ ਦੀ ਵਰਤੋਂ ਕਰਨ।

ਇਹ ਸਮਰੱਥਾਵਾਂ ਸਿਰਫ਼ ਪ੍ਰੀਖਿਆਵਾਂ ਲਈ ਨਹੀਂ, ਸਗੋਂ ਕਰੀਅਰ, ਰਿਸ਼ਤਿਆਂ, ਨੇਤ੍ਰਿਤਵ ਅਤੇ ਜੀਵਨ ਭਰ ਸਿੱਖਣ ਲਈ ਮਹੱਤਵਪੂਰਨ ਹਨ।

**ਨਿਸ਼ਕਰਸ਼**

ਵਿਆਕਰਨ ਭਾਸ਼ਾ ਨੂੰ ਢਾਂਚਾ ਦਿੰਦੀ ਹੈ, ਪਰ ਵਿਚਾਰ ਭਾਸ਼ਾ ਨੂੰ ਉਦੇਸ਼ ਦਿੰਦਾ ਹੈ।

ਵਿਆਕਰਨਿਕ ਤੌਰ 'ਤੇ ਸਹੀ ਵਾਕ ਤਕਨੀਕੀ ਤੌਰ 'ਤੇ ਸੰਪੂਰਨ ਹੋ ਸਕਦਾ ਹੈ, ਪਰ ਇੱਕ ਸਧਾਰਨ ਵਾਕ ਜੋ ਮੌਲਿਕ ਅਤੇ ਅਰਥਪੂਰਨ ਵਿਚਾਰ ਪ੍ਰਗਟ ਕਰਦਾ ਹੈ, ਉਸ ਦਾ ਪ੍ਰਭਾਵ ਕਿਤੇ ਵੱਧ ਹੋ ਸਕਦਾ ਹੈ।

ਇਸ ਲਈ ਭਾਸ਼ਾ ਸਿੱਖਿਆ ਦਾ ਉਦੇਸ਼ ਅਜਿਹੇ ਲੋਕ ਤਿਆਰ ਕਰਨਾ ਹੋਣਾ ਚਾਹੀਦਾ ਹੈ ਜੋ ਸਿਰਫ਼ ਭਾਸ਼ਾ ਦੇ ਨਿਯਮ ਜਾਣਦੇ ਹੀ ਨਾ ਹੋਣ, ਸਗੋਂ ਭਾਸ਼ਾ ਦੀ ਵਰਤੋਂ ਕਰਕੇ ਦੁਨੀਆ ਨੂੰ ਸਮਝ ਸਕਣ ਅਤੇ ਆਪਣੇ ਆਪ ਨੂੰ ਦੂਜਿਆਂ ਤੱਕ ਸਪੱਸ਼ਟ ਢੰਗ ਨਾਲ ਪਹੁੰਚਾ ਸਕਣ।

ਸ਼ਬਦ ਉਦੋਂ ਸ਼ਕਤੀਸ਼ਾਲੀ ਬਣਦੇ ਹਨ ਜਦੋਂ ਉਹ ਵਿਚਾਰਾਂ ਨੂੰ ਆਪਣੇ ਨਾਲ ਲੈ ਕੇ ਚਲਦੇ ਹਨ। ਭਾਸ਼ਾ ਉਦੋਂ ਅਰਥਪੂਰਨ ਬਣਦੀ ਹੈ ਜਦੋਂ ਉਹ ਇੱਕ ਮਨ ਨੂੰ ਦੂਜੇ ਮਨ ਨਾਲ ਜੋੜਦੀ ਹੈ।

ਵਿਆਕਰਨ ਤੋਂ ਪਰੇ ਵਿਚਾਰਾਂ, ਕਲਪਨਾ, ਭਾਵਨਾਵਾਂ ਅਤੇ ਮਨੁੱਖੀ ਸਮਝ ਦੀ ਇੱਕ ਵਿਸ਼ਾਲ ਦੁਨੀਆ ਹੈ। ਅਸਲ ਸੰਚਾਰ ਦੀ ਸ਼ੁਰੂਆਤ ਉੱਥੋਂ ਹੁੰਦੀ ਹੈ।

Dosanjh Family

AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD